



ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ
(ਦੇਖੋ ਸਫਾ 6 'ਤੇ)


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE -18
August 9, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਭਾਰਤ ਦੇ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।
**ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਦੇਖੋ ਸਫਾ 28 'ਤੇ।**

## ਲੋਕ ਸਭਾ ਵਿਚ ਮੋਦੀ ਸਰਕਾਰ ਵਿਰੁੱਧ ਬੇਭਰੋਸਗੀ ਮਤੇ ਤੇ ਗਰਮਾ ਗਰਮ ਬਹਿਸ

**ਨਵੀਂ ਦਿੱਲੀ (ਬਿਊਰੋ)–** ਲੋਕ ਸਭਾ ਦੇ ਮੌਨਸੂਨ ਸੈਸ਼ਨ ਵਿਚ ਮੋਦੀ ਸਰਕਾਰ ਦੇ ਖਿਲਾਫ ਲਿਆਂਦੇ ਬੇਭਰੋਸਗੀ ਮਤੇ ਤੇ ਗਰਮਾ ਗਰਮ ਬਹਿਸ ਜਾਰੀ ਹੈ। ਵਿਰੋਧੀ ਧਿਰ ਲਗਾਤਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਨੀਪੁਰ ਨੂੰ ਲੈ ਕੇ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਕਾਂਗਰਸ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁੱਛਿਆ ਕਿ ਉਹ ਮਨੀਪੁਰ 'ਤੇ ਕਦੋਂ ਕਾਰਵਾਈ ਕਰਨਗੇ, ਜਦੋਂਕਿ ਕਾਂਗਰਸ ਨੇ ਦੋਸ਼ ਲਗਾਇਆ ਕਿ ਸੂਬੇ ਤੇ ਕੇਂਦਰ 'ਚ ਭਾਜਪਾ ਸਰਕਾਰ ਦੌਰਾਨ ਅਵਿਸ਼ਵਾਸ ਵੱਧ ਰਿਹਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਮਨੀਪੁਰ ਪੁਲਿਸ ਵੱਲੋਂ ਅਸਾਮ ਰਾਈਫਲਜ਼ ਖ਼ਿਲਾਫ਼ ਐੱਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਮਨੀਪੁਰ ਨੂੰ ਸੰਵਿਧਾਨਕ ਮਸ਼ੀਨਰੀ ਦੇ ਟੁੱਟਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਐੱਫਆਈਆਰ ਮਨੀਪੁਰ ਪੁਲਿਸ ਵੱਲੋਂ ਅਸਾਮ ਰਾਈਫਲਜ਼ ਖ਼ਿਲਾਫ਼ ਦਰਜ ਕੀਤੀ ਗਈ ਹੈ। ਇੱਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਵਿਰੋਧੀ ਧਿਰ 'ਇੰਡੀਆ' ਬਲਾਕ ਖ਼ੁਦ ਬੇਭਰੋਸਗੀ ਨਾਲ ਭਰਿਆ ਹੋਇਆ ਹੈ ਅਤੇ ਆਪਣੇ ਮੈਂਬਰਾਂ ਦਾ ਇੱਕ-ਦੂਜੇ ਪ੍ਰਤੀ ਭਰੋਸਾ ਪਰਖਣ ਲਈ





ਉਨ੍ਹਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਂਦਾ। ਇੱਥੇ ਭਾਰਤੀ ਜਨਤਾ ਪਾਰਟੀ ਦੇ ਸੰਸਦੀ ਦਲ ਦੀ ਬੰਦ ਕਮਰਾ ਮੀਟਿੰਗ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵਿਰੋਧੀ ਗੱਠਜੋੜ ਨੂੰ 'ਘਮੰਡੀਆ' ਕਰਾਰ ਦਿੱਤਾ ਅਤੇ ਦਿੱਲੀ ਸੇਵਾਵਾਂ ਬਿੱਲ 'ਤੇ ਵੋਟਿੰਗ ਦੌਰਾਨ ਸੈਮੀ-ਫਾਈਨਲ ਜਿੱਤ ਲਈ ਪਾਰਟੀ ਦੇ ਰਾਜ ਸਭਾ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ।

ਇਸ ਦੌਰਾਨ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਪ੍ਰਧਾਨ ਮੰਤਰੀ ਵੱਲੋਂ ਆਖੀ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਇਸ ਗੱਲ ਤੋਂ ਜਾਗਰੂਕ ਸੀ ਕਿ ਸਰਕਾਰ ਕੋਲ ਮਜ਼ਬੂਤ ਬਹੁਮਤ ਹੈ, ਪਰ ਉਹ ਸਿਰਫ਼ ਆਪਣੇ ਮੈਂਬਰਾਂ ਦਾ ਭਰੋਸਾ ਪਰਖਣ ਲਈ ਬੇਭਰੋਸਗੀ ਮਤਾ ਲੈ ਆਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਜ ਸਭਾ ਵਿਚ ਦਿੱਲੀ ਸੇਵਾਵਾਂ ਬਿੱਲ 'ਤੇ ਵੋਟਿੰਗ ਦੌਰਾਨ ਸਰਕਾਰ ਨੂੰ ਆਸ ਨਾਲੋਂ ਵੱਧ ਵੋਟਾਂ ਪਈਆਂ ਕਿਉਂਕਿ ਇਹ ਬਿੱਲ ਸੰਵਿਧਾਨ ਮੁਤਾਬਕ ਬਣਿਆ ਹੈ। ਸ੍ਰੀ ਮੋਦੀ ਨੇ ਕਿਹਾ ਕਿ ਮੋਦੀ ਸਰਕਾਰ ਦਾ ਮੌਜੂਦਾ ਸਮੇਂ ਦੂਜਾ ਕਾਰਜਕਾਲ ਚੱਲ ਰਿਹਾ ਹੈ। ਹੁਣ 'ਇੰਡੀਆ' ਬਲਾਕ ਵੱਲੋਂ ਇਸ ਨੂੰ ਤੀਜੇ ਕਾਰਜਕਾਲ ਲਈ ਸੱਤਾ 'ਚ ਆਉਣ ਤੋਂ ਰੋਕਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਆਪਣੇ ਸੰਸਦ ਮੈਂਬਰਾਂ ਨੂੰ ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਖੀਰਲੀ ਗੇਂਦ 'ਤੇ ਵੀ ਛੱਕੇ ਜੜਨ ਲਈ ਕਿਹਾ।

## ਮਨੀਪੁਰ ਹਿੰਸਾ, ਈਸਾਈ ਭਾਈਚਾਰੇ ਵੱਲੋਂ ਸੰਯੁਕਤ ਰਾਸ਼ਟਰ ਅੱਗੇ ਰੋਸ ਪ੍ਰਦਰਸ਼ਨ



(ਖਬਰ ਦੇਖੋ ਸਫਾ 4 'ਤੇ)

## ਮਨੀਪੁਰ ਹਿੰਸਾ ਦੇ ਵਿਰੋਧ 'ਚ ਪੰਜਾਬ ਰਿਹਾ ਬੰਦ

**ਜਲੰਧਰ (ਬਿਊਰੋ)–** ਮਨੀਪੁਰ ਵਿੱਚ ਵਾਪਰੀ ਘਟਨਾ ਦੇ ਵਿਰੋਧ ਵਿੱਚ ਬੁੱਧਵਾਰ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦਾ ਸ਼ਹਿਰ ਵਿੱਚ ਪੂਰਾ ਅਸਰ ਦੇਖਣ ਨੂੰ ਮਿਲਿਆ। ਕੁਝ ਦੁਕਾਨਾਂ ਨੂੰ ਛੱਡ ਕੇ ਸਾਰਾ ਬਾਜ਼ਾਰ ਬੰਦ ਨਜ਼ਰ ਆਇਆ। ਮਨੀਪੁਰ ਵਿੱਚ ਵਾਪਰੀ ਇਸ ਘਟਨਾ ਦੇ ਵਿਰੋਧ ਵਿੱਚ ਦੁਕਾਨਦਾਰ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਪ੍ਰਦਰਸ਼ਨ ਕਰ ਰਹੇ ਸਨ। ਭਾਵੇਂ ਮੁੱਖ ਰੂਟਾਂ 'ਤੇ ਬੱਸਾਂ ਦੀ ਆਵਾਜਾਈ ਜਾਰੀ ਹੈ ਪਰ ਪੇਂਡੂ





ਖੇਤਰ ਵੱਲ ਜਾਣ ਵਾਲੀਆਂ ਬੱਸਾਂ ਦੀ ਆਵਾਜਾਈ ਵੀ ਪੂਰੀ ਤਰ੍ਹਾਂ ਜਾਮ ਹੈ।

ਇਸਾਈ ਭਾਈਚਾਰੇ ਨਾਲ ਸਬੰਧਤ ਆਗੂਆਂ ਦਾ ਕਹਿਣਾ ਹੈ ਕਿ ਮਨੀਪੁਰ ਵਿੱਚ ਔਰਤਾਂ ਖ਼ਿਲਾਫ਼ ਹੋ ਰਹੀ ਭਿਆਨਕ ਹਿੰਸਾ ਨਿੰਦਣਯੋਗ ਹੈ। ਇਸ ਘਟਨਾ 'ਤੇ ਪ੍ਰਧਾਨ ਮੰਤਰੀ ਦੀ ਚੁੱਪੀ ਅਤੇ ਅਕਿਰਿਆਸ਼ੀਲਤਾ ਨੇ ਮਨੀਪੁਰ ਨੂੰ ਅਰਾਜਕਤਾ ਵੱਲ ਧੱਕ ਦਿੱਤਾ ਹੈ। ਹੁਣ ਤੱਕ ਪ੍ਰਧਾਨ ਮੰਤਰੀ ਅਤੇ ਕੇਂਦਰ ਸਰਕਾਰ ਨੇ ਉਕਤ ਘਟਨਾ 'ਤੇ ਚੁੱਪ ਧਾਰੀ ਰੱਖੀ ਹੈ ਜੋ ਕਿ ਸ਼ਰਮਨਾਕ ਗੱਲ ਹੈ।

## ਹਿਮਾਚਲ ਪ੍ਰਦੇਸ ਵਿਚ ਐਸ. ਸੀ. ਐਸ. ਟੀ. ਵਿਕਾਸ ਪ੍ਰੋਗਰਾਮ ਦੇ ਲਈ ਐਕਟ ਬਣਾਉਣ ਦੀ ਮੰਗ



ਸ੍ਰੀ ਪਾਮਸ ਭੱਟੀ ਸੰਬੋਧਨ ਕਰਦੇ ਹੋਏ
(ਬਾਕੀ ਸਫਾ 13 'ਤੇ)


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਅਗਸਤ 27, 2023**

ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਸ੍ਰੀ ਇੰਦਰਪਾਲ ਸਿੰਘ ਜੀ ਦੇ ਪਰਿਵਾਰ ਵੱਲੋਂ ਕਰਵਾਈ ਜਾਵੇਗੀ।

**ਸਤੰਬਰ 8-9-10, 2023**

ਸ੍ਰੀ ਅਖੰਡ ਪਾਠ ਸਾਹਿਬ ਜੀ 8 ਸਤੰਬਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ 10 ਸਤੰਬਰ, 2023 ਦਿਨ ਐਤਵਾਰ ਨੂੰ ਪਾਏ ਜਾਣਗੇ।
ਪਾਠ ਦੀ ਸੇਵਾ ਕੁਲਦੀਪ ਸਿੰਘ ਸੈਣੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ ਜੀ।

**Sangat Sewadars** www.sriguruavidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਰਾਸ਼ਟਰਪਤੀ ਚੋਣਾਂ 'ਚ ਬਾਈਡਨ ਤੇ ਟਰੰਪ ਵਿਚਾਲੇ ਹੋਵੇਗੀ ਬਰਾਬਰ ਦੀ ਟੱਕਰ



**ਨਿਊਯਾਰਕ–** ਅਮਰੀਕਾ ਵਿਚ 2024 ਦੀ ਰਾਸ਼ਟਰਪਤੀ ਅਹੁਦੇ ਦੀ ਚੋਣ ਨੂੰ ਲੈਕੇ ਸਿਆਸਤ ਜ਼ੋਰਾਂ 'ਤੇ ਹੈ। ਇਕ ਸਰਵੇਖਣ ਅਨੁਸਾਰ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਇਕ ਸਾਲ ਪਹਿਲਾਂ ਦੇ ਮੁਕਾਬਲੇ 2024 ਦੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਮਜ਼ਬੂਤੀ ਨਾਲ ਅੱਗੇ ਵਧ ਰਹੇ ਹਨ। ਉਨ੍ਹਾਂ ਦੀ ਪ੍ਰਵਾਨਗੀ ਰੇਟਿੰਗ ਉੱਪਰ ਵੱਲ ਵਧ ਰਹੀ ਹੈ। ਅਜਿਹਾ ਲੱਗਦਾ ਹੈ ਕਿ ਬਾਈਡਨ ਉਸ ਰਾਜਨੀਤਕ ਖ਼ਤਰੇ 'ਚੋਂ ਨਿਕਲ ਆਏ ਹਨ, ਜਿਸ ਦਾ ਪਰਛਾਵਾਂ ਪਿਛਲੇ ਸਾਲ ਉਨ੍ਹਾਂ 'ਤੇ ਸੀ, ਜਦੋਂ ਉਨ੍ਹਾਂ ਦੀ ਪਾਰਟੀ ਦੇ ਲਗਭਗ ਦੋ–ਤਿਹਾਈ ਲੋਕ ਰਾਸ਼ਟਰਪਤੀ ਅਹੁਦੇ ਲਈ ਇਕ ਵੱਖਰਾ ਉਮੀਦਵਾਰ ਚਾਹੁੰਦੇ ਸਨ। ਹੁਣ ਡੈਮੋਕ੍ਰੇਟਸ ਨੇ ਮੋਟੇ ਤੌਰ 'ਤੇ ਉਨ੍ਹਾਂ ਨੂੰ ਆਪਣੇ ਝੰਡਾ ਬਰਦਾਰ ਦੇ ਰੂਪ 'ਚ ਸਵੀਕਾਰ ਕਰ ਲਿਆ ਹੈ।

ਡੈਮੋਕ੍ਰੇਟਸ ਲਈ ਸਭ ਤੋਂ ਚਿੰਤਾ ਦੀ ਗੱਲ ਇਹ ਹੈ ਕਿ ਸਰਵੇਖਣ 'ਚ ਬਾਈਡਨ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਜ਼ਬਰਦਸਤ ਟੱਕਰ 'ਚ ਪਾਇਆ ਗਿਆ ਹੈ, ਜਿਨ੍ਹਾਂ ਨੇ ਸੰਭਾਵੀ ਰਿਪਬਲੀਕਨ ਪ੍ਰਾਇਮਰੀ ਵੋਟਰਾਂ 'ਚ ਇਕ ਮਜ਼ਬੂਤ ਵਾਧਾ ਹਾਸਲ ਕੀਤਾ ਭਾਵੇਂ ਉਹ 2 ਅਪਰਾਧਿਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹੋਣ। ਸਰਵੇਖਣ ਅਨੁਸਾਰ 2024 'ਚ ਇਕ ਕਾਲਪਨਿਕ ਵੋਟਿੰਗ 'ਚ ਬਾਈਡਨ ਅਤੇ ਟਰੰਪ 43 ਫ਼ੀਸਦੀ 'ਤੇ ਬਰਾਬਰ 'ਤੇ ਰਹੇ। ਟਰੰਪ ਪ੍ਰਤੀ ਵੋਟਰਾਂ ਦੇ ਡਰ ਅਤੇ ਨਾਪਸੰਦੀ ਦੀਆਂ ਭਾਵਨਾਵਾਂ ਤੋਂ ਬਾਈਡਨ ਉਤਸ਼ਾਹਤ ਹਨ। ਚੋਣਾਂ ਤੋਂ ਇਕ ਸਾਲ ਪਹਿਲਾਂ ਸਰਵੇਖਣ 'ਚ ਸ਼ਾਮਲ ਲੋਕਾਂ 'ਚੋਂ 16 ਫ਼ੀਸਦੀ ਨੇ ਬਾਈਡਨ ਅਤੇ ਟਰੰਪ ਦੋਵਾਂ ਪ੍ਰਤੀ ਵਿਰੋਧ ਵਿਚਾਰ ਰੱਖੇ ਸਨ।

# ਸਟੋਰ ਵਿਚ ਇਕ ਭਾਰਤੀ ਸਮੇਤ ਦੋ ਵਰਕਰਾਂ ਵੱਲੋਂ ਚੋਰ ਨੂੰ ਲੰਮਾ ਪਾ ਕੇ ਕੁੱਟਣ ਦੇ ਮਾਮਲੇ ਦੀ ਹੋਵੇਗੀ ਜਾਂਚ-ਪੁਲਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਇਕ ਸਟੋਰ ਵਿਚ ਇਕ ਸਿੱਖ ਵਰਕਰ ਸਮੇਤ 2 ਵਰਕਰਾਂ ਵੱਲੋਂ ਸ਼ੱਕੀ ਚੋਰ ਨੂੰ ਲੰਮਾ ਪਾ ਕੇ ਕੁੱਟਣ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾਵੇਗੀ। ਸਟਾਕਟਨ ਪੁਲਿਸ ਨੇ ਕਿਹਾ ਹੈ



ਕਿ ਉਹ 7–ਈਲੈਵਨ ਸਟੋਰ ਵਿਚ ਹੋਈ ਚੋਰੀ ਤੇ ਸ਼ੱਕੀ ਚੋਰ ਦੀ ਕੁੱਟਮਾਰ ਦੀ ਘਟਨਾ ਦੀ ਜਾਂਚ ਕਰ ਰਹੀ ਹੈ। ਦਰਅਸਲ ਚੋਰ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਦਖਲ ਦਿੱਤਾ ਹੈ। 7–ਈਲੈਵਨ ਵਿਚ ਵਾਪਰੀ ਘਟਨਾ ਅਨੁਸਾਰ ਇਕ ਵਿਅਕਤੀ ਨੇ ਸੋਟਰ ਵਿਚੋਂ ਕੁਝ ਵਸਤਾਂ ਚੁੱਕ ਲਈਆਂ । ਜਦੋਂ ਉਹ ਸਟੋਰ ਵਿਚੋਂ ਬਾਹਰ ਜਾਣ ਲੱਗਾ ਤਾਂ ਵਰਕਰਾਂ ਨੇ ਉਸ ਨੂੰ ਰੋਕਣ ਦਾ ਯਤਨ ਕੀਤਾ ਤਾਂ ਉਸ ਨੇ ਚਾਕੂ ਨਾਲ ਉਨਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਸਟੋਰ ਦੇ ਇਕ ਵਰਕਰ ਨੇ ਹੌਸਲਾ ਕਰਕੇ ਉਸ ਨੂੰ ਜਫਾ ਮਾਰ ਲਿਆ ਜਦ ਕਿ ਇਕ ਹੋਰ ਵਰਕਰ ਜੋ ਸਿੱਖ ਹੈ, ਨੇ ਡੰਡੇ ਨਾਲ ਉਸ ਨੂੰ ਕੁੱਟਣਾ ਸ਼ੁਰੂ ਕਰ ਦਿਤਾ। ਉਹ ਚੋਰ ਵੱਲੋਂ ਮੁਆਫੀ ਮੰਗੇ ਜਾਣ ਤੱਕ ਉਸ ਨੂੰ ਕੁੱਟਦਾ ਰਿਹਾ। ਪੁਲਿਸ ਨੇ ਕਿਹਾ ਹੈ ਕਿ ਉਹ ਵੀਡੀਓ ਦੀ ਜਾਂਚ ਕਰ ਰਹੀ ਤੇ ਜਾਂਚ ਮੁਕੰਮਲ ਹੋਣ 'ਤੇ ਰਿਪੋਰਟ ਸੈਨ ਜੋਆਕੁਇਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਹਵਾਲੇ ਕਰ ਦੇਵੇਗੀ।

# ਅਮਰੀਕਾ ਦੀਆਂ 5 ਕਾਊਂਟੀਆਂ ਵਿਚ ਗਰਮੀ ਕਾਰਨ ਹੋਈਆਂ 147 ਮੌਤਾਂ, ਮੌਤਾਂ ਵਧਣ ਦਾ ਖਦਸ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੈ ਰਹੀ ਅੱਤ ਦੀ ਗਰਮੀ ਕਾਰਨ ਅਮਰੀਕਾ ਦੀਆਂ 5 ਕਾਊਂਟੀਆਂ ਵਿਚ ਘੱਟੋ ਘੱਟ 147 ਲੋਕਾਂ ਦੇ ਦਮ ਤੋੜ ਜਾਣ ਦੀ ਖਬਰ ਹੈ। ਮੈਡੀਕਲ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਮੌਤਾਂ ਇਸ ਤੋਂ ਵਧ ਹੋਈਆਂ ਹਨ। ਕੈਲੀਫੋਰਨੀਆ ਦੇ ਦੱਖਣੀ ਤੇ ਮੱਧ ਪੱਛਮੀ ਹਿੱਸੇ ਵਿਚ ਵੀ ਗਰਮੀ ਨਾਲ ਮੌਤਾਂ ਹੋਣ ਦੀ ਰਿਪੋਰਟ ਹੈ ਪਰੰਤੂ ਇਥੇ ਹੋਈਆਂ ਮੌਤਾਂ ਦੀ ਗਿਣਤੀ 5 ਕਾਊਂਟੀਆਂ ਵਿਚ ਹੋਈਆਂ ਮੌਤਾਂ ਨਾਲੋਂ ਘੱਟ ਹੈ।



ਗਰਮੀ ਕਾਰਨ ਅਗਸਤ ਦੇ ਸ਼ੁਰੂ ਵਿਚ ਪੀਮਾ ਕਾਊਂਟੀ, ਐਰੀਜ਼ੋਨਾ ਵਿਚ 64, ਮੈਰੀਕੋਪਾ ਕਾਊਂਟੀ ਐਰੀਜ਼ੋਨਾ ਵਿਚ 39, ਕਲਾਰਕ ਕਾਊਂਟੀ, ਨੇਵਾਡਾ ਵਿਚ 26, ਵੈਬ ਕਾਊਂਟੀ ਟੈਕਸਾਸ ਵਿਚ 11 ਤੇ ਹੈਰਿਸ ਕਾਊਂਟੀ, ਟੈਕਸਾਸ ਵਿਚ 7 ਮੌਤਾਂ ਹੋਣ ਦੀਆਂ ਰਿਪੋਰਟਾਂ ਹਨ। ਮੈਰੀਕੋਪਾ ਕਾਊਂਟੀ ਵਿਚ ਹੋਈਆਂ 312 ਮੌਤਾਂ ਅਜੇ ਜਾਂਚ ਅਧੀਨ ਹਨ। ਸੰਭਾਵੀ ਤੌਰ 'ਤੇ ਇਹ ਮੌਤਾਂ ਵੀ ਗਰਮੀ ਕਾਰਨ ਹੋਈਆਂ ਹੋ ਸਕਦੀਆਂ ਹਨ।

# ਹਾਈ ਕਮਿਸ਼ਨ ਆਫ ਇੰਡੀਆ ਵੱਲੋਂ 15 ਅਗਸਤ ਨੂੰ ਤਿਰੰਗਾ ਲਹਿਰਾਇਆ ਜਾਵੇਗਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀ ਹਾਈ ਕਮਿਸ਼ਨ ਨਿਊਜ਼ੀਲੈਂਡ ਵੱਲੋਂ 15 ਅਗਸਤ ਦਿਨ ਮੰਗਲਵਾਰ ਨੂੰ ਵਲਿੰਗਟਨ ਸਥਿਤ ਭਾਰਤੀ ਸਫਾਰਤਖਾਨੇ ਵਿਚ ਭਾਰਤ ਦਾ ਤਿਰੰਗਾ ਝੰਡਾ ਸਵੇਰੇ 9.15 ਵਜੇ ਲਹਿਰਾਇਆ ਜਾਵੇਗਾ। ਦਫਤਰ ਵੱਲੋਂ ਸਮੂਹ ਭਾਰਤੀ ਭਾਈਚਾਰੇ ਨੂੰ ਇਸ ਮੌਕੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਮਿੱਤਰਾਂ ਦੋਸਤਾਂ ਸੰਗ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਇਸ ਵਾਰ ਭਾਰਤੀ ਹਾਈ ਕਮਿਸ਼ਨ ਵੱਲੋਂ ਆਜ਼ਾਦੀ ਦਿਵਸ ਨੂੰ 77ਵਾਂ ਆਜ਼ਾਦੀ ਦਿਵਸ ਆਖਿਆ ਗਿਆ ਹੈ ਜਦ ਕਿ ਲੋਕ ਦੁਚਿੱਤੀ ਦੇ ਵਿਚ ਹਨ ਕਿ ਇਹ 76ਵਾਂ ਆਜ਼ਾਦੀ ਦਿਵਸ ਹੈ ਜਾਂ ਫਿਰ 77ਵਾਂ। ਜੇਕਰ 15 ਅਗਸਤ 1947 ਨੂੰ ਪਹਿਲਾ ਆਜ਼ਾਦੀ ਦਿਵਸ ਮੰਨੀਏ ਤਾਂ 76 ਸਾਲ ਪੂਰੇ ਹੋ ਚੁੱਕੇ ਹਨ ਅਤੇ ਜੇਕਰ ਪਹਿਲੀ ਵਰ੍ਹੇਗੰਢ 15 ਅਗਸਤ 1948 ਵੇਖੀਏ ਜਾਂ ਇਹ 76ਵੀਂ ਵਰ੍ਹੇਗੰਡ ਬਣਦੀ ਹੈ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com



# ਮਨੀਪੁਰ ਹਿੰਸਾ, ਈਸਾਈ ਭਾਈਚਾਰੇ ਵੱਲੋਂ ਸੰਯੁਕਤ ਰਾਸ਼ਟਰ ਅੱਗੇ ਰੋਸ ਪ੍ਰਦਰਸ਼ਨ

## ਅਮਰੀਕਾ ਦੇ ਮੁੱਖ ਅਹੁਦੇਦਾਰਾਂ ਤੇ ਈਸਾਈ ਭਾਈਚਾਰੇ ਵਲੋਂ ਸੋਗ ਅਤੇ ਏਕਤਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**– ਭਾਰਤੀ ਈਸਾਈ ਭਾਈਚਾਰੇ ਨੇ ਸੰਯੁਕਤ ਰਾਸ਼ਟਰ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਈਸਾਈ ਭਈਚਾਰੇ ਵਲੋਂ ਇਸ ਰੋਸ ਮੁਜਹਾਰੇ ਵਿਚ ਵੱਧ ਚੜ ਕੇ ਹਿੱਸਾ ਪਾਇਆ ਗਿਆ, ਜਿਸ ਵਿੱਚ ਅੰਦਾਜ਼ਨ ਸੱਤ ਸੌ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਇਸ ਰੋਸ ਨੇ ਮਣੀਪੁਰ ਦੇ ਸਾਰੇ ਦੁਖੀ ਲੋਕਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ। ਪਾਦਰੀਆਂ ਦੁਆਰਾ ਕੀਤੀਆਂ ਪ੍ਰਾਰਥਨਾਵਾਂ ਨੇ ਮਨੀਪੁਰ ਵਿੱਚ ਮਨੁੱਖੀ ਜਾਨਾਂ ਦੇ ਭਾਰੀ ਨੁਕਸਾਨ ਅਤੇ ਘਰਾਂ ਅਤੇ ਚਰਚਾਂ ਦੀ ਤਬਾਹੀ ਦੇ ਨਾਲ ਆਈ ਵੱਡੀ ਬਿਪਤਾ ਲਈ ਸੰਯੁਕਤ ਰਾਜ ਵਿੱਚ ਭਾਰਤੀ ਈਸਾਈ ਭਾਈਚਾਰੇ ਵਿੱਚ ਮਹਿਸੂਸ ਕੀਤੇ ਡੂੰਘੇ ਦਰਦ ਨੂੰ ਦਰਸਾਇਆ।

ਉੱਤਰੀ ਅਮਰੀਕਾ ਦੇ ਭਾਰਤੀ ਅਮਰੀਕਨ ਕ੍ਰਿਸਚੀਅਨਜ਼ ਫੈਡਰੇਸ਼ਨ ਪ੍ਰਧਾਨ ਕੋਸ਼ੀ ਜਾਰਜ ਨੇ ਸ਼ੁਰੂਆਤ ਵਿੱਚ ਰੋਸ ਦਾ ਉਦੇਸ਼ ਦੱਸਿਆ, ਜਿਸ ਵਿਚ ਉਹਨਾਂ ਨੇ ਕਿਹਾ ਕਿ, ਇਹ ਕੋਈ ਰੋਸ ਰੈਲੀ ਨਹੀਂ ਹੈ, ਤੇ ਨਾ ਹੀ ਸਾਡਾ ਉਦੇਸ਼ ਇਹ ਦੇਖਣਾ ਹੈ ਕਿ ਦੰਗੇ ਕਿਉਂ ਹੋਏ, ਕੌਣ ਜ਼ਿੰਮੇਵਾਰ ਹੈ। ਅਸੀਂ ਅੱਜ ਇੱਥੇ ਮਣੀਪੁਰ ਵਿੱਚ ਕਾਨੂੰਨ ਦੇ ਰਾਜ ਲਈ ਪ੍ਰਾਰਥਨਾ ਕਰਨ ਲਈ ਆਏ ਹਾਂ, ਹਾਲਾਂਕਿ, ਪ੍ਰਾਰਥਨਾ ਦੀਆਂ ਕੋਈ ਸੀਮਾਵਾਂ ਨਹੀਂ ਹਨ। ਉਨ੍ਹਾਂ ਅੱਗੇ ਸਪੱਸ਼ਟ ਕੀਤਾ ਕਿ ਸਾਡਾ ਮਕਸਦ ਸਿਆਸੀ ਤੌਰ 'ਤੇ ਕਿਸੇ ਦੀ ਨਿੰਦਾ ਜਾਂ ਵਿਰੋਧ ਕਰਨਾ ਨਹੀਂ ਹੈ।

ਇਸ ਸਮਾਗਮ ਦੇ ਆਗੂ ਡਾ: ਅੰਨਾ ਜਾਰਜ ਨੇ ਦੱਸਿਆ ਕਿ ਜਦੋਂ ਸਾਡੇ ਭਰਾ ਦੁਖੀ ਹੁੰਦੇ ਹਨ ਤਾਂ ਸਾਨੂੰ ਵੀ ਦੁੱਖ ਹੁੰਦਾ ਹੈ। ਉਸ ਨੇ ਕਿਹਾ, ਲੋਕ ਮਾਰੇ ਜਾ ਰਹੇ ਹਨ ਅਤੇ ਸ਼ਰਨਾਰਥੀ ਬਣ ਰਹੇ ਹਨ। ਔਰਤਾਂ ਨਾਲ ਜਿਨਸੀ ਛੇੜਛਾੜ ਕੀਤੀ ਜਾਂਦੀ ਹੈ, ਸਮੂਹਿਕ ਬਲਾਤਕਾਰ ਕੀਤਾ ਜਾਂਦਾ ਹੈ ਅਤੇ ਨੰਗੇ ਕਰਕੇ ਮਾਰਚ ਕੀਤਾ ਜਾਂਦਾ ਹੈ। ਲੋਕ ਭੋਜਨ, ਪਾਣੀ ਜਾਂ ਆਸਰਾ ਤੋਂ ਸੱਖਣੇ ਹਨ। ਉਨ੍ਹਾਂ ਦਾ ਦੁੱਖ ਅਤੇ ਦਰਦ ਸਾਡੀ ਕਲਪਨਾ ਤੋਂ ਬਾਹਰ ਹੈ। ਡਾ ਜਾਰਜ ਨੇ ਕਿਹਾ, ਅਸੀਂ ਆਪਣੇ ਭੈਣਾਂ-ਭਰਾਵਾਂ ਦੇ ਹੰਝੂਆਂ ਅਤੇ ਵਿਰਲਾਪ ਨੂੰ ਵੇਖ ਕੇ ਚੁੱਪ ਨਹੀਂ ਰਹਿ ਸਕਦੇ। ਹੁਣ ਤੱਕ ਨਾ ਤਾਂ ਰਾਜ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਨੇ ਢੁਕਵੀਂ ਦਖਲਅੰਦਾਜ਼ੀ ਕੀਤੀ ਹੈ। ਇਹ ਰੋਸ ਪ੍ਰਦਰਸ਼ਨ ਇਹ ਵੀ ਮੰਗ ਕਰਦਾ ਹੈ, ਇਸ ਮੁੱਦੇ ਉੱਤੇ ਅਮਰੀਕੀ ਮੀਡੀਆ ਅਤੇ ਸਰਕਾਰ ਸਾਡੇ ਲਈ ਬੋਲੇ। ਇਹ ਸ਼ਰਮ ਦੀ ਗੱਲ ਹੈ ਕਿ ਇਹ ਦੇਸ਼ ਔਰਤਾਂ ਨਾਲ ਬਦਸਲੂਕੀ ਅਤੇ ਨੰਗੇ ਹੋਣ 'ਤੇ ਚੁੱਪ ਹੈ। ਇੱਕ ਕਮਾਲ ਦੇ ਭਾਸ਼ਣ ਵਿੱਚ, ਅਮਰੀਕੀ ਕਾਰਕੁਨ ਅਤੇ ਪੱਤਰਕਾਰ ਪੀਟਰ ਫ੍ਰੀਡਰਿਕ ਨੇ ਇਸ਼ਾਰਾ ਕੀਤਾ ਕਿ ਮਨੀਪੁਰ ਵਿੱਚ ਜੋ ਹੋਇਆ ਉਹ ਓਡੀਸ਼ਾ ਦੇ ਕੰਧਮਾਲ ਨੂੰ ਦੁਹਰਾਉਂਦਾ ਹੈ। ਪੁਲਿਸ ਅਤੇ ਸਰਕਾਰ ਨੂੰ ਗੌਰ ਕਰਨ ਦੀ ਲੋੜ ਹੈ।




ਨਿਊਯਾਰਕ ਰਾਜ ਦੇ ਸੈਨੇਟਰ ਕੇਵਿਨ ਥਾਮਸ ਨੇ ਪੀੜਤਾਂ ਨਾਲ ਇਕਜੁੱਟਤਾ ਲਈ ਹਾਜ਼ਰੀ ਭਰੀ। ਹਾਜ਼ਰੀ ਭਰਨ ਵਾਲੇ ਉਹ ਇਕੱਲੇ ਵਿਧਾਇਕ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਆਂ ਅਤੇ ਸ਼ਾਂਤੀ ਕਾਇਮ ਹੋਣੀ ਚਾਹੀਦੀ ਹੈ ਅਤੇ ਸਾਰੇ ਮਨੁੱਖਾਂ ਦਾ ਜੀਵਨ ਬਰਾਬਰ ਹੈ। ਹਿੰਦੂ, ਇਸਾਈ, ਸਿੱਖ ਜਾਂ ਜੈਨ ਵਿੱਚ ਕੋਈ ਫਰਕ ਨਹੀਂ ਹੈ। ਉਸਨੇ ਇੱਕ ਅਜਿਹੀ ਦੁਨੀਆਂ ਲਈ ਕੰਮ ਕਰਨ ਲਈ ਕਿਹਾ ਜਿੱਥੇ ਲੋਕ ਇੱਕ ਦੇ ਰੂਪ ਵਿੱਚ ਰਹਿੰਦੇ ਹਨ। ਐਪੀਸਕੋਪਲ ਚਰਚ ਦੇ ਬਿਸ਼ਪ ਜੌਨਸੀ ਇਟੀ ਨੇ ਕਿਹਾ, ਮਨੁੱਖਤਾ ਦੀ ਅਦਭੁਤ ਗੱਲ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਬਿਪਤਾ ਦੇ ਸਮੇਂ ਵਿੱਚ ਪ੍ਰਗਟ ਕਰਦੇ ਹਾਂ ਅਤੇ ਅਸੀਂ ਚਿੰਤਾ ਅਤੇ ਨਿਰਾਸ਼ਾ ਦੇ ਸਮੇਂ ਵਿੱਚ ਕਿਵੇਂ ਇਕੱਠੇ ਹੁੰਦੇ ਹਾਂ ਕਿਉਂਕਿ ਅਸੀਂ ਨਿਆਂ, ਆਜ਼ਾਦੀ ਅਤੇ ਸ਼ਾਂਤੀ ਦੀ ਪਰਵਾਹ ਕਰਦੇ ਹਾਂ। ਉਨ੍ਹਾਂ ਨੇ ਇਕੱਠ ਨੂੰ ਅਪੀਲ ਕੀਤੀ। ਨਿਆਂ ਲਈ ਲੜਨ ਅਤੇ ਸਤਾਏ ਗਏ ਲੋਕਾਂ ਲਈ ਪ੍ਰਾਰਥਨਾ ਕਰਨ ਲਈ ਦ੍ਰਿੜ ਹੋਣ ਦੇ ਲਈ ਕਿਹਾ, ਅਮਰੀਕੀ ਚਰਚ ਦੇ ਕੈਥੋਲਿਕ ਪਾਦਰੀ ਪਾਦਰੀ ਰੌਬਿਨਸਨ ਫਰੈਂਕ ਨੇ ਕਿਹਾ ਕਿ ਸਰਕਾਰਾਂ ਨੂੰ ਜਾਗਣਾ ਚਾਹੀਦਾ ਹੈ ਅਤੇ ਮਨੀਪੁਰ ਵਿੱਚ ਕਾਨੂੰਨੀ ਪ੍ਰਣਾਲੀ ਨੂੰ ਵਿਕਸਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਈਸਾਈਆਂ 'ਤੇ ਹੋ ਰਹੇ ਜ਼ੁਲਮ ਸਾਨੂੰ ਵੀ ਦੁਖੀ ਕਰਦੇ ਹਨ।

ਮਨੀਪੁਰ ਦੀ ਔਰਤ ਵੁਮਾਂਗ ਨੇ ਦੱਸਿਆ ਕਿ ਇੰਫਾਲ ਵਿੱਚ ਉਨ੍ਹਾਂ ਦੇ ਘਰ ਸਾੜ ਦਿੱਤੇ ਗਏ। ਉਨ੍ਹਾਂ ਦਾ 28 ਮੈਂਬਰਾਂ ਦਾ ਪਰਿਵਾਰ ਹੈ। ਉਹ ਫੌਜ ਦੇ ਕੈਂਪ ਵਿਚ ਪਨਾਹ ਲਈ ਭੱਜ ਗਏ। ਬਾਅਦ ਵਿੱਚ ਉਨ੍ਹਾਂ ਦਾ ਤਬਾਦਲਾ ਦਿੱਲੀ ਕਰ ਦਿੱਤਾ ਗਿਆ। ਉਹ ਹੁਣ ਕਿਰਾਏ ਦੇ ਮਕਾਨਾਂ ਵਿੱਚ ਰਹਿ ਰਹੇ ਹਨ। ਮਨੀਪੁਰ ਤੋਂ ਮਾਰਕ ਮੈਂਗ ਨੇ ਦੱਸਿਆ ਕਿ ਕਿਵੇਂ ਉਸ ਦੇ ਰਿਸ਼ਤੇਦਾਰਾਂ ਨੂੰ ਮਾਰਿਆ ਗਿਆ।

ਉਸ ਦੇ ਚਚੇਰੇ ਭਰਾ, ਜੋ ਪਿੰਡ ਦੀ ਸੁਰੱਖਿਆ ਕਰ ਰਹੇ ਸਨ, ਨੂੰ ਸੁਰੱਖਿਆ ਬਲਾਂ ਨੇ ਗੋਲੀ ਮਾਰ ਦਿੱਤੀ ਸੀ। ਫੋਮਾ ਦੇ ਪ੍ਰਧਾਨ ਜੈਕਬ ਥਾਮਸ ਨੇ ਕਿਹਾ ਕਿ ਭਾਰਤ ਇੱਕ ਧਰਮ ਨਿਰਪੱਖ ਸੰਵਿਧਾਨ ਵਾਲਾ ਦੇਸ਼ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਸੰਵਿਧਾਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਫੋਕਾਨਾ ਦੀ ਆਗੂ ਲੀਲਾ ਮਰੇਟ ਨੇ ਉਨ੍ਹਾਂ ਲੋਕਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਅਜਿਹੀ ਪ੍ਰਾਰਥਨਾ ਚੌਕਸੀ ਰੱਖਣ ਲਈ ਪਹਿਲ ਕੀਤੀ। ਉਸਨੇ ਕਿਹਾ, ਮਣੀਪੁਰ ਦਾ ਦੁੱਖ ਸਾਡਾ ਵੀ ਦੁੱਖ ਹੈ, ਅਤੇ ਇੱਥੇ ਨਿਆਂ ਅਤੇ ਸ਼ਾਂਤੀ ਹੋਣੀ ਚਾਹੀਦੀ ਹੈ।

ਪਾਦਰੀ ਜੈਕਬ ਜਾਰਜ ਨੇ ਸ਼ੁਰੂਆਤੀ ਪ੍ਰਾਰਥਨਾ ਕੀਤੀ। ਪਾਦਰੀ ਬਾਬੂ ਥਾਮਸ, ਡਾ. ਸੈਮ ਸੈਮੂਅਲ, ਪਾਸਟਰ ਇਟੀ ਅਬ੍ਰਾਹਮ, ਰੈਵ. ਡਾ. ਟੇਲਰ, ਰੈਵ. ਜੇਸ ਐਮ. ਜਾਰਜ, ਰੈਵ. ਡਾ. ਹੇਮਲਤਾ ਪਰਮਾਰ, ਪਾਦਰੀ ਪਰਸੀ ਮੈਕਈਵਾਨ, ਰੇਵ. ਜਤਿੰਦਰ ਗਿੱਲ, ਅਤੇ ਹੋਰਾਂ ਨੇ ਭਾਸ਼ਣਾਂ, ਪ੍ਰਾਰਥਨਾਵਾਂ, ਤੇ ਪਾਠਾਂ ਵਿੱਚ ਹਿੱਸਾ ਲਿਆ। ਮਿਸਟਰ ਮੈਥਿਊ ਜਾਰਜ ਨੇ ਧੰਨਵਾਦ ਦਾ ਮਤਾ ਲਿਆਂਦਾ। ਵੱਖ-ਵੱਖ ਥਾਵਾਂ ਤੋਂ ਵਿਸ਼ੇਸ਼ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਆਯੋਜਕਾਂ ਨੇ ਅੱਜ ਦੇ ਘੋਰ ਉਲੰਘਣ ਨੂੰ ਧਿਆਨ ਵਿੱਚ ਰੱਖਦੇ ਹੋਏ, ਮਨੀਪੁਰ ਵਿੱਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਨੂੰ ਇੱਕ ਪਟੀਸ਼ਨ ਵੀ ਸੌਂਪੀ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੀ ਇਸ ਸਥਿਤੀ 'ਚ ਮਨੁੱਖੀ ਅਧਿਕਾਰਾਂ, ਜਾਨ-ਮਾਲ ਅਤੇ ਜਾਇਦਾਦ ਦੀ ਸੁਰੱਖਿਆ ਲਈ ਦਖਲ ਦੇਣ ਦੀ ਜ਼ਿੰਮੇਵਾਰੀ ਬਣਦੀ ਹੈ। ਪ੍ਰਬੰਧਕੀ ਕਮੇਟੀ ਦੀ ਅਗਵਾਈ ਅੰਨਾ ਜਾਰਜ, ਕੋਸ਼ੀ ਜਾਰਜ, ਜਾਰਜ ਅਬਰਾਹਿਮ, ਰਾਜੂ ਅਬ੍ਰਾਹਮ, ਮੈਥਿਊ ਜਾਰਜ, ਜਿੰਮੀ ਕ੍ਰਿਸਚੀਅਨ, ਮੈਰੀ ਫਿਲਿਪ, ਪਾਲ ਪੈਨਕਲ, ਲੀਲਾ ਮਰੇਟ, ਪਾਸਟਰ ਜਤਿੰਦਰ ਗਿੱਲ, ਸ਼ਾਜੂ ਸੈਮ, ਵੀ.ਜੇ.ਮੈਕਵਾਨ ਅਤੇ ਹੋਰ ਵੀ ਕਈਆਂ ਨੇ ਕੀਤੀ।






## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਪਿਟਸਬਰਗ ਸ਼ਹਿਰ ਵਿਚ 11 ਹੱਤਿਆਵਾਂ ਕਰਨ ਵਾਲੇ ਹਮਲਾਵਰ ਨੂੰ ਹੋਈ ਮੌਤ ਦੀ ਸਜ਼ਾ

## 1918 ਵਿਚ ਯਹੂਦੀਆਂ ਉਪਰ ਹੋਇਆ ਸੀ ਸਭ ਤੋਂ ਭਿਆਨਕ ਖੂਨੀ ਹਮਲਾ

**ਸੈਕਰਾਮੈਂਟੋ, ਕੈਲੀਫੋਰਨੀਆ-** ਬੰਦੂਕਧਾਰੀ ਰਾਬਰਟ ਬੋਵਰਜ ਜਿਸ ਨੇ 27 ਅਕਤੂਬਰ 2018 ਨੂੰ ਅਮਰੀਕਾ ਦੇ ਮਸ਼ਹੂਰ ਸ਼ਹਿਰ ਪਿਟਸਬਰਗ ਵਿਚ ਯਹੂਦੀਆਂ ਦੇ ਇਕ ਪੂਜਾ ਸਥਾਨ 'ਤੇ ਹਮਲਾ ਕਰਕੇ 11 ਸ਼ਰਧਾਲੂਆਂ ਦੀ ਹੱਤਿਆ ਕਰ ਦਿੱਤੀ ਸੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ ਸੀ, ਨੂੰ ਇਕ ਸੰਘੀ ਜਿਊਰੀ ਨੇ ਮੌਤ ਦੀ ਸਜ਼ਾ ਸੁਣਾਈ ਹੈ।




ਅਮਰੀਕਾ ਦੇ ਇਤਿਹਾਸ ਵਿਚ ਯਹੂਦੀਆਂ ਉਪਰ ਹੋਏ ਇਸ ਸਭ ਤੋਂ ਭਿਆਨਕ ਖੂਨੀ ਹਮਲੇ ਦੇ ਦੋਸ਼ੀ ਨੂੰ ਸਮੁੱਚੀ ਜਿਊਰੀ ਨੇ ਸਰਬਸੰਮਤੀ ਨਾਲ ਮੌਤ ਦੀ ਸਜ਼ਾ ਸੁਣਾਈ ਜੇਕਰ ਇਕ ਵੀ ਜੱਜ ਇਸ ਦਾ ਵਿਰੋਧ ਕਰ ਦਿੰਦਾ ਤਾਂ ਰਾਬਰਟ ਬੋਵਰਜ ਮੌਤ ਦੀ ਸਜ਼ਾ ਤੋਂ ਬਚ ਜਾਂਦਾ । ਫਿਰ ਉਸ ਨੂੰ ਬਿਨਾਂ ਪੈਰੋਲ ਦੇ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਈ ਜਾਣੀ ਸੀ। ਬਾਈਡਨ ਪ੍ਰਸ਼ਾਸਨ ਜਿਸ ਨੇ ਮੌਤ ਦੀ ਸਜ਼ਾ ਦੇ ਅਮਲ ਉਪਰ ਰੋਕ ਲਾ ਦਿੱਤੀ ਸੀ, ਤਹਿਤ ਕਿਸੇ ਸੰਘੀ ਜਿਊਰੀ ਵੱਲੋਂ ਸੁਣਾਈ ਇਹ ਪਹਿਲੀ ਮੌਤ ਦੀ ਸਜ਼ਾ ਹੈ। ਪਿਛਲੇ ਦੋ ਦਿਨਾਂ ਦੌਰਾਨ ਜਿਊਰੀ ਦੇ ਮੈਂਬਰਾਂ ਨੇ 10 ਘੰਟੇ ਤੋਂ ਸਮਾਂ ਵਧ ਬਹਿਸ ਕੀਤੀ। ਬੋਵਰਜ (50) ਨੂੰ ਇਸ ਸਾਲ 16 ਜੂਨ ਨੂੰ ਨਸਲੀ ਅਪਰਾਧ ਸਮੇਤ ਕੁਲ 63 ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਨਾਂ ਵਿਚੋਂ 22 ਦੋਸ਼ਾਂ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੈ। ਇਸ ਤੋਂ ਬਾਅਦ 13 ਜੁਲਾਈ ਨੂੰ ਵੀ ਜਿਊਰੀ ਨੇ ਪਾਇਆ ਕਿ ਬੋਵਰਜ ਮੌਤ ਦੀ ਸਜ਼ਾ ਦਾ ਹੱਕਦਾਰ ਹੈ। ਇਸ ਉਪਰੰਤ ਮੁਕੱਦਮਾ ਆਖਰੀ ਅੰਤਿਮ ਸਜ਼ਾ ਦੇ ਪੱਧਰ 'ਤੇ ਪੁੱਜ ਗਿਆ ਸੀ। ਐਂਡਰੇ ਗਲਿਕਮੈਨ ਜੋ ਗੋਲੀਬਾਰੀ ਸਮੇ 'ਟਰੀ ਆਫ ਲਾਈਫ ਚੈਪਲ' ਵਿਖੇ ਸਭਾ ਦੀ ਅਗਵਾਈ ਕਰ ਰਿਹਾ ਸੀ, ਨੇ ਜਿਊਰੀ ਦੇ ਫੈਸਲੇ ਉਪਰ ਟਿਪਣੀ ਕਰਦਿਆਂ ਕਿਹਾ ਕਿ ਜੋ ਕੁਝ ਵੀ ਬੰਦੂਕਧਾਰੀ ਨੇ ਕੀਤਾ ਉਹ ਪਾਪ ਸੀ। ਉਸ ਨੇ ਬਿਨਾਂ ਸੋਚੇ ਸਮਝੇ ਲੋਕਾਂ ਉਪਰ ਗੋਲੀਆਂ ਵਰਾਈਆਂ ਤੇ ਬਹੁਤ ਹੀ ਨਿਰਦਈਪੁਣੇ ਨਾਲ ਹੱਤਿਆਵਾਂ ਕੀਤੀਆਂ। ਗਲਿਕਮੈਨ ਨੇ ਕਿਹਾ ਬੋਵਰਜ ਨੂੰ ਮੌਤ ਦੀ ਸਜ਼ਾ ਕੋਈ ਖੁਸ਼ੀ ਵਾਲੀ ਗੱਲ ਨਹੀਂ ਹੈ ਪਰੰਤੂ ਇਹ ਕਤਲੇਆਮ ਤੋਂ ਬਾਅਦ ਬੀਤੇ 5 ਸਾਲਾਂ ਦਾ ਨਿਚੋੜ ਹੈ। ਉਨਾਂ ਕਿਹਾ ਕਿ ਸਚਮੁੱਚ ਇਸ ਵਿਚ ਖੁਸ਼ ਹੋਣ ਵਾਲੀ ਕੋਈ ਵੀ ਗੱਲ ਨਹੀਂ ਹੈ। ਅਪਰਾਧ ਕੀਤਾ ਗਿਆ ਹੈ ਜਿਸ ਲਈ ਸਜ਼ਾ ਹੋਈ ਹੈ। ਹੁਣ ਇਹ ਅਧਿਆਇ ਬੰਦ ਹੋ ਚੁੱਕਾ ਹੈ।

# ਕੈਲੀਫੋਰਨੀਆ ਵਿਚ ਇਕ ਜੱਜ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਸ਼ੱਕ ਵਿੱਚ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ-** ਕੈਲੀਫੋਰਨੀਆ ਸੁਪੀਰੀਅਰ ਕੋਰਟ ਦੇ ਇਕ 72 ਸਾਲਾ ਜੱਜ ਨੂੰ ਆਪਣੀ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਸ਼ੱਕ ਵਿਚ



ਗ੍ਰਿਫਤਾਰ ਕਰਨ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਅਨਾਹੀਮ ਪੁਲਿਸ ਅਫਸਰਾਂ ਨੂੰ ਪੂਰਬੀ ਕੇਨਾਇਆਨ ਡਰਾਈਵ 'ਤੇ ਇਕ ਘਰ ਵਿਚ ਗੋਲੀ ਚੱਲਣ ਦੀ ਸੂਚਨਾ ਬੀਤੀ ਰਾਤ 8 ਵਜੇ ਦੇ ਕਰੀਬ ਮਿਲੀ।



ਪੁਲਿਸ ਅਫਸਰ ਤੁਰੰਤ ਮੌਕੇ ਉਪਰ ਪੁੱਜੇ ਜਿਨਾਂ ਨੂੰ ਉਥੇ 65 ਸਾਲਾ ਸ਼ੈਰਾਇਲ ਫਰਗੂਸਨ ਨਾਮੀ ਔਰਤ ਜ਼ਖਮੀ ਹਾਲਤ ਵਿਚ ਮਿਲੀ ਜਿਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਪੁਲਿਸ ਅਨੁਸਾਰ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਮੌਕੇ 'ਤੇ ਹੀ ਓਰੇਂਜ ਕਾਊਂਟੀ ਸੁਪੀਰੀਅਰ ਜੱਜ ਜੈਫਰੀ ਫਰਗੂਸਨ ਨੂੰ ਹਿਰਾਸਤ ਵਿਚ ਲੈ ਲਿਆ। ਉਸ ਨੂੰ ਅਨਾਹੀਮ ਪੁਲਿਸ ਵਿਭਾਗ ਦੇ ਡੀਟੈਨਸ਼ਨ ਸੈਂਟਰ ਵਿਚ ਲਿਜਾਇਆ ਗਿਆ ਹੈ। ਉਸ ਨੂੰ ਸੋਮਵਾਰ ਨੂੰ ਸਾਂਟਾ ਅਨਾ ਦੀ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਡਿਸਟ੍ਰਿਕਟ ਅਟਾਰਨੀ ਦਫਤਰ ਮਾਮਲੇ ਦੀ ਜਾਂਚ ਕਰ ਰਿਹਾ ਹੈ ਤੇ ਅਜੇ ਰਸਮੀ ਤੌਰ 'ਤੇ ਜੱਜ ਵਿਰੁੱਧ ਦੋਸ਼ ਆਇਦ ਨਹੀਂ ਕੀਤੇ ਗਏ।

# ਕੈਲੀਫੋਰਨੀਆ ਤੇ ਨੇਵਾਡਾ ਵਿਚ ਜੰਗਲਾਂ ਨੂੰ ਲੱਗੀ ਅੱਗ ਨੇ ਭਿਆਨਕ ਰੂਪ ਧਾਰਿਆ

## ਹਜਾਰਾਂ ਏਕੜ ਜੰਗਲ ਸੜ ਕੇ ਹੋਏ ਸਵਾਹ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਕੈਲੀਫੋਰਨੀਆ ਤੇ ਨੇਵਾਡਾ ਰਾਜਾਂ ਵਿਚ ਜੰਗਲ ਨੂੰ ਲੱਗੀ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ ਜਿਸ ਕਾਰਨ ਅੱਗ ਬੁਝਾਊ ਅਮਲੇ ਨੂੰ ਅਸਧਾਰਨ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਧਿਕਾਰੀਆਂ ਨੇ ਅੱਗ ਨੂੰ 'ਯਾਰਕ ਫਾਇਰ' ਦਾ ਨਾਂ ਦਿੱਤਾ ਹੈ ਜੋ ਕੈਲੀਫੋਰਨੀਆ ਦੀ ਇਸ ਸਾਲ ਦੀ ਸਭ ਤੋਂ ਵੱਡੀ ਤੇ ਭਿਆਨਕ ਅੱਗ ਸੀ। ਅੱਗ ਹੁਣ ਤਕ 80000 ਏਕੜ ਤੋਂ ਵਧ ਰਕਬਾ ਸਾੜ ਕੇ ਸਵਾਹ ਕਰ ਚੁੱਕੀ ਹੈ। ਅੱਗ ਪਿਛਲੇ ਹਫਤੇ ਦੇ ਅੰਤ ਵਿਚ ਨਿਊ ਯਾਰਕ ਮਾਊਂਟੇਨ ਰੇਂਜ ਕੈਲੀਫੋਰਨੀਆ ਦੇ ਮੋਜੇਵ



ਨੈਸ਼ਨਲ ਪ੍ਰੀਜ਼ਰਵ ਤੋਂ ਸ਼ੁਰੂ ਹੋਈ ਸੀ ਤੇ ਨੇਵਾਡਾ ਵਿਚ ਦਾਖਲ ਹੋ ਗਈ ਸੀ। ਸੋਮਵਾਰ ਤੇ ਮੰਗਲਵਾਰ ਤੱਕ ਅੱਗ ਬੁਝਾਊ ਕਾਮੇ 23% ਤੱਕ ਅੱਗ ਉਪਰ ਨਿਯੰਤਰਣ ਕਰਨ ਵਿਚ ਸਫਲ ਹੋਏ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਕੈਲੀਫੋਰਨੀਆ-ਨੇਵਾਡਾ ਅੱਗ ਅਜੇ ਵੀ ਤੇਜੀ ਨਾਲ ਫੈਲ ਰਹੀ ਹੈ ਤੇ ਅਸਧਾਰਨ ਹਾਲਾਤ ਪੈਦਾ ਕਰ ਰਹੀ ਹੈ ਜਿਸ ਕਾਰਨ ਇਸ ਉਪਰ ਕਾਬੂ ਪਾਉਣਾ ਵਧੇਰੇ ਖਤਰਨਾਕ ਤੇ ਮੁਸ਼ਕਿਲ ਹੋ ਗਿਆ ਹੈ।

# ਸਾਬਕਾ ਰਾਸ਼ਟਰਪਤੀ ਟਰੰਪ ਨੂੰ ਜੱਜ ਨੇ ਦਿੱਤੀ ਚਿਤਾਵਨੀ, ਅਗਲੀ ਪੇਸ਼ੀ 28 ਅਗਸਤ ਨੂੰ ਹੋਵੇਗੀ

**ਸੈਕਰਾਮੈਂਟੋ, ਕੈਲੀਫੋਰਨੀਆ-** 2020 ਵਿਚ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾ ਦੇਣ ਦੀਆਂ ਕਥਿਤ ਕੋਸ਼ਿਸ਼ਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵਾਸ਼ਿੰਗਟਨ ਦੀ ਇਕ ਸੰਘੀ ਅਦਾਲਤ ਦੇ ਜੱਜ ਵੱਲੋਂ ਚਿਤਾਵਨੀ ਦੇ ਕੇ ਅਦਾਲਤ ਵਿਚੋਂ ਜਾਣ ਦੀ ਪ੍ਰਵਾਨਗੀ ਦੇ ਦੇਣ ਦੀ ਖਬਰ ਹੈ। ਸਾਬਕਾ ਰਾਸ਼ਟਰਪਤੀ ਦੀ ਇਕ ਸੰਘੀ ਅਦਾਲਤ ਵਿਚ ਪੇਸ਼ੀ ਸਮੇ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ। ਯੂ ਐਸ ਮਜਿਸਟ੍ਰੇਟ ਜੱਜ ਮੋਕਸਿਲਾ ਏ ਉਪਾਧਿਆਇਆ ਨੇ ਹਾਲਾਂ ਕਿ ਟਰੰਪ ਨੂੰ ਬਿਨਾਂ ਕਿਸੇ ਯਾਤਰਾ ਪਾਬੰਦੀਆਂ ਜਾਂ ਕੈਸ਼ ਬੌਂਡ ਦੇ ਅਦਾਲਤ ਵਿਚੋਂ ਜਾਣ ਦੀ ਇਜਾਜਤ



ਦੇ ਦਿੱਤੀ ਪਰੰਤੂ ਇਸ ਤੋਂ ਪਹਿਲਾਂ ਕਿ ਟਰੰਪ ਅਦਾਲਤ ਵਿਚੋਂ ਜਾਂਦੇ, ਉਪਾਧਿਆਇਆ ਨੇ ਸਾਬਕਾ ਰਾਸ਼ਟਰਪਤੀ ਨੂੰ ਰਿਹਾਅ ਕਰਨ ਦੀਆਂ ਸ਼ਰਤਾਂ ਦੱਸੀਆਂ ਤੇ ਇਨਾਂ ਸ਼ਰਤਾਂ ਦੀ ਉਲੰਘਣਾ ਕਰਨ ਤੇ ਚਿਤਾਵਨੀ ਵੀ ਦਿੱਤੀ। ਜੱਜ ਨੇ ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ 'ਤੇ ਪਾ ਦਿੱਤੀ ਹੈ। ਜੱਜ ਵੱਲੋਂ ਜਾਰੀ ਚਿਤਾਵਨੀ ਤੇ ਸ਼ਰਤਾਂ ਉਸੇ ਤਰਾਂ ਦੀਆਂ ਹਨ ਜਿਸ ਤਰਾਂ ਦੀਆਂ ਸ਼ਰਤਾਂ ਮਿਆਮੀ ਸੰਘੀ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਦੀ ਰਿਹਾਈ ਸਮੇ ਦਿੱਤੀਆਂ ਸਨ ਜਿਸ ਅਦਾਲਤ ਵਿਚ ਸਾਬਕਾ ਰਾਸ਼ਟਰਪਤੀ ਨੇ ਉਨਾਂ ਦੇ ਫਲੋਰਿਡਾ ਰਿਜ਼ਾਰਟ ਤੋਂ ਬਰਾਮਦ ਖੁਫੀਆ ਦਸਤਾਵੇਜਾਂ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦਸਿਆ ਸੀ।

# ਅਮਰੀਕਾ ਵਿਚ 2 ਬੱਚਿਆਂ ਦੇ ਕਤਲ ਤੇ ਹੱਤਿਆ ਦੀ ਸਾਜਿਸ਼ ਦੇ ਮਾਮਲੇ ਵਿਚ ਔਰਤ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ, ਬਿਨਾਂ ਪੈਰੋਲ ਦੀ ਸੰਭਾਵਨਾ ਦੇ ਜੱਜ ਨੇ ਸੁਣਾਈਆਂ 5 ਉਮਰ ਕੈਦਾਂ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਈਦਾਹੋ ਰਾਜ ਵਿਚ ਆਪਣੇ ਦੋ ਬੱਚਿਆਂ ਦੇ ਕਤਲ ਤੇ ਆਪਣੇ ਪਤੀ ਦੀ ਪਹਿਲੀ ਪਤਨੀ ਦੇ ਕਤਲ ਦੀ ਸਾਜਿਸ਼ ਰਚਣ ਦੇ ਮਾਮਲੇ ਵਿਚ ਫਰੀਮਾਂਟ ਕਾਊਂਟੀ , ਸੇਂਟ ਐਂਥਨੀ ਦੀ ਇਕ ਅਦਾਲਤ ਵੱਲੋਂ ਲੋਰੀ ਵਾਲੋਅ ਡੇਬੈਲ ਨਾਮੀ ਔਰਤ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜੱਜ ਨੇ ਬਿਨਾਂ ਪੈਰੋਲ ਦੀ ਸੰਭਾਵਨਾ ਦੇ ਡੇਬੈਲ ਨੂੰ 5 ਉਮਰ ਕੈਦਾਂ ਦੀ ਸਜ਼ਾ ਸੁਣਾਈ। ਇਹ ਸਾਰੀਆਂ ਸਜ਼ਾਵਾਂ ਇਕੱਠੀਆਂ ਹੀ ਚਲਣਗੀਆਂ। ਡੇਬੈਲ ਨੂੰ ਇਸ ਸਾਲ ਦੇ ਸ਼ੁਰੂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਜਿਸ ਨੇ ਡੇਬੈਲ ਦੇ ਦੋ ਬੱਚਿਆਂ 16 ਸਾਲਾ ਧੀ ਟਾਇਲੀ ਰੇਯਾਨ ਤੇ 7 ਸਾਲਾ ਪੁੱਤਰ ਜੋਸ਼ੂਆ ਜੇ ਜੇ ਵਾਲੋਅ ਦੇ ਕਤਲਾਂ ਤੇ ਆਪਣੇ ਪਤੀ ਦੀ ਸਾਬਕਾ ਪਤਨੀ ਟੈਮੀ ਡੇਬੈਲ ਦੀ ਮੌਤ ਦੇ ਮਾਮਲੇ ਵਿਚ ਸਾਜਿਸ਼ ਰਚਣ ਲਈ 3 ਉਮਰ ਕੈਦਾਂ ਦੀ ਸਜ਼ਾ ਸੁਣਾਈ। ਜੱਜ ਨੇ 2 ਹੋਰ ਉਮਰ ਕੈਦਾਂ ਤੋਂ ਇਲਾਵਾ ਵੱਡੀ ਚੋਰੀ ਦੇ ਮਾਮਲੇ ਵਿਚ 10 ਸਾਲ ਜੇਲ ਦੀ ਸਜ਼ਾ ਦਾ ਆਦੇਸ਼ ਵੀ ਸੁਣਾਇਆ। ਜੱਜ ਸਟੀਵਨ ਡਬਲਯੂ ਬਾਇਸ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਉਸ ਨੇ ਦੋਸ਼ੀ ਦਾ ਪਹਿਲਾ ਕੋਈ ਅਪਰਾਧਕ



ਰਿਕਾਡਰ ਨਾ ਹੋਣ ਉਪਰ ਵਿਚਾਰ ਕੀਤਾ ਹੈ। ਇਸ ਮਾਮਲੇ ਵਿਚ ਕੇਵਲ ਇਹ ਇਕੋ ਇਕ ਤੱਥ ਹੈ ਜੋ ਡੇਬੈਲ ਦੇ ਅਪਰਾਧ ਦੀ ਗੰਭੀਰਤਾ ਨੂੰ ਘੱਟ ਕਰਦਾ ਹੈ ਪਰੰਤੂ ਉਹ ਬਹੁਤ ਹੀ ਗੰਭੀਰ ਦੋਸ਼ਾਂ ਤੋਂ ਬਚ ਨਹੀਂ ਸਕਦੀ ਤੇ ਉਸ ਨੂੰ ਆਪਣੇ ਕੀਤੇ ਉਪਰ ਕੋਈ ਪਛਤਾਵਾ ਵੀ ਨਹੀਂ ਹੈ।

ਜੱਜ ਨੇ ਵਾਲੋਅ ਡੇਬੈਲ ਨੂੰ ਸੰਬੋਧਨ ਕਰਦਿਆਂ ਕਿਹਾ ਕਤਲ ਸਭ ਤੋਂ ਵਧ ਘਿਣਾਉਣਾ ਅਪਰਾਧ ਹੈ ਤੇ ਉਹ ਵੀ ਆਪਣੇ ਬੱਚਿਆਂ ਦਾ ਕਤਲ। ਇਹ ਕਲਪਨਾ ਤੋਂ ਬਾਹਰ ਹੈ। ਤੂੰ ਟੈਮੀ ਡੇਬੈਲ ਦੀ ਮੌਤ ਦੇ ਮਾਮਲੇ ਵਿਚ ਕਤਲ ਦੀ ਸਾਜਿਸ਼ ਰਚਣ ਦਾ ਅਪਰਾਧ ਕੀਤਾ ਹੈ ਜਿਸ ਦੇ ਆਪਣੇ ਬੱਚੇ ਸਨ। ਜਿਊਰੀ ਠੋਸ ਸਬੂਤਾਂ ਦੇ ਆਧਾਰ 'ਤੇ ਸਜ਼ਾ ਸੁਣਾ ਰਹੀ ਹੈ ਪਰੰਤੂ ਫਿਰ ਵੀ ਤੂੰ ਕਹਿ ਰਹੀ ਹੈ ਕਿ ਮੈ ਇਹ ਗੁਨਾਹ ਨਹੀਂ ਕੀਤਾ। ਵਾਲੋਅ ਡੇਬੈਲ ਨੇ ਸੋਮਵਾਰ ਨੂੰ ਹੋਈ ਸੁਣਵਾਈ ਦੌਰਾਨ ਆਪਣੇ ਆਪ ਨੂੰ ਨਿਰਦੋਸ਼ ਦਸਿਆ ਸੀ ਤੇ ਕਿਹਾ ਸੀ ਕਿ ਉਸ ਨੇ ਜੀਸਸ ਨਾਲ ਗਲ ਕੀਤੀ ਹੈ। ਉਸ ਦੇ ਬੱਚੇ ਤੇ ਉਸ ਦੇ ਪਤੀ ਦੀ ਪਤਨੀ ਸਭ ਖੁਸ਼ ਹਨ। ਉਹ ਸਾਰੇ ਸਵਰਗ ਵਿਚ ਆਪੋ ਆਪਣੇ ਕੰਮਾਂ ਕਾਰਾਂ ਵਿਚ ਲੱਗੇ ਹੋਏ ਹਨ।

# ਅਮਰੀਕਾ ਵਿਚ 6 ਸਾਲਾ ਬੱਚੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

## ਅਧਿਕਾਰੀਆਂ ਨੇ ਜੌਹਨੀ ਜੌਹਨਸਨ ਦੇ ਦਿਮਾਗੀ ਤੌਰ 'ਤੇ ਅਯੋਗ ਹੋਣ ਦੀ ਦਲੀਲ ਕੀਤੀ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਮਿਸੌਰੀ ਰਾਜ ਵਿਚ 2002 ਵਿਚ ਇਕ ਛੋਟੀ ਬੱਚੀ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਜੌਹਨੀ ਜੌਹਨਸਨ (45) ਨੂੰ ਸੁਣਾਈ ਮੌਤ ਦੀ ਸਜ਼ਾ 'ਤੇ ਅਮਲ ਕਰਦਿਆਂ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ ਜਿਸ ਉਪਰੰਤ ਕੁਝ ਹੀ ਮਿੰਟਾਂ ਬਾਅਦ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਜੌਹਨਸਨ ਦੇ ਵਕੀਲਾਂ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਉਹ ਦਿਮਾਗੀ ਤੌਰ 'ਤੇ ਅਸਮਰਥ ਹੈ ਤੇ ਮੌਤ ਦੀ ਸਜ਼ਾ ਉਪਰ ਅਮਲ ਦੇ ਯੋਗ ਨਹੀਂ ਹੈ। ਅਦਾਲਤ ਦੇ ਰਿਕਾਰਡ ਅਨੁਸਾਰ ਜੌਹਨਸਨ ਨੂੰ 6 ਸਾਲ ਦੀ ਬੱਚੀ ਕੈਸੀ ਵਿਲੀਅਮਸਨ ਨੂੰ ਅਗਵਾ ਕਰਨ ਤੇ ਜਬਰਜਨਾਹ ਕਰਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰਨ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ।



ਰਿਪਬਲੀਕਨ ਪਾਰਟੀ ਦੇ ਗਵਰਨਰ ਮਾਈਕ ਪਰਸਨ ਨੇ ਅਪਰਾਧ ਨੂੰ ਘਿਣਾਉਣਾ ਕਰਾਰ ਦਿੰਦਿਆਂ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਸੀ। ਉਸ ਨੂੰ ਬੀਤੇ ਦਿਨ ਸ਼ਾਮ ਵੇਲੇ ਜ਼ਹਿਰ ਦਾ ਟੀਕਾ ਲਾਇਆ ਗਿਆ ਤੇ ਡਾਕਟਰਾਂ ਨੇ ਉਸ ਨੂੰ 6.33 ਮਿੰਟ ';ਤੇ ਮ੍ਰਿਤਕ ਐਲਾਨ ਦਿੱਤਾ। ਉਹ ਚੌਥਾ ਦੋਸ਼ੀ ਹੈ ਜਿਸ ਨੂੰ ਮਿਸੌਰੀ ਵਿਚ ਇਸ ਸਾਲ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਗਈ ਹੈ। ਕੋਰੈਕਸ਼ਨਜ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਾਰੀ ਆਖਰੀ ਬਿਆਨ ਵਿਚ ਜੌਹਨਸਨ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਮੰਗਦਿਆਂ ਕਿਹਾ ਹੈ ਕਿ ਅਫਸੋਸ ਮੈ ਤੁਹਾਨੂੰ ਦੁੱਖ ਪਹੁੰਚਾਇਆ। ਜੌਹਨਸਨ ਦੀ ਫਾਂਸੀ ਉਪਰ ਬੱਚੀ ਦੇ ਪਰਿਵਾਰ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।

ਦੇਸ਼ ਦੁਆਬਾ

## ਭਾਰਤ ਦੀ ਆਜ਼ਾਦੀ ਦਾ 77 ਵਾਂ ਸਾਲ

ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ। ਆਜ਼ਾਦੀ ਤੋਂ ਬਾਅਦ ਭਾਰਤ ਨੇ ਲੋਕਰਾਜ ਨੂੰ ਅਪਨਾਇਆ ਅਤੇ 26 ਜਨਵਰੀ 1950 ਨੂੰ ਭਾਰਤ ਨੇ ਸੱਤਾ ਦੀ ਸਾਰੀ ਤਾਕਤ ਇੱਥੋਂ ਦੀ ਜਨਤਾ ਨੂੰ ਦਿੱਤੀ। ਜਨਤਾ ਨੂੰ ਮਿਲੀ ਤਾਕਤ ਦੇ ਬਾਵਜੂਦ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਵੀ ਅਜਿਹੀਆਂ ਕੁਰੀਤੀਆਂ ਅਤੇ ਬੇਨੇਮੀਆਂ ਪੈਦਾ ਹੋਈਆਂ, ਜਿਹਨਾਂ ਨੇ ਆਮ ਜਨਤਾ ਦੀ ਹਾਲਤ ਸੁਧਾਰਨ ਦੀ ਬਜਾਏ ਕੁਝ ਹੱਦ ਤੱਕ ਵਿਗਾੜਿਆ ਹੀ ਹੈ। ਭਾਰਤ ਨੇ ਵੋਟਾਂ ਰਾਹੀਂ ਆਪਣੇ ਹੁਕਮਰਾਨਾਂ ਨੂੰ ਚੁਣਨ ਦੀ ਪ੍ਰਕਿਰਿਆ ਨੂੰ ਅਪਨਾਇਆ। ਇਸ ਪ੍ਰਕਿਰਿਆ ਦੀ ਭਾਰਤ ਦੀ ਸਿਆਸਤਦਾਨਾਂ ਨੇ ਰੱਜ ਕੇ ਦੁਰਵਰਤੋਂ ਕੀਤੀ। ਗਰੀਬ ਆਦਮੀ ਦੀ ਵੋਟ ਖਰੀਦਣ ਅਤੇ ਲਾਲਚ ਦੇਣ ਦਾ ਰੁਝਾਨ ਵਧਿਆ, ਬਾਹੂਬਲੀ, ਗੁੰਡੇ ਪੈਦਾ ਕਰਕੇ ਡਰਾ-ਧਮਕਾ ਕੇ ਵੋਟਾਂ ਬਟੋਰਨ ਦੀ ਕੁਰੀਤੀ ਪੈਦਾ ਹੋਈ ਪਰ ਆਮ ਜਨਤਾ ਦੇ ਲਈ ਸੁਚਾਰੂ ਬਹੁਤ ਘੱਟ ਹੋਇਆ।

ਭਾਰਤ ਨੇ ਵਿਕਾਸ ਦੇ ਲਈ ਪੰਜ ਸਾਲਾ ਯੋਜਨਾਵਾਂ ਬਣਾਈਆਂ, ਇਹਨਾਂ ਦੇ ਜ਼ਰੀਏ ਵਿਕਾਸ ਯੋਜਨਾਵਾਂ ਚੱਲੀਆਂ। ਇਹਨਾਂ ਵਿਕਾਸ ਯੋਜਨਾਵਾਂ ਵਿਚ ਠੇਕੇਦਾਰੀ ਅਤੇ ਇੰਸਪੈਕਟਰੀ ਰਾਜ ਦਾ ਬੋਲਬਾਲਾ ਰਿਹਾ ਅਤੇ ਸਿਆਤਸਦਾਨ ਅਤੇ ਅਫਸਰਸ਼ਾਹੀ ਨੇ ਭ੍ਰਿਸ਼ਟ ਤਰੀਕਿਆਂ ਨਾਲ ਆਪਣੀਆਂ ਤਿਜੋਰੀਆਂ ਭਰੀਆਂ, ਆਮ ਜਨਤਾ ਫਿਰ ਗੌਣ ਰਹੀ। ਗਰੀਬ ਦੀ ਗਰੀਬੀ ਨੂੰ ਵੋਟ ਦੇ ਰੂਪ ਵਿਚ ਬਦਲਣ ਲਈ ਛੋਟੇ-ਛੋਟੇ ਲਾਲਚ ਦਿੱਤੇ ਗਏ, ਜਾਤ-ਪਾਤ ਖਤਮ ਕਰਨ ਲਈ ਕੋਈ ਕਾਰਗਰ ਉਪਾਅ ਨਹੀਂ ਕੀਤਾ ਗਿਆ, ਗਰੀਬੀ ਦੂਰ ਕਰਨ ਦੇ ਨਾਅਰੇ ਬੜੇ ਦਿੱਤੇ, ਪਰ ਸਾਕਾਰ ਕਰਨ ਵੱਲ ਜ਼ਿਆਦਾ ਦਿਲਚਸਪੀ ਨਹੀਂ ਦੇਖੀ ਗਈ। ਅਮੀਰ ਅਤੇ ਗਰੀਬ ਵਿਚਕਾਰ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ, ਆਬਾਦੀ ਦਾ ਵਿਸਫੋਟ ਹੋਣ ਦੀ ਤਿਆਰੀ ਵਿਚ ਹੈ, ਜਨਤਕ ਸਹੂਲਤਾਂ ਬਹੁਤ ਸੁਸਤ ਗਤੀ ਨਾਲ ਵਧੀਆਂ ਹਨ, ਸਰਕਾਰੀ ਦਫਤਰਾਂ ਵਿਚ ਅਫਸਰ ਅਤੇ ਕਰਮਚਾਰੀ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਰਿਸ਼ਵਤ ਨੂੰ ਆਪਣਾ ਅਧਿਕਾਰ ਸਮਝਦੇ ਹਨ।

ਡਾ. ਅੰਬੇਦਕਰ ਜੀ ਨੇ ਆਪਣੇ ਸਾਥੀਆਂ ਨਾਲ ਬਹੁਤ ਮਿਹਨਤ ਕਰਕੇ ਭਾਰਤ ਨੂੰ ਇਕ ਆਦਰਸ਼ ਸੰਵਿਧਾਨ ਦਿੱਤਾ, ਜਿਸ ਵਿਚ ਦੁਨੀਆਂ ਭਰ ਦੇ ਮੁਲਕਾਂ ਦੀਆਂ ਚੰਗੀਆਂ ਗੱਲਾਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਲੋਕਾਂ ਦੁਆਰਾ, ਲੋਕਾਂ ਲਈ ਅਤੇ ਲੋਕਾਂ ਦਾ ਰਾਜ, ਇਕ ਸਮਾਜਵਾਦੀ ਸਮਾਨਤਾ ਆਧਾਰਿਤ ਸਮਾਜ ਸਿਰਜਣ ਦਾ ਹੋਕਾ ਦਿੱਤਾ ਗਿਆ ਪਰ ਇਹ ਸਮਾਨਤਾ ਅੱਜ ਵੀ ਕਿਤੇ ਨਜ਼ਰ ਨਹੀਂ ਆਉਂਦੀ। ਜਾਤੀਵਾਦ ਭਾਰਤ ਨੂੰ ਕੋਹੜ ਵਾਂਗ ਚਿੰਬੜਿਆ ਹੋਇਆ ਹੈ ਅਤੇ ਮੁਲਕ ਦੀ ਇਕ ਤਿਹਾਈ ਆਬਾਦੀ ਇਸ ਦਾ ਸ਼ਰਾਪ ਅੱਜ ਵੀ ਸਹਿਣ ਕਰ ਰਹੀ ਹੈ। ਕਮਜ਼ੋਰ ਵਰਗਾਂ ਨੂੰ ਅੱਗੇ ਲਿਆਉਣ ਲਈ ਰਿਜ਼ਰਵੇਸ਼ਨ ਦੀ ਸਹੂਲਤ ਦਿੱਤੀ ਪਰ ਇਹ ਸਹੂਲਤ ਕੁਝ ਹੀ ਪਰਿਵਾਰਾਂ ਦੇ ਹੱਥਾਂ ਤੱਕ ਸੀਮਤ ਹੋ ਗਈ ਹੈ ਕਿਉਂਕਿ ਗਰੀਬ ਦਲਿਤ ਵਰਗ ਦੇ ਬੱਚਿਆਂ ਨੂੰ ਪੜ੍ਹਨ ਨਾਲੋਂ ਜ਼ਿਆਦਾ ਪੇਟ ਦੀ ਚਿੰਤਾ ਹਰ ਪਲ ਸਤਾਉਂਦੀ ਰਹਿੰਦੀ ਹੈ।

ਭਾਰਤ ਦੇ ਦਿਹਾਤੀ ਖੇਤਰਾਂ ਵਿਚ ਅੱਜ ਵੀ ਮੁਢਲੀਆਂ ਸਹੂਲਤਾਂ ਨਹੀਂ ਪਹੁੰਚ ਸਕੀਆਂ ਹਨ। ਅੱਜ ਵੀ ਪਿੰਡਾਂ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਸੜਕਾਂ ਨਹੀਂ ਹਨ, ਬਿਜਲੀ ਨਹੀਂ ਹੈ, ਸਕੂਲ ਨਹੀਂ ਹਨ। ਸਿੱਖਿਆ ਨੂੰ ਆਮ ਆਦਮੀ ਤੋਂ ਦੂਰ ਕਰਕੇ ਇਸਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਿਰਫ ਅਮੀਰ ਵਿਅਕਤੀ ਦੇ ਵੱਸ ਹੀ ਪੈਂਦੀ ਜਾ ਰਹੀ ਹੈ। ਆਮ ਜਨਤਾ ਵਿਚ ਬੇਚੈਨੀ ਵਧਦੀ ਜਾ ਰਹੀ ਹੈ। ਅੱਜ ਵੀ ਲੋਕੀ ਆਮ ਕਹਿੰਦੇ ਸੁਣੇ ਜਾਂਦੇ ਹਨ ਕਿ ਅੱਜ ਦੇ ਰਾਜ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ, ਉਸ ਵਕਤ ਇਮਾਨਦਾਰੀ ਨਾਲ ਪ੍ਰਸ਼ਾਸਨ ਆਪਣਾ ਕੰਮ ਤਾਂ ਕਰਦਾ ਸੀ। ਆਜ਼ਾਦੀ ਦੇ ਇਹਨਾਂ 76 ਸਾਲਾਂ ਵਿਚ ਆਮ ਲੋਕਾਂ ਨੂੰ ਸੁਪਨੇ ਤਾਂ ਬਹੁਤ ਵੰਡੇ, ਵੱਡੇ-ਵੱਡੇ ਦਾਅਵੇ ਵੀ ਕੀਤੇ ਗਏ, ਪਰ ਯਥਾਰਥ ਇਸ ਤੋਂ ਸੱਖਣਾ ਹੈ, ਜਦੋਂ ਤੱਕ ਆਮ ਆਦਮੀ ਦੀ ਹਾਲਤ ਵਿਚ ਸੁਧਾਰ ਨਹੀਂ ਹੁੰਦਾ, ਬਰਾਬਰੀ ਆਧਾਰਿਤ ਸਮਾਜ ਨਹੀਂ ਬਣਦਾ, ਉਦੋਂ ਤੱਕ ਇਹ ਆਜ਼ਾਦੀ ਆਮ ਆਦਮੀ ਦੇ ਕਿਸ ਕੰਮ ਦੀ? ਭਾਰਤ ਦੇ ਉਚ ਅਹੁਦਿਆਂ ਤੇ ਬੈਠੇ ਪੜ੍ਹੇ-ਲਿਖੇ ਲੋਕਾਂ, ਸਿਆਸਤਦਾਨਾਂ ਨੂੰ ਸਮਾਜ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਮੁਲਕ ਵੀ ਇਕ ਪਰਿਵਾਰ ਹੁੰਦਾ ਹੈ ਅਤੇ ਪਰਿਵਾਰ ਦੇ ਮੈਂਬਰ ਜੇਕਰ ਅਸੰਤੁਸ਼ਟ ਰਹਿਣਗੇ ਤਾਂ ਉਸ ਪਰਿਵਾਰ ਵਿਚ ਸਮੱਸਿਆਵਾਂ ਵਧਣਗੀਆਂ ਹੀ ਵਧਣਗੀਆਂ। ਇਸ ਕਰਕੇ ਆਜ਼ਾਦੀ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਲੋੜ ਹੈ ਅਤੇ ਆਮ ਆਦਮੀ ਦੇ ਕਲਿਆਣ ਲਈ ਕੰਮ ਕਰਨ ਦੀ ਲੋੜ ਹੈ। ਆਜ਼ਾਦੀ ਦਿਹਾੜੀ ਦੇ ਸਮੂਹ ਭਾਰਤ ਵਾਸੀਆਂ ਨੂੰ ਅਦਾਰਾ "ਦੇਸ਼ ਦੁਆਬਾ" ਵੱਲੋਂ ਵਧਾਈ।


### ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ

# ਇਤਿਹਾਸ ਬਾਰੇ ਪੁਨਰ ਵਿਚਾਰ-ਚਰਚਾ ਕਰਦੀ ਪੁਸਤਕ

**ਪ੍ਰੋ. ਰੌਣਕੀ ਰਾਮ**
**ਅਨੁਵਾਦ: ਪ੍ਰੋ. ਪੀ ਐਸ ਭੋਗਲ**
**ਪੰਨੇ: 174, ਮੁੱਲ: 295 ਰੁਪਏ**
**ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ**

ਰੂਪ ਲਾਲ ਰੂਪ
91-94652-25722

ਸੱਪਾਂ ਦੀਆਂ ਸਿਰੀਆਂ ਮਿੱਧ ਕੇ ਅੰਨ ਉਗਾਉਂਦਾ ਕਿਸਾਨ ਪੈਰ-ਪੈਰ 'ਤੇ ਮੁਸ਼ਕਿਲਾਂ ਨਾਲ ਜੂਝਦਾ ਹੈ। ਕੁਦਰਤੀ ਆਫਤਾਂ ਉਹ ਵੱਡੇ ਜਿਗਰੇ ਨਾਲ ਸਹਾਰ ਲੈਂਦਾ ਹੈ। ਦਿਨ-ਰਾਤ ਇਕ ਕਰਕੇ ਮੁੜ ਪੈਰਾਂ 'ਤੇ ਖਲੋਅ ਜਾਂਦਾ ਹੈ, ਪਰ ਹਾਕਮ ਜਮਾਤ ਦੀ ਧੱਕੇਸ਼ਾਹੀ ਉਸ ਨੂੰ ਫੁੱਟੀ ਅੱਖ ਨਹੀਂ ਭਾਉਂਦੀ। ਜਿਸ ਸਿਰੜ ਨਾਲ ਉਹ ਮਿੱਟੀ ਨਾਲ ਮਿੱਟੀ ਹੁੰਦਾ ਹੈ, ਉਸੇ ਨਾਲ ਉਹ ਸਰਕਾਰਾਂ ਨਾਲ ਮੱਥਾ ਲਾਉਣ ਦੀ ਜੁਰਅੱਤ ਵੀ ਰੱਖਦਾ ਹੈ। 'ਪਗੜੀ ਸੰਭਾਲ ਲਹਿਰ (1907 ਈ:) ਇਸ ਦੀ ਗਵਾਹ ਹੈ ਕਿ ਹੱਕਾਂ ਲਈ ਸੰਘਰਸ਼ ਕਰਦਾ ਉਹ ਕਦੇ ਹਿੰਸਕ ਨਹੀਂ ਹੁੰਦਾ ਤੇ ਨਾ ਹੀ ਸਬਰ, ਸੰਤੋਖ, ਸਿਦਕ ਦਾ ਪੱਲਾ ਛੱਡਦਾ ਹੈ। ਸਾਲ 2020-21 ਈ: ਦੌਰਾਨ ਲਗਭਗ ਅਠਾਰਾਂ ਮਹੀਨੇ ਨਿਰੰਤਰ, ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਨੇ ਵੀ ਇਸ ਨੂੰ ਸੱਚ ਕਰ ਦਿਖਾਇਆ ਹੈ। ਕਿਸਾਨ ਆਗੂਆਂ ਆਪਣੇ ਪੁਰਖਿਆਂ ਦੀਆਂ ਪੈੜਾਂ, ਅਹਿੰਸਾ ਕਮਜ਼ੋਰ ਆਦਮੀ ਦਾ ਹਥਿਆਰ ਨਹੀਂ ਹੁੰਦਾ, ਸਨਮੁਖ ਲੋਕ ਲਹਿਰਾਂ ਦੇ ਇਤਿਹਾਸ ਵਿਚ ਇਕ ਹੋਰ ਸੁਨਹਿਰੀ ਪੰਨਾ ਜੋੜ ਦਿੱਤਾ ਹੈ। ਅੱਜ ਇਸ ਕਿਸਾਨ ਅੰਦੋਲਨ ਦਾ ਸ਼ੁਮਾਰ ਦੁਨੀਆਂ ਦੇ ਸਭ ਤੋਂ ਲੰਮੇ ਸ਼ਾਂਤਮਈ ਅੰਦੋਲਨ ਵਜੋਂ ਕੀਤਾ ਜਾਂਦਾ ਹੈ।




ਦੇਸ਼-ਵਿਦੇਸ਼ ਦੇ ਚੋਟੀ ਦੇ ਪੱਤਰਕਾਰਾਂ, ਵਿਦਵਾਨਾਂ ਅਤੇ ਸਾਹਿਤ ਸਭਾਵਾਂ 'ਕਿਸਾਨ ਅੰਦੋਲਨ' ਦੀਆਂ ਸਿਲਸਿਲੇਵਾਰ ਵਾਪਰੀਆਂ ਘਟਨਾਵਾਂ ਨੂੰ ਕਲਮਬੱਧ ਕਰਨ ਦਾ ਯਤਨ ਕੀਤਾ ਹੈ। ਪ੍ਰੋ. ਰੌਣਕੀ ਰਾਮ ਦਾ ਇਕ ਖੋਜ ਪੱਤਰ, 'ਜਰਨਲ ਆਫ ਸਿੱਖ ਐਂਡ ਪੰਜਾਬ ਸਟੱਡੀਜ਼' ਇਕ ਖਾਸ ਜਿਲਦ (ਵਾਲੀਅਮ 29, ਪੇਜ਼ ਨੰਬਰ 182, ਸਪਰਿੰਗ ਫਾਲ-2022 ਜੀ. ਆਈ. ਐਸ. ਐਸ., ਨਿਊਯਾਰਕ) ਵਿਚ ਛਪਿਆ, ਦਾ ਵਿਸਥਾਰਿਤ ਪ੍ਰਤੀਰੂਪ ਹੈ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ' ਪੁਸਤਕ। ਇਸ ਪੁਸਤਕ ਵਿਚ 'ਕਿਸਾਨ ਅੰਦੋਲਨ ਦੇ ਸੌ ਸਾਲ' ਦਾ ਇਤਿਹਾਸ ਦਰਜ ਹੋਣ ਕਾਰਨ ਇਸ ਨੂੰ ਇਕ ਇਤਿਹਾਸਕ ਦਸਤਾਵੇਜ਼ ਆਖਿਆ ਜਾ ਸਕਦਾ ਹੈ। ਪ੍ਰੋ. ਪੀ. ਐਸ. ਭੋਗਲ ਨੇ ਉਕਤ ਖੋਜ ਪੱਤਰ ਦਾ ਸੌਖੀ ਭਾਸ਼ਾ ਵਿਚ ਅਨੁਵਾਦ ਕਰਕੇ ਆਮ ਪਾਠਕ ਨਾਲ ਇਸ ਦੀ ਸਾਂਝ ਪੁਆਈ ਹੈ। ਇਸ ਵਿਚ 6 ਜੂਨ 2020 ਈ: ਤੋਂ ਆਰੰਭ ਹੋਏ ਕਿਸਾਨ ਮੋਰਚੇ ਦਾ 11 ਦਸੰਬਰ 2021 ਈ: ਮੋਰਚਾ ਫਤਹਿ ਹੋਣ ਤੱਕ ਦੀਆਂ ਘਟਨਾਵਾਂ ਦਾ ਬਿਰਤਾਂਤ ਹੈ।

ਡਾ. ਰੌਣਕੀ ਰਾਮ ਨੇ ਲਿਖਿਆ ਹੈ ਕਿ 1849 ਈ: ਵਿਚ ਪੰਜਾਬ 'ਤੇ ਕਾਬਜ਼ ਹੋਣ ਪਿੱਛੋਂ ਬਰਤਾਨਵੀ ਹਕੂਮਤ ਨੇ ਸਾਰੀ ਜ਼ਮੀਨ ਨੂੰ ਸਰਕਾਰੀ ਘੋਸ਼ਿਤ ਕਰ ਦਿੱਤਾ, ਪਰ ਪੰਜਾਬ ਦਾ ਕਿਸਾਨ ਬੰਦਾ ਬਹਾਦਰ ਦੇ ਸਮੇਂ ਤੋਂ ਜ਼ਮੀਨਾਂ 'ਤੇ ਸਰਦਾਰੀ ਕਰ ਰਿਹਾ ਸੀ। ਇਸ ਲਈ ਉਸ ਦੇ ਮਨ ਵਿਚ ਬਰਤਾਨਵੀ ਹਕੂਮਤ ਪ੍ਰਤੀ ਵੱਡਾ ਰੋਸ ਸੀ, ਜੋ 1907 ਈ: ਦੀ 'ਪਗੜੀ ਸੰਭਾਲ ਲਹਿਰ' ਸਮੇਂ ਜਵਾਲਾ ਬਣ ਕੇ ਫੁੱਟ ਪਿਆ। ਇਸ ਲਹਿਰ ਵਿਚ ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ, ਬਾਂਕੇ ਦਿਆਲ, ਬਾਬਾ ਜਵਾਲਾ ਸਿੰਘ ਠੱਠੀਆਂ, ਸਰੀਫੁਦੀਨ, ਖੈਰਦੀਨ, ਵਧਾਵਾ ਰਾਮ, ਤਕੀਆ ਰਾਮ, ਰਾਮ ਸਿੰਘ ਘਾਲਾਮਾਲਾ, ਜੁਗਿੰਦਰ ਸਿੰਘ ਭੰਬਰ, ਪਿਆਰੇ ਲਾਲ, ਲਾਲ ਚੰਦ ਫਲਕ, ਅਮਰਨਾਥ ਪ੍ਰਾਸ਼ਰ ਆਦਿ ਯੋਧਿਆਂ ਦੀ ਕੁਰਬਾਨੀ ਨੂੰ ਪੁਸਤਕ ਵਿਚ ਥਾਂ ਦੇ ਕੇ ਦਰਸਾਉਣ ਦਾ ਸਫਲ ਯਤਨ ਕੀਤਾ ਹੈ ਕਿ ਕਿਸਾਨ ਕਿਸੇ ਹਕੂਮਤ ਦੀ ਟੈਂ ਪ੍ਰਵਾਨ ਨਹੀਂ ਕਰਦਾ।

ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਹਕੂਮਤ ਵਿਰੁੱਧ ਲੜੇ ਸੰਘਰਸ਼ਾਂ ਵਿਚ ਬੰਦੋਬਸਤ ਵਿਰੋਧੀ, ਅੰਮ੍ਰਿਤਸਰ ਦਾ ਸੰਘਰਸ਼ (1938), ਨੀਲੀਬਾਰ ਮੋਰਚਾ (1938), ਜੋ ਬੰਨੇ 'ਤੇ ਹੀ ਅੱਧੋ-ਅੱਧ ਲਈ ਮਸ਼ਹੂਰ ਹੈ, ਚੜਿਕ ਮੋਰਚਾ (1938 ਈ:), ਕੋਟੋਟਾਣਾ ਕਾਨਫਰੰਸ ਸੰਘਰਸ਼ (1941 ਈ:), ਹਰਸਾ ਛੀਨਾ ਮੋਘਾ ਮੋਰਚਾ (1946 ਈ:) ਆਦਿ ਦੀ ਇਤਿਹਾਸਕ ਹਵਾਲਿਆਂ ਨਾਲ ਸਾਂਝ ਪੁਆਈ ਗਈ ਹੈ। ਟਾਂਡਾ ਉੜਮੁੜ ਮੋਰਚਾ (1946 ਈ:) ਅਣਵੰਡੇ ਪੰਜਾਬ ਦਾ ਆਖਰੀ ਮੋਰਚਾ ਸੀ, ਜਿਸ ਵਿਚ ਮੁਸਲਿਮ ਨੇਤਾ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ, ਪਰ ਦੇਸ਼ ਦੀ ਵੰਡ ਕਾਰਨ ਕਿਸੇ ਤਣ-ਪੱਤਣ ਨਾ ਲੱਗ ਸਕਿਆ।

ਕਿਸਾਨਾਂ ਦੀਆਂ ਸ਼ਿਕਾਇਤਾਂ ਆਜ਼ਾਦੀ ਪਿੱਛੋਂ ਵੀ ਦੂਰ ਨਾ ਹੋ ਸਕੀਆਂ। ਪੈਪਸੂ ਮੁਜ਼ਾਰਾ ਅੰਦੋਲਨ (1948-51 ਈ:) ਆਜ਼ਾਦੀ ਪ੍ਰਾਪਤੀ ਉਪਰੰਤ ਕਿਸਾਨਾਂ ਦਾ ਪਹਿਲਾ ਸੰਘਰਸ਼ ਸੀ। 'ਮਹਿਤਪੁਰ ਬੇਟ ਮੁਜ਼ਾਰਾ ਅੰਦੋਲਨ' (1959 ਈ:) ਅਤੇ 'ਬਿਹਤਰੀ ਟੈਕਸ ਵਿਰੋਧੀ ਅੰਦੋਲਨ', ਜਿਸ ਨੂੰ 'ਖੁਸ਼ਹੈਸੀਅਤੀ ਟੈਕਸ ਮੋਰਚਾ' ਵੀ ਕਿਹਾ ਜਾਂਦਾ ਹੈ 'ਪੰਜਾਬ ਕਿਸਾਨ ਸਭਾ' ਦੀ ਅਗਵਾਈ ਵਿਚ ਲੜਿਆ ਗਿਆ। 'ਪੰਜਾਬ ਖੇਤੀਬਾੜੀ ਜ਼ਿਮੀਦਾਰਾ ਯੂਨੀਅਨ' ਬਣਨ ਉਪਰੰਤ 1972 ਈ: ਦੇ ਚੰਡੀਗੜ੍ਹ ਦੇ ਮੋਰਚੇ ਦੀਆਂ ਘਟਨਾਵਾਂ ਨੂੰ ਵੀ ਥਾਂ ਦਿੱਤੀ ਗਈ ਹੈ। ਫਸਲਾਂ ਦੇ 'ਸਮਰਥਨ ਮੁੱਲ' ਅਤੇ 'ਸਰਕਾਰੀ ਮੰਡੀਕਰਣ' ਆਧਾਰਿਤ ਖਰੀਦ ਪ੍ਰਣਾਲੀ ਦੀ ਚਰਚਾ ਪੁਸਤਕ ਵਿਚ ਸ਼ਾਮਲ ਹੈ।

ਕਿਸਾਨ ਅੰਦੋਲਨ (2020-21 ਈ:) ਨੂੰ ਪੰਜਾਬ ਵਿਚ ਆਰੰਭ ਹੋਣ ਤੋਂ ਲੈ ਕੇ ਸਿਲਸਿਲੇਵਾਰ ਘਟਨਾਵਾਂ, ਪੰਜਾਬ ਵਿਚ ਦੋ ਮਹੀਨੇ ਰੇਲ ਆਵਾਜਾਈ ਠੱਪ ਰੱਖਣਾ, ਜੰਮੂ-ਕਸ਼ਮੀਰ ਦਾ ਭਾਰਤ ਨਾਲੋਂ ਕੱਟਿਆ ਜਾਣਾ, 26 ਜਨਵਰੀ 2021 ਈ: ਨੂੰ ਲਾਲ ਕਿਲ੍ਹੇ 'ਤੇ ਗੁੰਮਰਾਹ ਕੀਤੇ ਗੱਭਰੂਆਂ ਵੱਲੋਂ ਨਿਸ਼ਾਨ ਸਾਹਿਬ ਲਾਉਣਾ, ਗੋਦੀ ਮੀਡੀਏ ਵੱਲੋਂ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਲਈ ਯਤਨ ਕਰਨਾ, ਤਿੰਨ ਖੇਤੀ ਆਰਡੀਨੈਂਸਾਂ ਦਾ ਸੰਵਿਧਾਨਕ ਪ੍ਰਕਿਰਿਆ ਰਾਹੀਂ 27 ਸਤੰਬਰ 2020 ਨੂੰ ਕਾਨੂੰਨ ਬਣ ਜਾਣਾ, ਅੰਦੋਲਨ ਵਿਚ ਨਵ-ਵਿਆਹੇ ਜੋੜਿਆਂ, ਬਾਬੇ-ਦਾਦੀਆਂ, ਨੰਨ੍ਹੇ-ਮੁੰਨੇ ਬੱਚਿਆਂ ਦੀ ਹਾਜ਼ਰੀ, ਸਿੰਘੂ, ਟਿਕਰੀ, ਕੁੰਡਲੀ, ਗਾਜ਼ੀਪੁਰ ਬਾਰਡਰਾਂ ਦਾ ਆਮ ਲੋਕਾਂ ਲਈ ਤੀਰਥ ਅਸਥਾਨ ਬਣ ਜਾਣਾ, ਸੰਘਰਸ਼ ਵਿਚ ਔਰਤਾਂ ਦੀ ਬੇਮਿਸਾਲ ਭੂਮਿਕਾ, ਅਮਰੀਕੀ ਗਾਇਕਾ 'ਰਿਹਾਨਾ', ਸਵੀਡਨ ਦੀ ਵਾਤਾਵਰਣ ਬਚਾਓ ਕਾਰਕੁੰਨ ਗ੍ਰੇਟਾ ਥਨਬਰਗ, ਅਮਰੀਕੀ ਉਪ-ਰਾਸ਼ਟਰਪਤੀ ਦੀ ਭਤੀਜੀ ਮੀਨਾ ਹੈਰਿਸ ਆਦਿ ਸ਼ਖਸੀਅਤਾਂ ਦਾ ਸਹਿਯੋਗ ਮਿਲਣਾ ਅਤੇ ਕੇਂਦਰ ਸਰਕਾਰ ਵੱਲੋਂ 19 ਨਵੰਬਰ 2021 ਈ: ਨੂੰ ਕਿਸਾਨਾਂ ਅੱਗੇ ਗੋਡੇ ਟੇਕ ਕੇ ਤਿੰਨੋ ਖੇਤੀ ਕਾਨੂੰਨ ਵਾਪਸ ਲੈਣ ਤੱਕ ਦਾ ਮੁਕੰਮਲ ਵਰਣਨ ਪੁਸਤਕ ਵਿਚ ਕੀਤਾ ਗਿਆ ਹੈ।

ਪੁਸਤਕ ਦੇ ਅੰਤ ਵਿਚ ਪੰਨਾ 122 ਤੋਂ 157 ਤੱਕ ਕਾਨੂੰਨ ਅਤੇ ਨਿਆਂ ਮੰਤਰਾਲਾ ਵੱਲੋਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਪ੍ਰਵਾਨ ਅਤੇ ਰੱਦ ਕਰਨ ਵਾਲੇ ਪੱਤਰਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾ ਵਿਦਿਅਕ ਮਨੋਰਥਾਂ ਲਈ ਦਰਜ ਕੀਤਾ ਗਿਆ ਹੈ, ਜੋ ਪੁਸਤਕ ਦੀ ਵਿਲੱਖਣਤਾ 'ਤੇ ਮੋਹਰ ਲਾਉਂਦਾ ਹੈ।

ਡਾ. ਰੌਣਕੀ ਰਾਮ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਦੇਸ਼-ਵਿਦੇਸ਼ ਦੀਆਂ ਸਿਰਕੱਢ ਅਖਬਾਰਾਂ ਦੇ ਹਵਾਲੇ ਆਪਣੇ ਵਿਚਾਰਾਂ ਦੀ ਸਰੇਸ਼ਟਤਾ ਲਈ ਦਰਜ ਕੀਤੇ ਹਨ, ਜੋ ਪੁਸਤਕ ਦੇ ਹਰੇਕ ਤੱਥ ਨੂੰ ਵਜ਼ਨਦਾਰ ਬਣਾਉਂਦੇ ਹਨ, ਪਰ ਉਹਨਾਂ ਚਰੰਜੀ ਲਾਲ ਕੰਗਣੀਵਾਲ ਦੀਆਂ ਅਣਛਪੀਆਂ ਲਿਖਤਾਂ (ਪੰਨਾ 164) ਦੇ ਹਵਾਲੇ ਵੀ ਦਰਜ ਕੀਤੇ ਹਨ, ਜਿਨ੍ਹਾਂ ਨਾਲ ਤਸਦੀਕ ਕੀਤੇ ਤੱਥਾਂ ਦੇ ਸੰਦਿਗਧ ਹੋਣ ਦਾ ਖਦਸ਼ਾ ਹੈ, ਕਿਉਂਕਿ ਕੋਈ ਵੀ ਜੀਵਤ ਵਿਦਵਾਨ ਆਪਣੀ ਲਿਖਤ ਵਿਚ ਹਾਲਾਤ/ਖੋਜ ਸਨਮੁੱਖ ਸੋਧ ਕਰਨ ਦਾ ਹੱਕ ਰੱਖਦਾ ਹੈ। ਇਸ ਤਰ੍ਹਾਂ ਕੁਝ ਤੱਥਾਂ 'ਤੇ ਪ੍ਰਸ਼ਨ ਚਿੰਨ੍ਹ ਲੱਗਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਕਤ ਪੁਸਤਕ ਬਾਰੇ ਪ੍ਰੋ. ਸਟੀਵ ਟੇਲਰ ਦਾ ਕਥਨ, 'ਵਿਦਿਅਕ ਮਾਹਿਰਾਂ, ਕਾਰਕੁੰਨਾਂ, ਨੀਤੀਵਾਨਾਂ, ਪੱਤਰਕਾਰਾਂ ਅਤੇ ਹਰ ਉਸ ਵਿਅਕਤੀ ਲਈ ਇਹ ਕਿਤਾਬ ਪੜ੍ਹਨੀ ਬਹੁਤ ਜ਼ਰੂਰੀ ਹੈ, ਜਿਹਨੂੰ ਪੰਜਾਬ, ਭਾਰਤ ਤੇ ਵਿਸ਼ਵ-ਵਿਆਪੀ ਖੇਤੀਬਾੜੀ ਵਿਚ ਕੋਈ ਦਿਲਚਸਪੀ ਹੈ, 'ਇਸ ਵਿਚ ਦਰਜ ਵੇਰਵਿਆਂ ਨੂੰ ਮਿਸਾਲੀ ਬਣਾਉਂਦਾ ਹੈ।

ਇਸ ਲਈ ਇਹ ਪੁਸਤਕ ਸਾਂਭਣਯੋਗ ਇਕ ਇਤਿਹਾਸਕ ਦਸਤਾਵੇਜ਼ ਹੈ।

# ਪਾਦਰੀਆਂ ਦੇ ਜਿਨਸੀ ਸ਼ੋਸ਼ਣ 'ਸਕੈਂਡਲ' ਨਿੰਦਣਯੋਗ : ਪੋਪ ਫ੍ਰਾਂਸਿਸ

**ਲਿਸਬਨ-** ਕੈਥੋਲਿਕ ਚਰਚ ਦੇ ਵਿਸ਼ਵ ਯੁਵਾ ਦਿਵਸ ਉਤਸਵ ਲਈ ਲਿਸਬਨ ਦੀ ਪੰਜ-ਦਿਨ ਯਾਤਰਾ ਦੇ ਪਹਿਲੇ ਦਿਨ ਈਸਾਈ ਧਰਮ ਦੇ ਸੀਨੀਅਰ ਆਗੂ ਪੋਪ ਫ੍ਰਾਂਸਿਸ ਨੇ ਪੁਰਤਗਾਲੀ ਚਰਚ ਦੇ ਸੰਕਟ 'ਤੇ ਚਰਚਾ ਕੀਤੀ। ਕੈਥੋਲਿਕ ਈਸਾਈ ਧਰਮ ਦੇ ਸੀਨੀਅਰ ਆਗੂ ਪੋਪ ਫ੍ਰਾਂਸਿਸ ਬੁੱਧਵਾਰ ਨੂੰ 'ਵਿਸ਼ਵ ਯੁਵਾ ਦਿਵਸ' ਦੀ ਸ਼ੁਰੂਆਤ ਮੌਕੇ ਪੁਰਤਗਾਲ ਦੀ ਰਾਜਧਾਨੀ ਲਿਸਬਨ ਪਹੁੰਚੇ। ਇੱਥੇ ਫ੍ਰਾਂਸਿਸ ਨੇ ਪਾਦਰੀਆਂ ਦੇ ਜਿਨਸੀ ਸ਼ੋਸ਼ਣ ਤੋਂ ਬਚੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਲੰਬੇ ਸਮੇਂ ਤੋਂ ਅਣਡਿੱਠ ਕੀਤੇ ਗਏ ਘੁਟਾਲੇ 'ਤੇ ਪ੍ਰਤੀਕਿਰਿਆ ਨਾ ਕਰਨ ਲਈ ਦੇਸ਼ ਦੇ ਕੈਥੋਲਿਕ ਲੜੀ ਦੇ ਮੈਂਬਰਾਂ ਦੀ ਨਿੰਦਾ ਕੀਤੀ। ਫ੍ਰਾਂਸਿਸ ਨੇ ਕਿਹਾ ਕਿ ਇਸ ਕਾਰਨਾਮੇ ਨੇ ਕੈਥੋਲਿਕ ਚਰਚ ਨੂੰ ਨੁਕਸਾਨ ਪਹੁੰਚਾਇਆ ਅਤੇ ਵਫ਼ਾਦਾਰਾਂ ਨੂੰ ਨਿਰਾਸ਼ ਕੀਤਾ।

ਫ੍ਰਾਂਸਿਸ ਦੀ ਯਾਤਰਾ ਇੱਕ ਨਾਜ਼ੁਕ ਪਲ 'ਤੇ ਹੋ ਰਹੀ ਹੈ ਜਦੋਂ ਪੁਰਤਗਾਲ ਦੇ ਬਿਸ਼ਪਾਂ ਦੁਆਰਾ ਨਿਯੁਕਤ ਕੀਤੇ ਗਏ ਮਾਹਰਾਂ ਦੇ ਇੱਕ ਪੈਨਲ ਨੇ ਫਰਵਰੀ ਵਿੱਚ ਰਿਪੋਰਟ ਦਿੱਤੀ ਸੀ ਕਿ ਪਾਦਰੀਆਂ ਅਤੇ ਹੋਰ ਚਰਚ ਦੇ ਕਰਮਚਾਰੀਆਂ ਨੇ 1950 ਤੋਂ ਘੱਟੋ-ਘੱਟ 4,815 ਮੁੰਡਿਆਂ ਅਤੇ ਕੁੜੀਆਂ ਨਾਲ ਦੁਰਵਿਵਹਾਰ ਕੀਤਾ। ਵੈਟੀਕਨ ਨੇ ਕਿਹਾ ਕਿ ਫ੍ਰਾਂਸਿਸ ਨੇ ਵੈਟੀਕਨ ਦੂਤਘਰ ਵਿੱਚ ਇੱਕ ਘੰਟੇ ਤੋਂ ਵੱਧ ਸਮੇਂ ਤੱਕ 13 ਦੁਰਵਿਵਹਾਰ ਪੀੜਤਾਂ ਨਾਲ ਮੁਲਾਕਾਤ ਕੀਤੀ। ਪੀੜਤਾਂ ਦੇ ਨਾਲ ਬਾਲ ਸੁਰੱਖਿਆ ਪ੍ਰੋਗਰਾਮਾਂ ਦੇ ਇੰਚਾਰਜ ਚਰਚ ਦੇ ਕਰਮਚਾਰੀ ਵੀ ਸਨ। ਰਿਪੋਰਟ ਤੋਂ ਪਹਿਲਾਂ ਪੁਰਤਗਾਲੀ ਚਰਚ ਦੇ ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸਿਰਫ ਮੁੱਠੀ ਭਰ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਸਨ। ਦਸਤਾਵੇਜ਼ ਦੇ ਜਾਰੀ ਹੋਣ ਤੋਂ ਬਾਅਦ ਬਿਸ਼ਪਾਂ ਨੇ ਸ਼ੁਰੂ ਵਿੱਚ ਨਾਮੀ ਦੁਰਵਿਵਹਾਰ ਕਰਨ ਵਾਲਿਆਂ ਨੂੰ ਮੰਤਰਾਲੇ ਤੋਂ ਹਟਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਪੀੜਤਾਂ ਨੂੰ ਤਾਂ ਹੀ ਮੁਆਵਜ਼ਾ ਦੇਣਗੇ ਜੇਕਰ ਅਦਾਲਤਾਂ ਉਨ੍ਹਾਂ ਨੂੰ ਆਦੇਸ਼ ਦੇਣ। ਪੀੜਤਾਂ ਨਾਲ ਮੁਲਾਕਾਤ ਫ੍ਰਾਂਸਿਸ ਦੁਆਰਾ ਰਾਜਧਾਨੀ ਦੇ ਮਸ਼ਹੂਰ ਜੇਰੋਨੀਮੋਸ ਮੱਠ ਵਿੱਚ ਪੁਰਤਗਾਲੀ ਪਾਦਰੀਆਂ ਅਤੇ ਨਨਾਂ ਲਈ ਇੱਕ ਚੌਕਸੀ ਸੇਵਾ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਹੋਈ, ਜਿੱਥੇ ਫਰਵਰੀ ਵਿੱਚ ਪੀੜਤਾਂ ਲਈ ਪ੍ਰਾਰਥਨਾ ਕਰਨ ਲਈ ਰਿਪੋਰਟ ਜਾਰੀ ਕੀਤੇ ਜਾਣ ਤੋਂ ਬਾਅਦ ਸੈਂਕੜੇ ਲੋਕ ਇਕੱਠੇ ਹੋਏ ਸਨ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਭਾਰਤ (ਰਜਿ:) ਦੀ ਮੀਟਿੰਗ ਵਿੱਚ ਨਵੀਆਂ ਨਿਯੁਕਤੀਆਂ ਕੀਤੀਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀਂ ਭਗਵਾਨ ਬਾਲਮੀਕ ਤੀਰਥ ਗਿਆਨ ਆਸ਼ਰਮ ਅੰਮ੍ਰਿਤਸਰ ਵਿਖੇ ਆਸ਼ਰਮ ਦੀ ਇਕੋ-ਇਕ ਨਿਰੋਲ ਜਥੇਬੰਦੀ ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਭਾਰਤ ਰਜਿ: ਦੀ ਇਕ ਵਿਸ਼ੇਸ਼ ਅਹਿਮ ਹੰਗਾਮੀ ਮੀਟਿੰਗ ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਡਾ ਭੁਪਿੰਦਰ ਸਿੰਘ ਸਿੱਧੂ ਅਤੇ ਜਿਲ੍ਹਾ ਚੇਅਰਮੈਨ ਅਮਿ-ਤਸਰ ਬਲਵਿੰਦਰ ਸਹੋਤਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਜਥੇਬੰਦੀ ਵਲੋਂ ਸਮਾਜ ਵਿਚ ਕੀਤੇ ਜਾਣ ਵਾਲੇ ਸਮਾਜਿਕ, ਧਾਰਮਿਕ ਕੰਮਾਂ ਅਤੇ ਜਥੇਬੰਦੀ ਦੇ ਨਿਯਮਾਂ ਕਾਨੂੰਨਾਂ ਤੋਂ ਸਾਰੇ ਨਵੇਂ ਅਤੇ ਪੁਰਾਣੇ ਸਾਥੀਆਂ ਨੂੰ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਨਾਲ ਹੀ ਜਥੇਬੰਦੀ ਦਾ ਵਿਸਤਾਰ ਕਰਦੇ ਹੋਏ ਬਹੁਤ ਸਾਰੇ ਨਵੇਂ ਸਾਥੀਆਂ ਨੂੰ ਜਥੇਬੰਦੀ ਦੀ ਮੈਂਬਰਸ਼ਿਪ ਦੇ ਕੇ ਆਪਣੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਮਾਜ ਦੀ ਬਿਨ੍ਹਾ ਕਿਸੇ ਲਾਲਚ, ਧੋਖਾਧੜੀ ਤੋਂ ਸੇਵਾ ਕਰਨ ਦੀ ਗੱਲਬਾਤ ਰੱਖੀ ਗਈ। ਜਥੇਬੰਦੀ ਦੀ ਵਿੱਚ ਸਾਰੇ ਨਵੇਂ ਮੈਂਬਰਾਂ ਦਾ ਡਾ ਭੁਪਿੰਦਰ ਸਿੱਧੂ ਵਲੋਂ ਸਵਾਗਤ ਕੀਤਾ ਗਿਆ। ਸੰਤ ਸਤਿਗੁਰੂ ਗਿਰਧਾਰੀ ਨਾਥ ਜੀ ਮਹਾਰਾਜ ਵਲੋਂ ਸਾਰੇ ਨਵੇਂ ਅਤੇ ਪੁਰਾਣੇ ਮੈਂਬਰਾਂ ਲਈ ਇਕ ਆਦੇਸ਼ ਜਾਰੀ ਕੀਤਾ ਗਿਆ ਹੈ ਕਿ ਸਾਰੇ ਆਪਣੇ ਆਪਣੇ ਤਰੀਕੇ ਨਾਲ ਜਿਥੇ ਕਿਤੇ ਵੀ ਕਿਸੇ ਸਾਥੀ ਦਾ ਸਮਾਜ ਨਾਲ ਰਾਬਤਾ ਕਾਇਮ ਹੈ ਉਹ ਉਸ ਜਗ੍ਹਾ ਤੇ ਪਹੁੰਚ ਕੇ ਸਾਰੇ ਸਮਾਜ ਨੂੰ ਇਕਜੁੱਟ ਕਰਨ ਲਈ ਕੰਮ ਕਰੇ ਅਤੇ ਹਰੇਕ ਪਿੰਡ, ਸ਼ਹਿਰ ਕਸਬੇ ਵਿੱਚ 11, 21, 31, 51 ਮੈਂਬਰੀ ਕਮੇਟੀ ਬਣਾ ਕੇ ਉਸ ਦੀ ਸਾਰੀ ਜਾਣਕਾਰੀ ਆਸ਼ਰਮ ਨੂੰ ਦੇਵੇ।



ਇਸ ਮੌਕੇ ਤੇ ਜਥੇਬੰਦੀ ਦੇ ਜਨਰਲ ਸਕੱਤਰ ਪੰਜਾਬ ਮੇਜਰ ਸਿੰਘ ਰੰਧਾਵਾ ਅਤੇ ਮੇਜਰ ਸਿੰਘ ਗੋਲਡੀ, ਸੰਯੁਕਤ ਸਕੱਤਰ ਪੰਜਾਬ ਪ੍ਰਗਟ ਸਿੰਘ, ਚੇਅਰਮੈਨ ਮਾਝਾ ਜੋਨ ਬਗੀਚਾ ਸਿੰਘ ਰੰਧਾਵਾ, ਮਾਝਾ ਜੋਨ ਪ੍ਰਧਾਨ ਮਨਜੀਤ ਸਿੰਘ ਮੰਡਿਆਲਾ, ਕੁਲਦੀਪ ਸਿੰਘ ਜਨਰਲ ਸਕੱਤਰ ਮਾਝਾ ਜੋਨ, ਸੋਨੂ ਅਜਨਾਲਾ ਯੂਥ ਚੇਅਰਮੈਨ ਮਾਝਾ ਜੋਨ, ਸਾਹਬੀ ਨਾਥ ਅਮ੍ਰਿਤਸਰ, ਜਰਨੈਲ ਸਿੰਘ ਸੀਨੀਅਰ ਵਾਇਸ ਚੇਅਰਮੈਨ ਜਿਲ੍ਹਾ ਫਿਰੋਜ਼ਪੁਰ, ਕਮਲਜੀਤ ਕੌਰ ਜਿਲ੍ਹਾ ਚੇਅਰਮੈਨ ਮਹਿਲਾ ਵਿੰਗ ਅਮ੍ਰਿਤਸਰ, ਮਾਇਆ ਦੇਵੀ ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਤਰਨਤਾਰਨ, ਬਲਵਿੰਦਰ ਕੌਰ ਜਿਲ੍ਹਾ ਸੈਕਟਰੀ ਮਹਿਲਾ ਵਿੰਗ ਤਰਨਤਾਰਨ, ਅਵਤਾਰ ਸਿੰਘ ਭਾਗੋਕੇ ਸੀਨੀਅਰ ਮੀਤ ਪ੍ਰਧਾਨ ਜਿਲ੍ਹਾ ਫਿਰੋਜ਼ਪੁਰ, ਤਰਸੇਮ ਸਿੰਘ ਇੰਚਾਰਜ ਜਿਲ੍ਹਾ ਫਿਰੋਜ਼ਪੁਰ ਕੋਰ ਕਮੇਟੀ, ਗੁਰਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ ਫਿਰੋਜ਼ਪੁਰ, ਸੰਦੀਪ ਸਿੰਘ ਮੈਂਬਰ ਕੋਰ ਕਮੇਟੀ ਅੰਮ੍ਰਿਤਸਰ ਆਦਿ ਹਾਜ਼ਰ ਸਨ। ਇਸ ਮੌਕੇ ਤੇ ਸਾਰੇ ਸਾਥੀਆਂ ਦੀ ਹਾਜਰੀ ਵਿੱਚ ਸੁਖਜਿੰਦਰ ਸਿੰਘ ਧਿਆਨਪੁਰ, ਨਿਤਿਨ ਗਿੱਲ, ਮਨੀ, ਵਿਜੇ ਕੁਮਾਰ ਮੱਟੀ, ਸੋਨੂ ਮੱਟੂ, ਰਾਜਵਿੰਦਰ ਸਿੰਘ, ਦਿਲਬਾਗ ਸਿੰਘ ਆਦਿ ਦੇ ਨਾਲ ਨਾਲ ਬਹੁਤ ਸਾਰੇ ਸਾਥੀਆਂ ਨੂੰ ਸੰਤ ਸਤਿਗੁਰੂ ਗਿਰਧਾਰੀ ਨਾਥ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਸਮਾਜ ਸੇਵਾ ਲਈ ਵਲੰਟੀਅਰ ਚੁਣਿਆ ਗਿਆ।

# ਪੰਜਾਬ ਸਰਕਾਰ ਕਮਜ਼ੋਰ ਵਰਗ ਨੂੰ ਉੱਚਾ ਚੁੱਕਣ ਲਈ ਵਚਨਬੱਧ - ਬ੍ਰਹਮ ਸ਼ੰਕਰ ਜਿੰਪਾ

## ਕੈਬਨਿਟ ਮੰਤਰੀ ਨੇ ਪੀ.ਐਮ.ਏ.ਵਾਈ (ਸ਼ਹਿਰੀ) ਤਹਿਤ ਘਰਾਂ ਦੇ ਨਿਰਮਾਣ ਲਈ ਲਾਭਪਾਤਰੀਆਂ ਨੂੰ ਸੌਂਪੇ ਵਿੱਤੀ ਸਹਾਇਤਾ ਦੇ ਚੈੱਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਮੇਸ਼ਾ ਜ਼ਰੂਰਤਮੰਦਾਂ ਦਾ ਹੱਥ ਫੜਿਆ ਹੈ ਅਤੇ ਸਰਕਾਰ ਵਲੋਂ ਵੱਖ-ਵੱਖ ਯੋਜਨਾਵਾਂ ਰਾਹੀਂ ਕਮਜ਼ੋਰ ਵਰਗ ਨੂੰ ਉੱਚਾ ਚੁੱਕਣ ਲਈ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਦੇ ਸੂਬਾ ਪੱਧਰੀ ਸਮਾਗਮ ਵਿਚ ਵਰਚੂਅਲ ਤੌਰ 'ਤੇ ਹਿੱਸਾ ਲੈਣ ਤੋਂ ਬਾਅਦ ਲਾਭਪਾਤਰੀਆਂ ਨੂੰ ਘਰਾਂ ਦੇ ਨਿਰਮਾਣ ਲਈ ਚੈੱਕ ਸੌਂਪਣ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰਧਾਨ ਮੰਤਰੀ ਆਵਾਸ ਯੋਜਨਾ




(ਸ਼ਹਿਰੀ) ਸਕੀਮ ਤਹਿਤ ਘਰਾਂ ਦੇ ਨਿਰਮਾਣ ਲਈ 25000 ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਵਜੋਂ 101 ਕਰੋੜ ਰੁਪਏ ਦੇ ਚੈੱਕ ਸੌਂਪੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਹਰ ਲਾਭਪਾਤਰੀ ਨੂੰ 1.75 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਵਿਸ਼ੇਸ਼ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪੱਛੜੇ ਵਰਗ ਦੇ ਕਲਿਆਣ ਲਈ ਵਚਨਬੱਧ ਹੈ। ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਤਹਿਤ ਜ਼ਿਲ੍ਹੇ ਦੇ ਨਗਰ ਨਿਗਮਾਂ ਤੇ ਨਗਰ ਪ੍ਰੀਸ਼ਦਾਂ ਤਹਿਤ 727 ਲਾਭਪਾਤਰੀਆਂ ਨੂੰ 2 ਕਰੋੜ 31 ਲੱਖ 53 ਹਜ਼ਾਰ ਰੁਪਏ ਦਾ ਲਾਭ ਮਿਲਿਆ ਹੈ। ਇਸ ਵਿਚ ਨਗਰ ਨਿਗਮ ਹੁਸ਼ਿਆਰਪੁਰ ਦੇ 202 ਲਾਭਪਾਤਰੀਆਂ ਨੂੰ 82.77 ਲੱਖ ਰੁਪਏ, ਤਲਵਾੜਾ ਦੇ 70 ਲਾਭਪਾਤਰੀਆਂ ਨੂੰ 18.54 ਲੱਖ, ਉੜਮੁੜ ਟਾਂਡਾ ਦੇ 22 ਲਾਭਪਾਤਰੀਆਂ ਨੂੰ 5.5 ਲੱਖ, ਦਸੂਹਾ ਦੇ 89 ਲਾਭਪਾਤਰੀਆਂ ਨੂੰ 22.15 ਲੱਖ, ਗੜ੍ਹਦੀਵਾਲਾ ਦੇ 66 ਲਾਭਪਾਤਰੀਆਂ ਨੂੰ 18.7 ਲੱਖ, ਮੁਕੇਰੀਆਂ ਦੇ 87 ਲਾਭਪਾਤਰੀਆਂ ਨੂੰ 29.49 ਲੱਖ, ਹਰਿਆਣਾ ਦੇ 61 ਲਾ-ਭਪਾਤਰੀਆਂ ਨੂੰ 13.91 ਲੱਖ, ਸ਼ਾਮਚੁਰਾਸੀ ਦੇ 56 ਲਾ-ਭਪਾਤਰੀਆਂ ਨੂੰ 16.65 ਲੱਖ, ਮਾਹਿਲਪੁਰ ਦੇ 25 ਲਾਭਪਾਤਰੀਆਂ ਨੂੰ 5.62 ਲੱਖ ਅਤੇ ਗੜ੍ਹਸ਼ੰਕਰ ਦੇ 59 ਲਾ-ਭਪਾਤਰੀਆਂ ਨੂੰ 18.2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਸ ਮੌਕੇ ਐਮ.ਟੀ.ਪੀ. ਨਗਰ ਨਿਗਮ ਹੁਸ਼ਿਆਰਪੁਰ ਲਖਬੀਰ ਸਿੰਘ, ਜ਼ਿਲ੍ਹੇ ਦੀਆਂ ਨਗਰ ਪ੍ਰੀਸ਼ਦਾਂ ਦੇ ਸਮੂਹ ਕਾਰ-ਜਸਾਧਕ ਅਫ਼ਸਰ, ਸੁਮੇਸ਼ ਸੋਨੀ, ਵਰਿੰਦਰ ਵੈਦ ਵੀ ਮੌਜੂਦ ਸਨ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928




RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਆਪਣੇ ਫੌਜੀ ਪਤੀ ਨੂੰ ਕਈ ਮਹੀਨਿਆਂ ਤੱਕ ਕੌਫ਼ੀ ਵਿਚ ਮਿਲਾ ਕੇ ਦਿੰਦੀ ਰਹੀ ਜ਼ਹਿਰ, ਹੋਈ ਗ੍ਰਿਫਤਾਰ, ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਇਕ ਔਰਤ ਨੂੰ ਆਪਣੇ ਫੌਜੀ ਪਤੀ ਨੂੰ ਮਾਰਨ ਦੀ ਕੋਸ਼ਿਸ਼ ਵਜੋਂ ਕਈ ਮਹੀਨਿਆਂ ਤੱਕ ਕੌਫੀ ਵਿਚ ਮਿਲਾ ਕੇ ਜ਼ਹਿਰ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਨ ਦੀ ਖਬਰ ਹੈ। ਮੈਲੋਡੀ ਫੈਲੀਕਾਨੋ ਜੌਹਨਸਨ ਵਾਸੀ ਟਕਸਨ ਵਿਰੁੱਧ ਇਕ ਗਰੈਂਡ ਜਿਊਰੀ ਨੇ ਪਹਿਲਾ ਦਰਜਾ ਹੱਤਿਆ ਦੀ ਕੋਸ਼ਿਸ਼ ਤੇ ਖਾਣੇ ਵਿਚ ਜ਼ਹਿਰ ਮਿਲਾਉਣ ਦੇ ਦੋਸ਼ ਆਇਦ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਸ਼ੱਕੀ ਦੋਸ਼ੀ ਔਰਤ ਦੇ ਪਤੀ ਰੌਬੀ ਜੌਹਨਸਨ ਨੂੰ ਲੱਗਾ ਕੇ ਉਸ ਦੀ ਕੌਫੀ ਦਾ ਸਵਾਦ ਕੁਝ ਅਜੀਬ ਕਿਸਮ ਦਾ ਹੈ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਉਹ ਤੇ ਉਸ ਦੀ ਪਤਨੀ ਜਰਮਨੀ ਵਿਚ ਠਹਿਰੇ ਹੋਏ ਸਨ। ਪੁਲਿਸ ਅਨੁਸਾਰ ਰੌਬੀ ਜੌਹਨਸਨ ਯੂ ਐਸ ਏਅਰ ਫੋਰਸ ਵਿਚ ਨੌਕਰੀ ਕਰਦਾ ਹੈ। ਹਾਲਾਂ ਕਿ ਪਤੀ-ਪਤਨੀ ਵਿਚਾਲੇ ਤਲਾਕ ਦੀ ਪ੍ਰਕ੍ਰਿਆ ਚੱਲ ਰਹੀ ਸੀ ਪਰੰਤੂ ਇਹ ਦੋਨੋਂ ਅਜੇ ਵੀ ਬੱਚਿਆਂ ਨਾਲ ਇਕੱਠੇ ਹੀ ਰਹਿੰਦੇ ਸਨ। ਅਦਾਲਤੀ ਦਸਤਾਵੇਜ ਅਨੁਸਾਰ ਰੌਬੀ ਜੌਹਨਸਨ ਨੇ ਇਕ ਖੁਫੀਆ ਕੈਮਰਾ ਲਾਇਆ ਜਿਸ ਵਿਚ ਉਸ ਦੀ ਪਤਨੀ ਕੌਫੀ ਬਣਾਉਣ ਸਮੇ ਇਕ ਅਗਿਆਤ ਪਦਾਰਥ ਕੌਫੀ ਵਿਚ ਪਾਉਂਦੀ ਵੇਖੀ ਗਈ। ਰੌਬੀ ਜੌਹਨਸਨ ਦਾ ਵਿਸ਼ਵਾਸ਼ ਹੈ ਕਿ ਉਸ ਦੀ ਪਤਨੀ ਨੇ ਮੌਤ ਉਪਰੰਤ ਉਸ ਦੀ ਸਰਵਿਸ ਦੇ ਲਾਭ ਲੈਣ ਲਈ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਮੈਲੋਡੀ ਜੌਹਨਸਨ ਨੂੰ ਪੀਮਾ ਕਾਊਂਟੀ ਜੇਲ ਵਿਚ ਰੱਖਿਆ ਗਿਆ ਹੈ। ਉਸ ਦੀ ਅਗਲੀ ਪੇਸ਼ੀ 6 ਸਤੰਬਰ ਨੂੰ ਹੋਵੇਗੀ।



# ਰਾਹੁਲ ਗਾਂਧੀ ਨੂੰ ਫਿਰ ਅਲਾਟ ਹੋਇਆ ਸਰਕਾਰੀ ਬੰਗਲਾ

**ਨਵੀਂ ਦਿੱਲੀ–** ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਮੰਗਲਵਾਰ ਨੂੰ ਉਨ੍ਹਾਂ ਦਾ ਪੁਰਾਣਾ ਸਰਕਾਰੀ ਬੰਗਲਾ 12 ਤੁਗਲਕ ਲੇਨ ਵੀ ਵਾਪਸ ਮਿਲ ਗਿਆ ਹੈ। ਗੋਰਖਪੁਰ ਤੋਂ ਭਾਜਪਾ ਸਾਂਸਦ ਰਵੀ ਕਿਸ਼ਨ ਨੇ ਗਾਂਧੀ ਨੂੰ ਉਨ੍ਹਾਂ ਦਾ ਬੰਗਲਾ ਵਾਪਸ ਮਿਲਣ ਤੋਂ ਬਾਅਦ ਟਿੱਪਣੀ ਕੀਤੀ ਹੈ, ਜਿਸ 'ਤੇ ਕਾਂਗਰਸ ਨੇ ਜਵਾਬੀ ਹਮਲਾ ਕੀਤਾ ਹੈ।

ਰਾਹੁਲ ਗਾਂਧੀ ਨੂੰ ਸਰਕਾਰੀ ਬੰਗਲਾ ਮਿਲਣ ਤੋਂ ਬਾਅਦ ਬੀਜੇਪੀ ਸੰਸਦ ਮੈਂਬਰ ਰਵੀ ਕਿਸ਼ਨ ਨੇ ਕਿਹਾ ਕਿ ਇਹ ਪੀਐੱਮ ਮੋਦੀ ਦਾ ਵਡੱਪਣ ਹੈ, ਜਦੋਂਕਿ ਕਾਂਗਰਸ ਨੇ ਪਲਟਵਾਰ ਕੀਤਾ ਕਿ ਸੰਸਦ ਮੈਂਬਰ ਦਾ ਬੰਗਲਾ ਪੀਐੱਮ ਮੋਦੀ ਦੀ ਨਿੱਜੀ ਜਾਇਦਾਦ ਨਹੀਂ ਹੈ। ਰਵੀ ਕਿਸ਼ਨ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਸੋਚ ਦੇਖੋ ਕਿ ਰਾਹੁਲ ਗਾਂਧੀ ਅਦਾਲਤ ਤੋਂ ਸਟੇਅ 'ਤੇ ਬਾਹਰ ਹਨ ਪਰ ਫਿਰ ਵੀ ਤੁਹਾਨੂੰ ਬੰਗਲਾ ਦਿੱਤਾ ਗਿਆ ਹੈ, ਤੁਸੀਂ ਉਨ੍ਹਾਂ ਦੇ ਕੰਮਾਂ ਨੂੰ ਮੰਨਦੇ ਹੋ। ਕਦੇ ਤਾਂ ਤੁਸੀਂ ਉਨ੍ਹਾਂ ਦੀਆਂ ਕੁਝ ਗੱਲਾਂ ਦੀ ਤਾਰੀਫ ਕਰੋ।



ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੇ 2019 ਦੇ ਮੋਦੀ ਸਰਨੇਮ ਕੇਸ ਵਿਚ ਰਾਹੁਲ ਗਾਂਧੀ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ, ਜਿਸ ਤੋਂ ਬਾਅਦ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਬਹਾਲ ਕਰ ਦਿੱਤੀ ਗਈ। ਲੋਕ ਸਭਾ ਦੀ ਹਾਊਸ ਕਮੇਟੀ ਨੇ ਪ੍ਰੋਟੋਕੋਲ ਦੇ ਅਨੁਸਾਰ ਉਸ ਦਾ ਬੰਗਲਾ ਦੁਬਾਰਾ ਅਲਾਟ ਕਰ ਦਿੱਤਾ, ਜੋ ਉਸ ਨੇ ਅਪ੍ਰੈਲ ਵਿੱਚ ਖਾਲੀ ਕੀਤਾ ਸੀ। ਇਸ ਦੇ ਨਾਲ ਹੀ ਰਾਹੁਲ ਗਾਂਧੀ ਨੇ 12 ਤੁਗਲਕ ਲੇਨ ਦੀ ਮੁੜ ਵੰਡ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ, 'ਮੇਰਾ ਘਰ ਪੂਰਾ ਹਿਦੁਸਤਾਨ ਹੈ।' ਕਾਂਗਰਸ ਨੇਤਾ ਸੁਪ੍ਰੀਆ ਸ਼੍ਰੀਨਾਤੇ ਨੇ ਰਵੀ ਕਿਸ਼ਨ ਦੇ ਬਿਆਨ 'ਤੇ ਪਲਟਵਾਰ ਕਰਦੇ ਹੋਏ ਕਿਹਾ, ਰਾਹੁਲ ਗਾਂਧੀ ਨੇ ਜੋ ਐਮਪੀ ਬੰਗਲਾ ਵਾਪਸ ਦਿੱਤਾ ਹੈ, ਉਹ ਪੀਐੱਮ ਮੋਦੀ ਦੀ ਨਿੱਜੀ ਜਾਇਦਾਦ ਨਹੀਂ ਹੈ, ਸਗੋਂ ਪੀਐੱਮ ਮੋਦੀ ਦੀ ਮਿਹਰਬਾਨੀ ਨਾਲ ਨਹੀਂ, ਸਗੋਂ ਜਨਤਾ ਦੀਆਂ ਵੋਟਾਂ ਨਾਲ ਹਾਸਿਲ ਕੀਤਾ ਗਿਆ ਸੀ।

# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਬੈਨਰ ਹੇਠ 15 ਅਕਤੂਬਰ ਤੋਂ 26 ਨਵੰਬਰ ਤੱਕ ਮੈਚ ਹੀ ਮੈਚ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਵੱਲੋਂ 'ਨਿਊਜ਼ੀਲੈਂਡ ਸਿੱਖ ਖੇਡਾਂ' ਦੀ ਮੈਨੇਜਮੈਂਟ ਅਤੇ ਪ੍ਰਮੁੱਖ ਖੇਡ ਕਲੱਬਾਂ ਦੇ ਸਹਿਯੋਗ ਸਦਕਾ ਹਰ ਸਾਲ ਲੜੀਵਾਰ ਕਰਵਾਏ ਜਾਣ ਵਾਲੇ ਖੇਡ ਤੇ ਸਭਿਆਚਾਰਕ ਮੇਲਿਆਂ ਦਾ ਕੈਲੰਡਰ ਜਾਰੀ ਕਰ ਦਿੱਤਾ ਗਿਆ ਹੈ।

ਇਸ ਅਨੁਸਾਰ ਪਹਿਲਾ ਖੇਡ ਮੇਲਾ 15 ਅਕਤੂਬਰ ਨੂੰ 'ਪੰਜਾਬ ਸਪੋਰਟਸ ਕਲੱਬ ਹੇਸਟਿੰਗਜ਼', ਫਿਰ ਅਗਲੇ ਹਫਤੇ 22 ਅਕਤੂਬਰ ਨੂੰ ਅੰਬੇਡਕਰ ਸਪੋਰਟਸ ਕਲੱਬ ਬੰਬੇ, ਫਿਰ 28-29 ਅਕਤੂਬਰ ਨੂੰ ਬੇਅ ਆਫ ਪਲੈਂਟੀ ਟੌਰੰਗਾ, ਫਿਰ 5 ਨਵੰਬਰ ਨੂੰ ਬੌਟਨੀ ਸਪੋਰਟਸ ਕਲੱਬ, ਫਿਰ 12 ਨਵੰਬਰ ਨੂੰ ਸ਼ੇਰੇ ਪੰਜਾਬ ਪਾਪਾਮੋਆ, ਫਿਰ 19 ਨਵੰਬਰ ਨੂੰ ਯੂਥ ਕਲੱਬ ਹਮਿਲਟਨ ਵਿਖੇ ਅਤੇ ਫਿਰ ਖੇਡਾਂ ਦਾ ਮਹਾਂਕੁੰਭ 25 ਅਤੇ 26 ਨਵੰਬਰ ਨੂੰ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਨਿਊਜ਼ੀਲੈਂਡ ਸਿੱਖ ਗੇਮਜ਼ ਕਮੇਟੀ ਵੱਲੋਂ 'ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ' ਦੇ ਰੂਪ ਵਿਚ ਕਰਵਾਇਆ ਜਾ ਰਿਹਾ ਹੈ।

ਇਨ੍ਹਾਂ ਖੇਡ ਮੇਲਿਆਂ ਦੇ ਵਿਚ ਕਬੱਡੀ, ਸੌਕਰ, ਵਾਲੀਵਾਲ, ਵਾਲੀਵਾਲ ਸ਼ੂਟਿੰਗ, ਭਾਰ ਚੁੱਕਣਾ, ਬੌਡੀ ਬਿਲਡਿੰਗ, ਕ੍ਰਿਕਟ, ਬੱਚਿਆਂ ਦੀਆਂ ਖੇਡਾਂ, ਦਸਤਾਰ ਕੈਂਪ ਅਤੇ ਮਨੋਰੰਜਨ ਵਾਸਤੇ ਭੰਗੜਾ ਵੀ ਹੋਵੇਗਾ। ਮਹਿਲਾਵਾਂ ਦੇ ਲਈ ਮਿਊਜ਼ੀਕਲ ਚੇਅਰ ਦਾ ਆਯੋਜਨ ਕੀਤਾ ਜਾਵੇਗਾ। 'ਵਰਲਡ ਕਬੱਡੀ ਕੌਂਸਿਲ ਆਫ ਨਿਊਜ਼ੀਲੈਂਡ' ਅਤੇ 'ਵੋਮੈਨ ਕਬੱਡੀ ਫੈਡਰੇਸ਼ਨ' ਵੀ ਇਸ ਸਾਰੇ ਟੂਰਨਾਮੈਂਟ ਦੇ ਵਿਚ ਸਹਿਯੋਗੀ ਰਹੇਗੀ। ਸਾਰੇ ਨਾਮੀ ਪਲੇਅਰ ਜੋ ਇਸ ਸਮੇਂ ਕੈਨਡਾ ਦੀਆਂ ਗਰਾਉਂਡਾ ਦਾ ਸ਼ਿੰਗਾਰ ਬਣੇ ਹੋਏ ਹਨ, ਉਹ ਅਕਤੂਬਰ ਮਹੀਨੇ ਤੋਂ ਨਿਊਜ਼ੀਲੈਂਡ ਦੇ ਘਾਹਦਾਰ ਗਰਾਉਂਡਾ 'ਚ ਜੌਹਰ ਦਿਖਾਉਣਗੇ। ਨਿਊਜ਼ੀਲੈਂਡ ਦੇ ਵਿਚ ਸਤੰਬਰ ਤੋਂ ਨਵੰਬਰ ਤੱਕ ਬਸੰਤ ਦਾ ਮੌਸਮ ਹੁੰਦਾ ਹੈ ਅਤੇ ਇਸ ਦੌਰਾਨ ਪੰਜਾਬੀਆਂ ਦੇ 7 ਵੀਕ ਐਂਡ ਖੇਡ ਟੂਰਨਾਮੈਂਟ ਲਈ ਬੁੱਕ ਕਰ ਦਿੱਤੇ ਗਏ ਹਨ।

# ਓਰਲੈਂਡੋ ਸ਼ਹਿਰ ਵਿਚ ਸ਼ੱਕੀ ਵਿਅਕਤੀ ਨੇ ਦੋ ਪੁਲਿਸ ਅਫਸਰਾਂ ਨੂੰ ਗੋਲੀਆਂ ਮਾਰ ਕੇ ਕੀਤਾ ਗੰਭੀਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਓਰਲੈਂਡੋ ਸ਼ਹਿਰ, ਫਲੋਰਿਡਾ ਵਿਚ ਇਕ ਸ਼ੱਕੀ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ। ਓਰਲੈਂਡੋ ਪੁਲਿਸ ਮੁੱਖੀ ਏਰਿਕ ਸਮਿੱਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਤ 11 ਵਜੇ ਦੇ ਕਰੀਬ ਪੁਲਿਸ ਅਫਸਰ ਮਿਆਮੀ ਹੱਤਿਆ ਕਾਂਡ ਦੀ ਜਾਂਚ ਤਹਿਤ ਟਰੈਫਿਕ ਸਟਾਪ 'ਤੇ ਇਕ ਵਾਹਣ ਦੀ ਜਾਂਚ ਕਰ ਰਹੇ ਸਨ ਤਾਂ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ। ਸ਼ੱਕੀ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਕੇ ਇਕ ਕਾਰ ਵਿਚ ਫਰਾਰ ਹੋ ਗਿਆ। ਪੁਲਿਸ ਨੇ ਉਸ ਦਾ ਪਿੱਛਾ ਕੀਤਾ ਪਰੰਤੂ ਉਹ ਬਚ ਕੇ ਨਿਕਲ ਗਿਆ। ਇਸ ਤੋਂ ਕੋਈ 7 ਘੰਟੇ ਬਾਅਦ ਪੁਲਿਸ ਨੇ ਯੂਨੀਵਰਸਲ ਓਰਲੈਂਡੋ ਰਿਜ਼ਾਰਟ ਨੇੜੇ ਹਾਲੀਡੇਅ ਇਨ ਹੋਟਲ ਵਿਚ ਸ਼ੱਕੀ ਨੂੰ ਲੱਭ ਲਿਆ। ਪੁਲਿਸ ਨੇ ਹੋਟਲ ਨੂੰ ਖਾਲੀ ਕਰਵਾਉਣ ਉਪਰੰਤ ਸ਼ੱਕੀ ਵਿਅਕਤੀ ਜਿਸ ਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਸੀ, ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਉਸ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿਚ ਸ਼ੱਕੀ ਵਿਅਕਤੀ ਜ਼ਖਮੀ ਹੋ ਗਿਆ ਜੋ ਬਾਅਦ ਵਿਚ ਦਮ ਤੋੜ ਗਿਆ। ਸ਼ੱਕੀ ਦੀ ਪਛਾਣ ਡੇਟਨ ਵੀਲ (28) ਵਜੋਂ ਹੋਈ ਹੈ। ਸਮਿੱਥ ਨੇ ਕਿਹਾ ਕਿ ਵੀਲ ਦਾ ਅਪਰਾਧਕ ਪਿਛੋਕੜ ਹੈ। ਜ਼ਖਮੀ ਪੁਲਿਸ ਅਫਸਰਾਂ ਨੂੰ ਓਰਲੈਂਡੋ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਡਾਕਟਰਾਂ ਨੇ ਉਨਾਂ ਦੇ ਛੇਤੀ ਸਿਹਤਯਾਬ ਹੋਣ ਦੀ ਆਸ ਪ੍ਰਗਟਾਈ ਹੈ।







# ਪੰਜਾਬ ਸਪੋਰਟਸ ਕਲੱਬ ਸਿਆਟਲ ਕਲਚਰਲ ਸੁਸਾਇਟੀ ਵੱਲੋਂ ਕਰਵਾਇਆ ਕਬੱਡੀ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ













**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਸਿਆਟਲ (ਵਾਸ਼ਿੰਗਟਨ)–** ਸਥਾਨਿਕ ਪੰਜਾਬ ਸਪੋਰਟਸ ਕਲੱਬ ਸਿਆਟਲ ਕਲਚਰਲ ਸੁਸਾਇਟੀ ਵੱਲੋ ਲੰਘੀ 23 ਜੁਲਾਈ ਨੂੰ ਮਿੱਡਵੇਅ ਐਲੀਮਿੰਟਰੀ ਸਕੂਲ ਡਮੋਇਸ ਵਾਸ਼ਿੰਗਟਨ ਦੀਆਂ ਗ੍ਰਾਊਂਡਾਂ ਵਿੱਖੇ ਕਬੱਡੀ ਕੱਪ 2023 ਕਰਵ-ਾਇਆ ਗਿਆ, ਇਸ ਟੂਰਨਾਮੈਂਟ ਵਿੱਚ ਦੋ ਅੰਡਰ ਟਵੰਟੀਵੰਨ ਦੀਆਂ ਟੀਮਾਂ ਨੇ ਭਾਗ ਲਿਆ, ਅਤੇ ਚਾਰ ਕਲੱਬਾਂ ਦੇ ਮੈਚ ਹੋਏ। ਇਸ ਟੂਰਨਾਮੈਂਟ ਨੂੰ ਨੇਪਰੇ ਚਾੜਨ ਦਾ ਸਿਹਰਾ ਜਿੰਦ ਅਠਵਾਲ,ਪਿੰਦਾ ਅਠਵਾਲ, ਜਸ ਧਾਲੀਵਾਲ, ਮਨਿੰਦਰ ਖਟਕੜ, ਪੁਰਾਣਾ ਪੰਜਾਬ ਸਪੋਰਟਸ ਕਲੱਬ ਆਦਿ ਸਿਰ ਜਾਂਦਾ ਹੈ। ਇਸ ਟੂਰਨਾਮੈਂਟ ਵਿੱਚ ਫਰਿਜਨੋ ਤੋ ਉੱਘੇ ਕਬੱਡੀ ਪ੍ਰਮੋਟਰ ਸ. ਨਾਜਰ ਸਿੰਘ ਸਹੋਤਾ ਤੇ ਯੂਬਾ ਸਿਟੀ ਤੋਂ ਸਾਬੀ ਢੰਢਵਾਲ, ਅਜਾਇਬ ਸਿੰਘ ਮੱਲੀ, ਗੁਰਮੀਤ ਸਿੰਘ ਤੱਖਰ, ਸਨੀ (ਚਹਾਲਸ ਵਾਸ਼ਿੰਗਟਨ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਟੂਰਨਾਮੈਂਟ ਨੂੰ ਹੋਰ ਵੀ ਚਾਰ ਚੰਨ ਲਾਏ।

ਪਲੇਅਰਾਂ ਦੀ ਸਿਹਤਯਾਬੀ ਅਤੇ ਟੂਰਨਾਮੈਂਟ ਦੀ ਕਾਮਯਾਬੀ ਨੂੰ ਮੁੱਖ ਰੱਖਕੇ ਟੂਰਨਾਮੈਂਟ ਦੀ ਸ਼ੁਰੂਆਤ ਵਾਹਿਗੁਰੂ ਦਾ ਸ਼ੁਕਰਨਾਂ ਕਰਦਿਆਂ ਅਰਦਾਸ ਕਰਕੇ ਕੀਤੀ ਗਈ। ਉਪਰੰਤ ਅੰਡਰ ਟਵੰਟੀਵੰਨ ਦਾ ਬਹੁਤ ਰੌਚਿਕ ਮੁਕਾਬਲਾ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਅਤੇ ਨਿਊਯਾਰਕ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ, ਜਿਹੜਾ ਫਰਿਜਨੋ ਨੇ ਫਸਵੇ ਮੁਕਾਬਲੇ ਦੌਰਾਨ ਨਿਊਯਾਰਕ ਨੂੰ ਹਰਾਕੇ ਜਿੱਤਿਆ। ਕਲੱਬਾਂ ਦੇ ਮੈਚ ਖੇਡਣ ਲਈ ਸਿਆਟਲ, ਮੈਨਟੀਕਾ, ਯੂਬਾ ਸਿੱਟੀ ਅਤੇ ਬੇਕਰਸਫੀਲਡ ਦੀਆਂ ਟੀਮਾਂ ਆਪਸ ਵਿੱਚ ਭਿੜੀਆਂ। ਸੈਮੀਫਾਈਨਲ ਮੈਚ ਬੇਕਰਸਫੀਲਡ ਅਤੇ ਯੂਬਾ ਸਿਟੀ ਦਰਮਿਆਨ ਖੇਡਿਆ ਗਿਆ, ਅਤੇ ਇਹ ਮੈਚ ਬੇਕਰਸਫੀਲਡ ਦੀ ਟੀਮ ਨੇ ਯੂਬਾ ਸਿਟੀ ਨੂੰ ਅੱਧੇ ਪੁਆਇੰਟ ਨਾਲ ਹਰਾਕੇ ਜਿੱਤਿਆ। ਫਾਈਨਲ ਮੈਚ ਸਿਆਟਲ ਅਤੇ ਮੈਨਟੀਕਾ ਦੀਆਂ ਕਲੱਬਾਂ ਦਰਮਿਆਨ ਖੇਡਿਆ ਗਿਆ, ਅਤੇ ਇਸ ਮੈਚ ਨੂੰ ਵੇਖਣ ਲਈ ਦਰਸ਼ਕ ਦੂਰ ਦੁਰਾਡੇ ਤੋ ਪਹੁੰਚੇ ਹੋਏ ਸਨ। ਇਸ ਕਾਂਟੇ ਦੀ ਟੱਕਰ ਦੌਰਾਨ ਸਿਆਟਲ ਨੇ ਮਨਟੀਕੇ ਦੀ ਟੀਮ ਨੂੰ ਹਰਾਕੇ ਕੱਪ ਆਪਣੇ ਨਾਮ ਕੀਤਾ। ਟੂਰਨਾਮੈਂਟ ਦੌਰਾਨ ਗੋਲਡਨ ਕਰੀ ਰੈਸਟੋਰੈਂਟ ਵਾਲਿਆ ਨੇ ਲੰਗਰ ਲਗਾਕੇ ਬਹਿਜਾ ਬਹਿਜਾ ਕਰਵਾ ਦਿੱਤੀ, ਹਰਕੋਈ ਉਹਨਾਂ ਦੇ ਫੂਡ ਦੀ ਤਰੀਫ਼ ਕਰਦਾ ਨਜ਼ਰ ਆਇਆ। ਪ੍ਰਬੰਧਕਾਂ ਵੱਲੋਂ ਗੋਲਡਨ ਕਰੀ ਰੈਸਟੋਰੈਂਟ ਵਾਲੇ ਸਤਨਾਮ ਸਿੰਘ ਦਾ ਉਹਨਾਂ ਦੀਆਂ ਸੇਵਾਵਾਂ ਲਈ ਵਿਸ਼ੇਸ਼ ਧੰਨਵਾਦ ਕੀਤਾ।

ਸਾਰੇ ਮੈਚਾਂ ਦੀ ਇੰਪਾਇਰਿੰਗ ਕਰਨ ਲਈ ਸਾਬਕਾ ਕਬੱਡੀ ਖਿਡਾਰੀ ਦਲਵੀਰ ਸਿੰਘ ਚੌਧਰੀ, ਬੀਰੂ ਵੱਡਾਘਰ, ਕੋਚ ਦਵਿੰਦਰ ਸਿੰਘ, ਕੋਚ ਬਾਬਾ ਆਦਿ ਪਹੁੰਚੇ ਹੋਏ ਸਨ। ਕੁਮੈਂਟੇਟਰ ਸਵਰਨ ਮੱਲਾ ਅਤੇ ਕਾਲਾ ਰਸੀਂਹ ਆਦਿ ਨੇ ਆਪਣੇ ਟੋਟਕਿਆਂ ਨਾਲ ਖੂਬ ਸਮਾਂ ਬੰਨਿਆ।

ਹੋਰ ਜਿਹੜੇ ਸਪਾਂਸਰ ਜਾਂ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਟੂਰਨਾਮੈਂਟ ਨੇਪਰੇ ਚੜਿਆ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ– ਮਨਮੋਹਨ ਸਿੰਘ ਧਾਲੀਵਾਲ, ਜਸ ਧਾਲੀਵਾਲ, ਡਾ. ਹਰਚੰਦ ਸਿੰਘ, ਹਰਨੇਕ ਸਿੰਘ ਨੇਕੀ (ਚਹਾਲਸ ਵਾਸ਼ਿੰਗਟਨ), ਇਸ਼ਵਿੰਦਰ ਸਿੰਘ, ਪਵਿੱਤਰ ਸਿੰਘ, ਹਰਸ਼ ਵਿਰਕ, ਜੱਗੀ ਲੁਬਾਣਾ, ਮੱਖਣ ਰਣੀਕੇ, ਬੌਬੀ ਧਾਮੀ, ਇੰਦਰਜੀਤ ਪੰਨੂੰ,ਵਿੱਕੀ ਰੈਂਬੋ, ਲਵ ਨਾਗਰਾ, ਸੰਦੀਪ ਸਿੰਘ ਢੋਲਾ, ਸੰਦੀਪ ਸਿੰਘ ਗੁਰਨਾ, ਦੀਪ ਸਿੰਘ ਰਾਏ, ਸਤਵੰਤ ਸਿੰਘ ਸੋਨੂੰ, ਅਮਨਦੀਪ ਸਿੰਘ ਮਣਕੂ, ਕਰਨ ਸਿੱਧੂ, ਜਗਦੇਵ ਸਿੰਘ ਸੰਧੂ (ਐਵਰਟ), ਕੁਲਵੀਰ ਸਿੰਘ ਕੁਰਾਲਾ, ਸੋਨੂੰ ਨਿਊ ਟਰੈਕ ਟਰਾਂਸਪੋਰਟ, ਮਨਜਿੰਦਰ ਸਿੰਘ ਡੇਅ ਐਂਡ ਨਾਈਟ ਟਰੱਕ ਰਿਪੇਅਰ, ਸਤਨਾਮ ਸਿੰਘ ਮਕੈਨਿਕ,ਰਾਜਿਸ ਟਰਾਂਸਪੋਰਟ ਵਾਲੇ ਬਿੱਲਾ, ਕੀ ਇੰਸ਼ੋਰੈਂਸ, ਸੈਮ ਵਿਰਕ, ਪਾਲ ਮੁਲਤਾਨੀ, ਬਲਜਿੰਦਰ ਸਿੰਘ ਲਤਾਲਾ, ਜਤਿੰਦਰ ਸਪਰਾਏ, ਰਾਜ ਢਿੱਲੋ ਆਦਿ ਦੇ ਨਾਮ ਜਿਕਰਯੋਗ ਹਨ।

ਇਸੇ ਤਰੀਕੇ ਇਸ ਟੂਰਨਾਮੈਂਟ ਕਾਮਯਾਬੀ ਨਾਲ ਸਿਰੇ ਚਾੜਨ ਦਾ ਸਿਹਰਾ ਸਿਆਟਲ ਵਾਲੇ ਅਠਵਾਲ ਪਰਿਵਾਰ ਸਿਰ ਜਾਂਦਾ ਹੈ, ਕਬੱਡੀ ਨੂੰ ਦਿਲੋਂ ਪਿਆਰ ਕਰਨ ਵਾਲੇ ਜਿੰਦ ਅਠਵਾਲ, ਉਹਨਾਂ ਦੇ ਛੋਟੇ ਭਰਾ ਪਿੰਦਾ ਅਠਵਾਲ, ਜਿੰਦ ਅਠਵਾਲ ਦੇ ਬੇਟੇ ਕਰਨ ਅਠਵਾਲ, ਸ਼ਾਨ ਅਠਵਾਲ, ਅਗਨੀਰ ਅਠਵਾਲ ਨੇ ਟੂਰਨਾਮੈਂਟ ਦੀ ਕਾਮਯਾਬੀ ਲਈ ਦਿਨ ਰਾਤ ਮਿਹਨਤ ਕੀਤੀ।

ਅਠਵਾਲ ਪਰਿਵਾਰ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਅਤੇ ਸਪਾਂਸਰਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਪੁਰਾਣੇ ਪੰਜਾਬ ਸਪੋਰਟਸ ਕਲੱਬ ਦੇ ਮੈਬਰ ਬਾਸੀ ਬ੍ਰਦ੍ਰਜ਼, ਪਿੰਟੂ ਬਾਠ, ਹਰਦੀਪ ਗਿੱਲ, ਤਾਰਾ ਤੰਮੜ, ਪੰਮੀ ਕੰਗ, ਬਲਕਾਰ ਸਿੰਘ ਕੂੰਨਰ, ਬਲਜੀਤ ਸਿੰਘ ਸੋਹਲ, ਮਨਮੋਹਨ ਸਿੰਘ ਧਾਲੀਵਾਲ, ਮਨਿੰਦਰ ਖਟਕੜ, ਅਵਤਾਰ ਪੁਰੇਵਾਲ,ਮੇਜਰ ਸਿੰਘ ਧਾਮੀ, ਸ਼ਿੰਦਰਪਾਲ ਔਜਲਾ ਆਦਿ ਸੱਜਣਾਂ ਦੀ ਅਣਥੱਕ ਮਿਹਨਤ ਨੂੰ ਸਲਿਊਟ ਕਰਨਾ ਬਣਦਾ ਹੈ। ਅਖੀਰ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ, ਅਤੇ ਕਾਮਯਾਬੀ ਦੇ ਝੰਡੇ ਗੱਡਦਾ ਇਹ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। ਇਸ ਟੂਰਨਾਮੈਂਟ ਦੀ ਕਾਮਯਾਬੀ ਲਈ ਸਮੂਹ ਪ੍ਰਬੰਧਕ ਅਤੇ ਸਪਾਂਸਰ ਵੀਰ ਵਧਾਈ ਦੇ ਪਾਤਰ ਹਨ।

# ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਲੋਂ ਪ੍ਰਿਤਪਾਲ ਸਿੰਘ ਖਾਲਸਾ ਨੂੰ ਗੱਤਕਾ ਐਸੋਸੀਏਸ਼ਨ ਨਿਊ ਜਰਸੀ ਦਾ ਪ੍ਰਧਾਨ ਨਿਯੁਕਤ ਕੀਤਾ ਅਤੇ ਪੱਤਰਕਾਰ ਪ੍ਰਦੀਪ ਸਿੰਘ ਗਿੱਲ ਨੂੰ ਬਣਾਇਆ ਪ੍ਰੈਸ ਸਕੱਤਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਨਿਊ ਜਰਸੀ (ਅਮਰੀਕਾ)–** ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਗੱਤਕਾ ਫੈਡਰੇਸ਼ਨ ਯੂ.ਐਸ.ਏ. ਨੇ ਦੋ ਨਾਮਵਰ ਸ਼ਖ਼ਸੀਅਤਾਂ ਨੂੰ ਦੋ ਖੇਡ ਸੰਸਥਾਵਾਂ ਅੰਦਰ ਅਹਿਮ ਅਹੁਦਿਆਂ ‘ਤੇ ਨਿਯੁਕਤ ਕਰਨ ਦਾ ਐਲਾਨ ਕਰਦਿਆਂ ਪ੍ਰਿਤਪਾਲ ਸਿੰਘ ਖਾਲਸਾ ਨੂੰ ਗੱਤਕਾ ਐਸੋਸੀਏਸ਼ਨ ਨਿਊ ਜਰਸੀ ਦਾ ਪ੍ਰਧਾਨ ਨਿਯੁਕਤ ਕੀਤਾ ਹੈ, ਜਦੋਂ ਕਿ ਪੱਤਰਕਾਰ ਪਰਦੀਪ ਸਿੰਘ ਗਿੱਲ ਨੂੰ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰੈਸ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ ਹੈ। ਨਿਊ ਜਰਸੀ ਵਿਖੇ ਖਾਲਸਾ ਤੇ ਗਿੱਲ ਨੂੰ ਸਿਰਪਾਓ ਸਮੇਤ ਨਿਯੁਕਤੀ ਪੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਵੱਲੋਂ ਸੌਂਪੇ ਗਏ।

ਇਸ ਮੌਕੇ ਗੱਤਕਾ ਪ੍ਰੋਮੋਟਰਜ ਗਰੇਵਾਲ ਅਤੇ ਡਾ. ਦੀਪ ਸਿੰਘ ਨੇ ਸਾਬਕਾ ਖਿਡਾਰੀ ਖ਼ਾਲਸਾ ਅਤੇ ਖੇਡ ਸੱਭਿਆਚਾਰ ਪ੍ਰਮੋਟਰ ਗਿੱਲ ਦੀ ਅਗਵਾਈ ਹੇਠ ਅਮਰੀਕਾ ਅੰਦਰ ਸਿੱਖ ਮਾਰਸ਼ਲ ਆਰਟ ਗੱਤਕੇ ਦੀ ਤਰੱਕੀ ਅਤੇ ਵਿਕਾਸ ਲਈ ਆਸ ਪ੍ਰਗਟਾਈ। ਸੌਂਪੇ ਗਏ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਨਵ-ਨਿਯੁਕਤ ਸਟੇਟ ਪ੍ਰਧਾਨ ਖਾਲਸਾ



ਤੇ ਕੌਮੀ ਪ੍ਰੈਸ ਸਕੱਤਰ ਗਿੱਲ ਨੇ ਨਿਊ ਜਰਸੀ ਸਮੇਤ ਪੂਰੇ ਅਮਰੀਕਾ ਵਿੱਚ ਗੱਤਕੇ ਦੀ ਅਮੀਰ ਵਿਰਾਸਤ ਨੂੰ ਪ੍ਰਫੁੱਲਤ ਕਰਨ ਅਤੇ ਸੰਭਾਲਣ ਲਈ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪ੍ਰਧਾਨ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਤੋਂ ਇਲਾਵਾ ਗੁਰਦੁਆਰਾ ਗਲੈਨ ਰੌਕ, ਨਿਊ ਜਰਸੀ ਦੇ ਸਾਬਕਾ ਪ੍ਰਧਾਨ, ਕਾਰੋਬਾਰੀ ਅਤੇ ਪੰਜਾਬ ਗਲੋਬਲ ਟੀਵੀ ਦੇ ਚੇਅਰਮੈਨ ਸ. ਹਰਭਜਨ ਸਿੰਘ ਨੇ ਵੀ ਪ੍ਰਿਤਪਾਲ ਸਿੰਘ ਖਾਲਸਾ ਅਤੇ ਪਰਦੀਪ ਗਿੱਲ ਨੂੰ ਅਮਰੀਕਾ ਦੀਆਂ ਗੱਤਕਾ ਸੰਸਥਾਵਾਂ ਵਿੱਚ ਉਨ੍ਹਾਂ ਦੀਆਂ ਨਵੀਆਂ ਭੂਮਿਕਾਵਾਂ ਲਈ ਹਾਰਦਿਕ ਵਧਾਈ ਦਿੱਤੀ। ਇਸ ਦੌਰਾਨ, ਗੱਤਕਾ ਫੈਡਰੇਸ਼ਨ ਯੂਐਸਏ ਨੇ ਖਾਲਸਾ ਅਤੇ ਗਿੱਲ ਦੋਵਾਂ ਨੂੰ ਆਪੋ-ਆਪਣੀ ਭੂਮਿਕਾ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਇਹ ਸੰਸਥਾਵਾਂ ਅਮਰੀਕਾ ਵਿੱਚ ਗੱਤਕੇ ਦੇ ਖੇਤਰ ਵਿੱਚ ਨਵੇਂ ਮੀਲ ਪੱਥਰ ਅਤੇ ਪ੍ਰਾਪਤੀਆਂ ਦੀ ਉਮੀਦ ਕਰੇਗੀ। ਖਾਲਸਾ ਅਤੇ ਗਿੱਲ ਦੀਆਂ ਨਿਯੁਕਤੀਆਂ ਗੱਤਕਾ ਫੈਡਰੇਸ਼ਨ ਅਮਰੀਕਾ ਲਈ ਇੱਕ ਮਹੱਤਵਪੂਰਨ ਕਦਮ ਹੈ ਕਿਉਂਕਿ ਇੰਨ੍ਹਾ ਦੋਵਾਂ ਸਖਸ਼ੀਅਤਾਂ ਕੋਲ ਸੱਭਿਆਚਾਰ ਅਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਤਜਰਬਾ, ਲਗਨ ਅਤੇ ਮਿਹਨਤ ਕਰਨ ਦਾ ਜਨੂੰਨ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ‘ਭਾਰਤ ਛੱਡੋ ਅੰਦੋਲਨ’ ਸਬੰਧੀ ਪ੍ਰਦਰਸ਼ਨੀ-ਕਮ-ਕਾਨੂੰਨੀ ਸੇਵਾਵਾਂ ਜਾਗਰੂਕਤਾ ਕੈਂਪ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਕਾਰਟੀ, ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਰੇਲਵੇ ਮੰਡੀ ਵਿਖੇ ਅੱਜ ‘ਭਾਰਤ ਛੱਡੋ ਅੰਦੋਲਨ’ ਸਬੰਧੀ ਪ੍ਰਦਰਸ਼ਨੀ-ਕਮ-ਕਾਨੂੰਨੀ ਸੇਵਾਵਾਂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਹੁਸ਼ਿਆਰਪੁਰ ਦੇ ਵੱਖ-ਵੱਖ ਸਰਕਾਰੀ ਸਕੂਲਾਂ ਨੇ ਭਾਗ ਲਿਆ, ਜਿਨ੍ਹਾਂ ਵਿਚ ਰੇਲਵੇ ਮੰਡੀ ਸਕੂਲ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੰਟਾ ਘਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਪਲਾਂਵਾਲਾ ਦੇ ਵਿਦਿਆਰਥੀ ਸ਼ਾਮਲ ਸਨ। ਇਨ੍ਹਾਂ ਵਿਦਿਆਰਥੀਆਂ ਵੱਲੋਂ ‘ਭਾਰਤ ਛੱਡੋ ਅੰਦੋਲਨ’ ਸਬੰਧੀ ਸਲੋਗਨ, ਚਾਰਟ ਅਤੇ ਥਰਮੋਕੋਲ ਦੇ ਕੋਲਾਜ ਬਣਾਏ ਗਏ।



ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਅਪਰਾਜਿਤਾ ਜੋਸ਼ੀ ਨੇ ਇਸ ਦੌਰਾਨ ‘ਭਾਰਤ ਛੱਡੋ ਅੰਦੋਲਨ’ ਬਾਰੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਜੀ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਨਾਲ ਅੱਜ ਦੇ ਜਵਾਨ ਬੱਚਿਆਂ ’ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ ਅਤੇ ਘਰਾਂ ਵਿਚ ਲੜਾਈ-ਝਗੜੇ ਵੱਧਦੇ ਹਨ। ਇਸ ਲਈ ਹਰੇਕ ਵਿਅਕਤੀ ਨੂੰ ਬੁਰਾਈਆਂ ਛੱਡ ਕੇ ਚੰਗੇ ਰਸਤੇ ਅਪਣਾਉਣੇ ਚਾਹੀਦੇ ਹਨ ਅਤੇ ਅਨ-ਪੜ੍ਹਤਾ ਨੂੰ ਵੀ ਦੂਰ ਕਰਨਾ ਚਾਹੀਦਾ ਹੈ। ਔਰਤਾਂ ਦੇ ਹੱਕਾਂ ਬਾਰੇ ਜਾਗਰੂਕ ਕਰਦਿਆਂ ਉਨ੍ਹਾਂ ਕਿਹਾ ਕਿ ਪਰਮਾਤਮਾ ਨੇ ਔਰਤ ਨੂੰ ਮਾਂ ਦਾ ਹੀ ਰੂਪ ਨਹੀਂ ਦਿੱਤਾ ਬਲਕਿ ਭੈਣ, ਪਤਨੀ, ਬੇਟੀ ਆਦਿ ਦਾ ਰੂਪ ਵੀ ਦਿੱਤਾ ਹੈ। ਇਸ ਲਈ ਸਾਨੂੰ ਹਰੇਕ ਔਰਤ ਦੀ ਇੱਜ਼ਤ ਕਰਨੀ ਚਾਹੀਦੀ ਹੈ। ਇਸ ਦੌਰਾਨ ਉਨ੍ਹਾਂ ਪੋਕਸੋ ਐਕਟ 2012 ਅਤੇ ਜੁਵੇਨਾਈਲ ਜਸਟਿਸ ਐਕਟ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਾਲਸਾ ਦੀਆਂ ਹਦਾਇਤਾਂ ਅਨੁਸਾਰ ਕੈਟਾਗਰੀਆਂ ਅਧੀਨ ਆਉਂਦੇ ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕੈਟਾਗਰੀਆਂ ਵਿਚ ਔਰਤ, ਬੱਚਾ (ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਘੱਟ ਹੋਵੇ), ਬੇਗਾਰ ਦਾ ਮਾਰਿਆ, ਕੁਦਰਤੀ ਆਫ਼ਤਾਂ, ਟ੍ਰਾਂਸਜੈਂਡਰ, ਹਵਾਲਾਤੀ, ਐਸ. ਸੀ/ਬੀ. ਸੀ, ਜਨਰਲ, ਉਹ ਵਿਅਕਤੀ ਜਿਸ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਵੇ, ਮੁਫ਼ਤ ਕਾਨੂੰਨੀ ਸਹਾਇਤਾ ਲੈ ਸਕਦਾ ਹੈ ਅਤੇ ਮੁਫ਼ਤ ਕਾਨੂੰਨੀ ਸਲਾਹ-ਮਸ਼ਵਰਾ ਹਰੇਕ ਵਿਅਕਤੀ ਲੈ ਸਕਦਾ ਹੈ। ਇਸ ਮੌਕੇ ਉਨ੍ਹਾਂ 9 ਸਤੰਬਰ 2023 ਨੂੰ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ’ਤੇ ਕਚਹਿਰੀਆਂ ਵਿਚ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ।

# ਪੰਜਾਬ ਵਿਚੋਂ ਨਸ਼ਾ ਖਤਮ ਕਰਨ ਲਈ ਪੁਲਿਸ ਵਿਚੋਂ ਕਾਲੀਆਂ ਭੇਡਾਂ ਦੀ ਪਹਿਚਾਣ ਕਰੋ- ਸਤਨਾਮ ਸਿੰਘ ਚਾਹਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) –** ਕਾਰਜਕਾਰੀ ਨਿਰਦੇਸ਼ਕ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਸਤਨਾਮ ਸਿੰਘ ਚਹਿਲ ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਸੰਸਦੀ ਸਥਾਈ ਕਮੇਟੀ ਵੱਲੋਂ ਜਾਰੀ ਕੀਤੀ ਗਈ ਨਸ਼ਾਖੋਰੀ ਦੀ ਰਿਪੋਰਟ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਇਸ ਤੱਥ 'ਤੇ ਦੁੱਖ ਪ੍ਰਗਟ ਕੀਤਾ ਹੈ ਕਿ ਨਸ਼ਾਖੋਰੀ ਦਾ ਖਤਰਾ ਪੈਦਾ ਹੋ ਗਿਆ ਹੈ।ਜਿਹੜਾ ਭਾਰਤ ਵਿੱਚ ਬਾਲਗਾਂ, ਨੌਜਵਾਨਾਂ ਅਤੇ ਇੱਥੋਂ ਤੱਕ ਕਿ ਬੱਚਿਆਂ ਵਿੱਚ ਵੀ ਤੇਜ਼ੀ ਨਾਲ ਫੈਲ ਰਿਹਾ ਹੈ। ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਨੂੰ ਭੇਜੇ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਨਾਲ ਜੂਝ ਰਿਹਾ ਹੈ। ਸਰਕਾਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਵੱਖ-ਵੱਖ ਯਤਨਾਂ ਦੇ ਬਾਵਜੂਦ, ਇਹ ਸਮੱਸਿਆ ਬਰਕਰਾਰ ਹੈ ਅਤੇ ਰਾਜ ਭਰ ਵਿੱਚ ਅਣਗਿਣਤ ਵਿਅਕਤੀਆਂ ਅਤੇ ਪਰਿਵਾਰਾਂ ਦੀਆਂ ਜ਼ਿੰਦਗੀਆਂ 'ਤੇ ਤਬਾਹੀ ਮਚਾ ਰਹੀ ਹੈ। ਨਸ਼ੇ ਦੀ ਮਹਾਂਮਾਰੀ ਨੇ ਸਰੀਰਿਕ 'ਤੇ ਬਹੁਤ ਜ਼ਿਆਦਾ ਨੁਕਸਾਨਦੇਹ ਪ੍ਰਭਾਵ ਪਾਇਆ ਹੈ ਅਤੇ ਸਾਡੇ ਨੌਜਵਾਨਾਂ ਦੀ ਮਾਨਸਿਕ ਸਿਹਤ, ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਚਾਹਲ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਇਸ ਮੁੱਦੇ ਨੂੰ ਤੁਰੰਤ ਹੱਲ ਕਰਨ ਲਈ ਦਲੇਰ ਅਤੇ ਵਿਆਪਕ ਕਦਮ ਚੁੱਕਣ। ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਵਿਤਰਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਦੀ ਸਮਰੱਥਾ ਵਧਾਉਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੋੜੀਂਦੇ ਸਰੋਤ ਅਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਜਦੋਂ ਤੱਕ ਪੰਜਾਬ ਸਰਕਾਰ ਪੁਲਿਸ ਵਿਭਾਗ ਵਿੱਚ ਕਾਲੀਆਂ ਭੇਡਾਂ ਦੀ ਸ਼ਨਾਖਤ ਨਹੀਂ ਕਰੇਗੀ, ਉਦੋਂ ਤੱਕ ਨਸ਼ਿਆਂ ਦੀ ਅਲਾਮਤ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਚਾਹਲ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨਾਲ ਸੰਘਰਸ਼ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਵਧੇਰੇ ਮੁੜ



ਵਸੇਬਾ ਅਤੇ ਇਲਾਜ ਕੇਂਦਰਾਂ ਵਿੱਚ ਨਿਵੇਸ਼ ਕਰੇ ਅਤੇ ਉਨ੍ਹਾਂ ਨੂੰ ਉਸਾਰੂ ਨਾਗਰਿਕ ਵਜੋਂ ਸਮਾਜ ਵਿੱਚ ਮੁੜ ਜੁੜਣ ਵਿੱਚ ਮਦਦ ਕਰੇ। ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕਮਿਊਨਿਟੀ-ਅਧਾਰਿਤ ਵਿਦਅਕ ਪ੍ਰੋਗਰਾਮਾਂ ਨੂੰ ਲਾਗੂ ਕਰਨਾ। ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਰਹੱਦਾਂ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਗੁਆਂਢੀ ਰਾਜਾਂ ਨਾਲ ਵੀ ਸਹਿਯੋਗ ਕਾਇਮ ਕਰਨਾ ਚਾਹੀਦਾ ਹੈ ਅਤੇ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਇਕਜੁੱਟ ਮੋਰਚਾ ਬਣਾਉਣਾ ਚਾਹੀਦਾ ਹੈ। ਨਸ਼ੇ. ਰਾਜ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸੂਬੇ ਅੰਦਰ ਨਸ਼ਿਆਂ ਦੀ ਖੇਤੀ ਅਤੇ ਪੈਦਾਵਾਰ ਨੂੰ ਖ਼ਤਮ ਕਰਨ ਲਈ ਸਖ਼ਤ ਕਦਮ ਚੁੱਕਣ, ਇਹ ਯਕੀਨੀ ਬਣਾਉਣ ਲਈ ਕਿ ਪੰਜਾਬ ਨੂੰ ਨਸ਼ਿਆਂ ਦੇ ਸਰੋਤ ਵਜੋਂ ਵਰਤਿਆ ਨਾ ਜਾਵੇ।

ਇਸ ਪੱਤਰ ਵਿੱਚ ਚਹਿਲ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲਈ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਉਨ੍ਹਾਂ ਦੀ ਅਗਵਾਈ ਅਤੇ ਸਹਿਯੋਗ ਦੀ ਬੇਨਤੀ ਕੀਤੀ ਹੈ ਕਿ ਉਹ ਲੋੜੀਂਦੇ ਕਾਰਜਾਂ ਵਿੱਚ ਤਾਲਮੇਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਨਸ਼ਿਆਂ ਦੀ ਅਲਾਮਤ ਨੂੰ ਸਾਡੇ ਸਮਾਜ ਵਿੱਚੋਂ ਖ਼ਤਮ ਕੀਤਾ ਜਾਵੇ, ਜਿਸ ਨਾਲ ਪੰਜਾਬ ਦਾ ਉੱਜਵਲ ਅਤੇ ਖੁਸ਼ਹਾਲ ਭਵਿੱਖ ਹੋਵੇ। .ਆਪਣੀ ਪ੍ਰੈਸ ਰਿਲੀਜ਼ ਵਿੱਚ ਚਾਹਲ ਨੇ ਕਿਹਾ ਕਿ ਇਹ ਸਮਾਂ ਹੈ ਕਿ ਨਸ਼ੇ ਦੀ ਸਮੱਸਿਆ ਲਈ ਇੱਕ ਨਵੀਂ ਪਹੁੰਚ ਅਜ਼ਮਾਈ ਜਾਵੇ। ਜਿਹੜੇ ਨਸ਼ੇ ਦੀ ਵਰਤੋਂ ਕਰਨਾ ਚਾਹੁੰਦੇ ਹਨ ਉਹ ਜਾਣਦੇ ਹਨ ਕਿ ਉਹ ਕਿੱਥੋਂ ਪ੍ਰਾਪਤ ਕਰਨੇ ਹਨ। ਅਜੇ ਤੱਕ ਕੋਈ ਵੀ ਕਾਨੂੰਨ ਉਨ੍ਹਾਂ ਨੂੰ ਨੱਥ ਨਹੀਂ ਪਾ ਸਕਿਆ ਹੈ। ਨਸ਼ੀਲੇ ਪਦਾਰਥਾਂ ਨੂੰ ਕਾਨੂੰਨੀ, ਨਿਯੰਤ੍ਰਿਤ ਅਤੇ ਲਾਗੂ ਕਰੋ। ਚਾਹਲ ਨੇ ਕਿਹਾ ਕਿ ਉਹ ਪੈਸਾ ਖਰਚ ਕਰੋ ਜੋ ਸਿੱਖਿਆ, ਸਿਹਤ ਸੰਭਾਲ ਅਤੇ ਮੁੜ ਵਸੇਬੇ 'ਤੇ ਰੋਕਥਾਮ ਵਾਲੇ ਕਾਨੂੰਨਾਂ ਲਈ ਜਾਣਾ ਸੀ।

# ਅਮਰੀਕਾ ਵਿਚ ਇਕ ਰੇਲ ਗੱਡੀ ਪੱਟੜੀ ਤੋਂ ਉਤਰੀ, ਕਈ ਯਾਤਰੀ ਹੋਏ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊ ਯਾਰਕ ਸ਼ਹਿਰ ਦੇ ਕੁਈਨਜ ਵਿਚ ਇਕ ਯਾਤਰੀ ਰੇਲ ਗੱਡੀ ਦੇ ਪੱਟੜੀ ਤੋਂ ਲਹਿ ਜਾਣ ਦੇ ਸਿੱਟੇ ਵਜੋਂ ਅਨੇਕਾਂ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਿਟੀ ਦੇ ਬੁਲਾਰੇ ਨੇ ਕਿਹਾ ਹੈ ਕਿ ਰੇਲ ਗੱਡੀ ਵਿਚ 100 ਦੇ ਕਰੀਬ ਯਾਤਰੀ ਸਵਾਰ ਸਨ ਜੋ ਰੇਲ ਗੱਡੀ ਸਥਾਨਕ ਸਮੇ ਅਨੁਸਾਰ ਸਵੇਰੇ 11 ਵਜੇ ਤੋਂ ਥੋਹੜੀ ਦੇਰ ਬਾਅਦ ਕੁਈਨਜ ਵਿਚ ਜਮਾਈਕਾ ਸਟੇਸ਼ਨ ਦੇ ਪੂਰਬ ਵਿਚ ਪੱਟੜੀ ਤੋਂ ਲਹਿ ਗਈ। ਰੇਲ ਗੱਡੀ ਗਰੈਂਡ ਸੈਂਟਰਲ ਟਰਮੀਨਲ ਮੈਨਹਟਨ ਤੋਂ ਚੱਲੀ ਸੀ ਤੇ ਉਸ ਨੇ ਲਾਂਗ ਆਈਲੈਂਡ ਵਿਚ ਹੈਂਪਸਟੈਡ ਵਿਚ ਜਾਣਾ ਸੀ। ਅੱਗ ਬੁਝਾਊ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਘੱਟੋ ਘੱਟ 13 ਯਾਤਰੀ ਜ਼ਖਮੀ ਹੋਏ ਹਨ ਤੇ ਹੋਰ ਜ਼ਖਮੀਆਂ ਬਾਰੇ ਵੀ ਜਾਣਕਾਰੀ ਲਈ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਹਾਦਸੇ ਉਪਰੰਤ ਯਾਤਰੀਆਂ ਨੂੰ ਤੁਰੰਤ ਇਕ ਰਾਹਤ ਗੱਡੀ ਰਾਹੀਂ ਜਮਾਈਕਾ ਲਿਜਾਇਆ ਗਿਆ ਜਿਥੇ ਉਨਾਂ ਦੀ ਦੇਖਭਾਲ ਕੀਤੀ ਗਈ। ਫਾਇਰ ਕਮਿਸ਼ਨਰ ਲੌਰਾ ਕਾਵਾਨਾਘ ਨੇ ਕਿਹਾ ਹੈ ਕਿ ਕੁਲ 13 ਜ਼ਖਮੀਆਂ ਵਿਚੋਂ 9 ਮਾਮੂਲੀ ਜ਼ਖਮੀ ਹਨ ਜਦ ਕਿ 2 ਦਰਮਿਆਨੇ ਤੇ 2 ਵਧੇਰੇ ਗੰਭੀਰ ਹਨ ਪਰੰਤੂ ਇਨਾਂ ਸਾਰਿਆਂ ਦੀ ਹਾਲਤ ਸਥਿੱਰ ਹੈ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਜਨਮ ਵਰ੍ਹੇਗੰਢ ‘ਤੇ ਇਨਕਲਾਬ ਫੈਸਟੀਵਲ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਵਰ੍ਹੇਗੰਢ ‘ਤੇ ਖਟਕੜ ਕਲਾਂ ਵਿਖੇ 28 ਤੋਂ 30 ਸਤੰਬਰ ਤੱਕ ਤਿੰਨ ਦਿਨਾਂ ਦੇ ਕਰਵਾਏ ਜਾਣ ਵਾਲੇ ਇੰਨਕਲਾਬ ਫੈਸਟੀਵਲ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਹਰ ਸਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦਾ ਜਨਮ ਦਿਹਾੜਾ ਖਟਕੜ ਕਲਾਂ ਵਿਖੇ ਮਨਾਇਆ ਜਾਂਦਾ ਹੈ। ਇਸ ਵਾਰ ਸਰਕਾਰ ਵੱਲੋ ਇਸ ਦਿਹਾੜੇ ਨੂੰ ਇੱਕ ਮੇਲੇ ਦੇ ਰੂਪ ਵਿੱਚ ਮਨਾਉਣ ਦੇ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ 28 ਤੋਂ 30 ਸਤੰਬਰ ਤੱਕ ਜਿੱਥੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ ਉਥੇ ਪੂਰਾ ਹਫ਼ਤਾ ਜਨਮ ਵਰ੍ਹੇਗੰਢ ਮਨਾਉਣ ਦੇ ਲਈ ਸਾਰਿਆਂ ਦੇ ਵੱਲੋਂ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕ-ਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਇਸ ਦੌਰਾਨ ਸਾਰੇ ਵਿਭਾਗ ਆਪਣੇ-ਆਪਣੇ ਵਿਸ਼ੇ ਨਾਲ ਸਬੰਧਿਤ ਵਿਸ਼ੇਸ਼ ਸਟਾਲ ਮੇਲੇ ਦੇ ਵਿੱਚ ਲਗਾਉਣ। ਸਿਹਤ ਵਿਭਾਗ ਦੇ ਅਧਿਕਾਰੀ ਸਿਹਤ ਸੰਭਾਲ ਸਬੰਧੀ ਮਹੱਤਵਪੂਰਨ ਜਾਣਕਾਰੀ ਵਿਸ਼ੇਸ਼ ਸਟਾਲ ਲਗਾ ਕੇ ਮੁਹਈਆ ਕਰਵਾ ਸਕਦੇ ਹਨ। ਇਸੇ ਤਰ੍ਹਾਂ ਮਾਰਕਫੈਡ ਵਿਭਾਗ ਵੱਲੋਂ ਆਪਣੇ ਪ੍ਰੋਡਕਟ, ਬਾਗਬਾਨੀ ਵਿਭਾਗ ਵੱਲੋਂ ਪੈਦਾਵਾਰ ਅਤੇ ਸੰਭਾਲ ਸਬੰਧੀ ਜਾਣਕਾਰੀ, ਖੇਡ ਵਿਭਾਗ ਵੱਲੋਂ ਖੇਡਾਂ, ਭਾਸ਼ਾ ਅਤੇ ਸਾਹਿਤਕ ਵਿਭਾਗ ਵੱਲੋਂ ਕਿਤਾਬਾਂ ਅਤੇ ਹੋਰ ਨਾਟਕ ਮੰਚ ਕਲਾਕਾਰਾਂ, ਪੁਲਿਸ ਵਿਭਾਗ ਵੱਲੋਂ ਸੁਰੱਖਿਆ ਅਤੇ ਟਰੈਫਿਕ ਨਿਯਮਾਂ ਤੋਂ ਇਲਾਵਾ ਖਾਣ-ਪੀਣ ਦੀਆਂ ਚੀਜ਼ਾਂ ਸਬੰਧੀ ਆਪਣੇ ਆਪਣੇ ਸਟਾਲ ਲਗਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਦਿਨ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਲੋਂ ਜਿੱਥੇ ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾਣਗੇ ਉਥੇ ਲੋਕਲ ਕਲਾਕਾਰਾਂ ਨੂੰ ਵੀ ਗੀਤਾ ਅਤੇ ਨਾਟਕ ਰਾਹੀਂ ਆਪਣੀ ਕਲਾ ਦਿਖਾਉਣ ਦੇ ਮੌਕੇ ਦਿੱਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਮੇਲੇ ਨੂੰ ਹੋਰ ਵੀ ਆਕਰਸ਼ਕ ਬਣਾਉਣ ਦੇ ਲਈ ਪੰਜਾਬੀ ਸੱਭਿਆਚਾਰ ਨਾਲ ਜੁੜੇ ਪ੍ਰਸਿੱਧ ਕਲਾਕਾਰਾਂ ਦੇ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ।



ਉਨ੍ਹਾਂ ਨੇ ਕਿਹਾ ਕਿ ਇਸ ਇੰਕਲਾਬ ਫੈਸਟੀਵਲ ਦੇ ਦੌਰਾਨ ਜਿੱਥੇ ਸਰਕਾਰੀ ਵਿਭਾਗ ਵੱਲੋਂ ਆਪਣੇ-ਆਪਣੇ ਵਿਭਾਗ ਦੇ ਨਾਲ ਸਬੰਧਤ ਸਟਾਲ ਲਗਾਏ ਜਾਣਗੇ ਉੱਥੇ ਪ੍ਰਾਈਵੇਟ ਅਦਾਰੇ ਵੀ ਆਪਣੇ-ਆਪਣੇ ਖੇਤਰ ਨਾਲ ਸਬੰਧਿਤ ਸਟਾਲ ਲਗਾ ਸਕਦੇ ਹਨ। ਇਹ ਸਟਾਲ ਲਗਾਉਣ ਦੇ ਲਈ ਡਿਸਟ੍ਰਿਕ ਡਿਵੈਲਪਮੈਂਟ ਫੈਲੋ ਸੰਜਨਾ ਸਲਸੇਨਾ ਅਤੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਦੂਸਰੀ ਮੰਜ਼ਿਲ ਦੇ ਕਮਰਾ ਨੰਬਰ 209 ਵਿਖੇ ਵਧੇਰੀ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਦੱਸਿਆ ਇਸ ਦੌਰਾਨ ਹੈਰੀਟੇਜ਼ ਸਟ੍ਰੀਟ ਦਾ ਵੀ ਨੀਂਹ ਪੱਥਰ ਰੱਖਿਆ ਜਾਵੇਗਾ। ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵਲੋਂ ਜਿਥੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ, ਉਥੇ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਜੀ ਨਾਲ ਸਬੰਧਤ ਕਵਿਤਾ ਗਾਇਨ ਅਤੇ ਲੇਖਣ ਸਬੰਧੀ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਮੌਕੇ ‘ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਰਾਜੀਵ ਵਰਮਾ, ਐਸ।ਡੀ।ਐਮ ਨਵਾਂਸ਼ਹਿਰ, ਡਾ। ਸ਼ਿਵ ਰਾਜ ਸਿੰਘ ਬੱਲ, ਐਸ।ਡੀ।ਐਮ ਬਲਾਚੌਰ ਬਿਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਗੁਰਲੀਨ ਕੌਰ ਤੋਂ ਇਲਾਵਾ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਦੇਸ਼ ਵਿੱਚ ਚੱਲ ਰਹੀ ਫਿਰਕੂ ਹਿੰਸਾ ਦੀ ਹਨੇਰੀ ਖਿਲਾਫ ਦੇਸ਼ ਵਿਆਪੀ ਲਾਮਬੰਦੀ ਤੇ ਚੇਤਨਾ ਮੁਹਿੰਮ ਵਿੱਢਣ ਦਾ ਐਲਾਨ – ਆਰ ਐਮ ਪੀ ਆਈ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਕੇਂਦਰੀ ਕਮੇਟੀ ਵੱਲੋਂ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਨਾਲ ਜੁੜੇ ਸੰਗਠਨਾਂ ਦੇ ਖਰੂਦੀ ਟੋਲਿਆਂ ਵੱਲੋਂ ਮੋਦੀ-ਸ਼ਾਹ ਸਰਕਾਰ ਦੇ ਥਾਪੜੇ ਨਾਲ ਦੇਸ਼ ਭਰ ’ਚ ਝੁਲਾਈ ਜਾ ਰਹੀ ਫਿਰਕੂ ਹਿੰਸਾ ਦੀ ਹਨ੍ਹੇਰੀ ਖ਼ਿਲਾਫ਼ ਦੇਸ਼ ਵਿਆਪੀ ਲਾਮਬੰਦੀ ਅਤੇ ਚੇਤਨਾ ਮੁਹਿੰਮ ਵਿੱਢੇ ਜਾਣ ਦੇ ਨਿਰਣੇ ਤਹਿਤ ਪੰਜਾਬ ਅੰਦਰ ਸਤੰਬਰ ਮਹੀਨੇ ਦੇ ਪਹਿਲੇ ਪੰਦਰਵਾੜੇ ਦੌਰਾਨ ਪਾਰਟੀ ਵਲੋਂ ਦੋ ਸੂਬਾਈ ਜੱਥੇ ਤੋਰੇ ਜਾਣਗੇ। ਇਹ ਜੱਥੇ ਸੂਬੇ ਅੰਦਰ ਸੈਂਕੜੇ ਜਨ ਸਭਾਵਾਂ ਨੂੰ ਸੰਬੋਧਨ ਕਰਦੇ ਹੋਏ ਸੰਘ-ਭਾਜਪਾ ਦੇ ਧਰਮ ਆਧਾਰਿਤ ਕੱਟੜ ਰਾਸ਼ਟਰ ਦੀ ਕਾਇਮੀ ਅਤੇ 2024 ਦੀਆਂ ਆਮ ਚੋਣਾਂ ’ਚ ਹਰ ਮੁਹਾਜ ’ਤੇ ਨਾਕਾਮ ਸਿੱਧ ਹੋਈ ਭਾਜਪਾ ਸਰਕਾਰ ਦੀ ਮੁੜ ਕਾਇਮੀ ਲਈ ਕੀਤੀ ਜਾ ਰਹੀ ਫਿਰਕੂ ਕਤਾਰਬੰਦੀ ਦੇ ਤਬਾਹਕੁੰਨ ਨਤੀਜਿਆਂ ਤੋਂ ਲੋਕਾਈ ਨੂੰ ਜਾਣੂੰ ਕਰਵਾਉਣਗੇ। ਇਨ੍ਹਾਂ ਜਨ ਸਭਾਵਾਂ ਦੌਰਾਨ ਸੰਘ-ਭਾਜਪਾ ਵੱਲੋਂ ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰਨ ਅਤੇ ਲੋਕ ਘੋਲਾਂ ਨੂੰ ਕੁਰਾਹੇ ਪਾਉਣ ਲਈ ਉਛਾਲੇ ਜਾ ਰਹੇ ਫਿਰਕੂ-ਵੰਡਵਾਦੀ ਮੁੱਦਿਆਂ ਨੂੰ ਦਰਕਿਨਾਰ ਕਰਦਿਆਂ ਮਿਹਨਤੀ ਲੋਕਾਈ ਨੂੰ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ, ਲੋਕ ਮਾਰੂ ਨੀਤੀਆਂ ਵਿਰੁੱਧ ਫੌਲਾਦੀ ਏਕਾ ਕਾਇਮ ਕਰਦੇ ਹੋਏ ਜੋਰਦਾਰ ਲੋਕ ਘੋਲ ਵਿੱਢਣ ਦਾ ਸੱਦਾ ਦਿੱਤਾ ਜਾਵੇਗਾ।’’ ਇਹ ਨਿਰਣਾ ਪਾਰਟੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਸੱਦੀ ਗਈ ਸੂਬਾਈ ਕਨਵੈਨਸ਼ਨ ਵਿੱਚ ਹਾਜ਼ਰ ਪ੍ਰਤੀਨਿਧਾਂ ਵੱਲੋਂ ਸਰਵ ਸੰਮਤੀ ਨਾਲ ਪਾਸ ਕੀਤੇ ਇਕ ਮਤੇ ਰਾਹੀਂ ਲਿਆ ਗਿਆ। ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਉਚੇਚੇ ਹਾਜਰ ਹੋਏ





ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਮਨੀਪੁਰ ਵਿਖੇ ਕੇਂਦਰੀ ਪ੍ਰਸ਼ਾਸ਼ਨ ਅਤੇ ਸੂਬਾ ਸਰਕਾਰ ਦੀ ਨੰਗੀ-ਚਿੱਟੀ ਸ਼ਹਿ ਨਾਲ ਲੰਘੀ 3 ਮਈ ਤੋਂ ਜਾਰੀ ਕਤਲੋ-ਗਾਰਤ, ਇਸਤਰੀਆਂ ਦੀ ਬੇਹੁਰਮਤੀ ਦੀਆਂ ਸ਼ਰਮਨਾਕ ਵਾਰਦਾਤਾਂ ਅਤੇ ਵਿਆਪਕ ਸਾੜ-ਫੂਕ ਤੇ ਲੁੱਟ-ਮਾਰ ’ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਸੂਬੇ ਦੇ ਇਸ ਖਤਰਨਾਕ ਹਾਲਾਤ ਬਾਰੇ ਪ੍ਰਧਾਨ ਮੰਤਰੀ ਮੋਦੀ ਦੀ ਅਪਰਾਧਿਕ ਬੇਧਿਆਨੀ ਦੀ ਡਟਵੀਂ ਨਿਖੇਧੀ ਕੀਤੀ। ਸਾਥੀ ਪਾਸਲਾ ਨੇ ਕਿਹਾ ਕਿ ਦੇਸ਼-ਵਿਦੇਸ਼ ’ਚ ਹੋ ਰਹੀ ਭਾਰਤ ਦੀ ਵਿਆਪਕ ਕਿਰਕਿਰੀ ਦੇ ਬਾਵਜੂਦ ਹਾਲਾਤ ਨੂੰ ਕਾਬੂ ਕਰਨ ਲਈ ਠੋਸ ਯਤਨ ਨਾ ਕਰਨਾ ਸੰਘ-ਭਾਜਪਾ, ਮੋਦੀ-ਸ਼ਾਹ ਸਰਕਾਰ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟ ਲੋਟੂਆਂ ਦੀ ਕਿਸੇ ਗੁੱਝੀ ਸਾਜ਼ਿਸ਼ ਦਾ ਸੰਕੇਤ ਹੈ। ਉਨ੍ਹਾਂ ਗੁਆਂਢੀ ਸੂਬੇ ਹਰਿਆਣਾ ਅੰਦਰ ਉੱਥੋਂ ਦੀ ਖੱਟਰ ਸਰਕਾਰ ਦੀ ਸ਼ਹਿ ਨਾਲ ਸੰਘੀ ਸੰਗਠਨਾਂ ਵੱਲੋਂ ਫਿਰਕੂ ਉਕਸਾਹਟਾਂ ਰਾਹੀਂ ਪੈਦਾ ਕੀਤੇ ਫਿਰਕੂ ਤਣਾਅ ਦੀ ਵੀ ਜੋਰਦਾਰ ਨਿਖੇਧੀ ਕੀਤੀ। ਸਾਥੀ ਪਾਸਲਾ ਨੇ ਜੋਰ ਦੇ ਕੇ ਕਿਹਾ ਕਿ ਦੇਸ਼ ਨੂੰ ਫ਼ਿਰਕੂ ਹਿੰਸਾ ਦੇ ਭਾਂਬੜਾਂ ਤੋਂ ਬਚਾਉਣ ਅਤੇ ਭਾਰਤ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਦੀ ਰਾਖੀ ਲਈ 2024 ਦੀਆਂ ਆਮ ਚੋਣਾਂ ’ਚ ਮੋਦੀ ਸਰਕਾਰ ਨੂੰ ਸੱਤਾ ਤੋਂ ਬੇਦਖ਼ਲ ਕੀਤੇ ਬਗੈਰ ਦੇਸ਼ ਵਾਸੀਆਂ ਸਾਹਮਣੇ ਮੌਜੂਦਾ ਸਮੇਂ ’ਚ ਹੋਰ ਕੋਈ ਰਾਹ ਨਹੀਂ ਬਚਿਆ। ਉਨ੍ਹਾਂ ਕਿਹਾ ਕਿ ਸਮੂਹ ਪੰਜਾਬੀਆਂ ਦਾ ਜਮਹੂਰੀ ਲੀਹਾਂ ’ਤੇ ਲੜਿਆ ਗਿਆ ਬਾਜਾਬਤਾ ਸੰਘਰਸ਼ ਹੀ ਪੰਜਾਬ ਨਾਲ ਅਤੀਤ ’ਚ ਕੀਤੀ ਗਈ ਬੇਇਨਸਾਫ਼ੀ ਨੂੰ ਦੂਰ ਕਰਨ ਅਤੇ ਅਜੋਕੇ ਹੁਕਮਰਾਨਾਂ ਦੀਆਂ ਪੰਜਾਬ ਵਿਰੋਧੀ ਸਾਜਿਸ਼ਾਂ ਨੂੰ ਭਾਂਜ ਦੇਣ ਦੀ ਜਾਮਨੀ ਹੋ ਸਕਦਾ ਹੈ। ਪਾਸਲਾ ਨੇ ਕਿਹਾ ਕਿ ਮੋਦੀ ਸਰਕਾਰ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਇਕੋ ਜਿਹੀਆਂ ਹੀ ਲੋਕ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ ਅਤੇ ਦੋਨੋਂ ਹੀ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਬੇਲੋੜੇ ਜਜ਼ਬਾਤੀ ਮੁੱਦੇ ਉਛਾਲ ਕੇ ਡੰਗ-ਟਪਾਈ ਕਰ ਰਹੀਆਂ ਹਨ।

ਕਨਵੈਨਸ਼ਨ ਦੀ ਪ੍ਰਧਾਨਗੀ ਪਾਰਟੀ ਦੀ ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ ਨੇ ਕੀਤੀ। ਸਟੇਜ ਦੀ ਕਾਰਵਾਈ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਚਲਾਈ। ਸਰਵ ਸਾਥੀ ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਵੇਦ ਪ੍ਰਕਾਸ਼, ਨੱਥਾ ਸਿੰਘ ਪਠਾਨਕੋਟ, ਬੀਬੀ ਰਘਬੀਰ ਕੌਰ ਨੇ ਵੀ ਵਿਚਾਰ ਰੱਖੇ। ਆਰੰਭ ਵਿੱਚ ਹੀਰੋਸ਼ਿਮਾ ਅਤੇ ਨਾਗਾਸਾਕੀ ਵਿਖੇ ਐਟਮੀ ਹਮਲੇ ਅਤੇ ਸਾਮਰਾਜੀ ਧਾੜਵੀਆਂ ਵੱਲੋਂ ਛੇੜੀਆਂ ਗਈਆਂ ਨਿਹੱਕੀਆਂ ਜੰਗਾਂ ਵਿੱਚ ਮਾਰੇ ਗਏ ਕਰੋੜਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਉੱਘੇ ਪ੍ਰਗਤੀਵਾਦੀ ਲੇਖਕ ਅਤੇ ਲੋਕ ਘੋਲਾਂ ਦੇ ਮਿਸਾਲੀ ਯੋਧੇ ਸਾਥੀ ਹਰਭਜਨ ਸਿੰਘ ਹੁੰਦਲ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਕਨਵੈਨਸ਼ਨ ਉਪਰੰਤ ਦੇਸ਼ ਭਗਤ ਯਾਦਗਾਰ ਤੋਂ ਲੈ ਕੇ ਸ਼ਹੀਦ-ਇ-ਆਜ਼ਮ ਭਗਤ ਸਿੰਘ ਚੌਂਕ ਤੱਕ ਰੋਹ ਭਰਪੂਰ ਮਾਰਚ ਵੀ ਕੀਤਾ ਗਿਆ।

# 'ਤੀਆਂ ਫਰਿਜ਼ਨੋ ਦੀਆਂ' ਨੇ ਲਾਈਆਂ ਰੌਣਕਾਂ, ਸਜਿਆ ਕਾਰਨੀ ਪਾਰਕ ਪੰਜਾਬੀ ਰੰਗਾਂ 'ਚ

## "28 ਵੇ ਸਾਲ ਲੱਗੀਆਂ ਰਵਾਇਤੀ ਤੀਆਂ"







**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸੱਕ ਪੰਜਾਬ 'ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ 27 ਸਾਲਾ ਤੋਂ ਵਧੀਕ ਸਮਾਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂੰਹ ਪੰਜਾਬੀ ਔਰਤਾ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸੱਕ ਅੱਜ ਪਿੱਪਲਾ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਬਹੁਤ ਸੋਹਣੇ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਜਿੰਨ੍ਹਾਂ ਨੂੰ ਆਮ ਤੌਰ 'ਤੇ ਕਮਰਸੀਅਲ ਢੰਗ ਨਾਲ ਮਨਾਇਆ ਜਾਦਾ ਹੈ।

ਜਿਸ ਵਿੱਚ ਰਿਵਾਇਤਾ ਨੂੰ ਛੱਡ, ਮੁਨਾਫੇ, ਦਿਖਾਵੇ ਅਤੇ ਪਹਿਰਾਵੇ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ "ਕਾਰਨੀ ਪਾਰਕ ਵਾਲੀਆਂ ਤੀਆਂ" ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰ-ਪਰਾਗਤ ਤਰੀਕੇ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆ ਹਨ। ਇਨ੍ਹਾਂ ਤੀਆਂ ਦੌਰਾਨ ਪਾਰਕ ਵਿੱਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾ ਵਿੱਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ।

ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ, ਘੱਘਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਹੌਲ ਵਿੱਚ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾ ਵੱਲੋਂ ਸਮਾਪਤੀ 'ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇੰਨ੍ਹਾਂ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋ, ਪਰਮਜੀਤ ਕੌਰ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਦਾ ਹੈ। ਜਿੰਨਾਂ ਨੇ ਪੰਜਾਬੀ ਸੱਭਿਆਚਾਰ ਦੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਸਮੂੰਹ ਔਰਤਾਂ ਸਹਿਯੋਗ ਨਾਲ ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ।

# 'ਆਪ' ਵੱਲੋਂ ਡਾ. ਮਨਮੋਹਨ ਸਿੰਘ ਦੀ ਸ਼ਲਾਘਾ

**ਨਵੀਂ ਦਿੱਲੀ-** ਕਦੇ ਵਿਰੋਧੀ ਰਹੇ ਤੇ 'ਆਪ' ਦੇ ਨਿਸ਼ਾਨੇ ਉਪਰ ਆਏ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਰਾਜ ਸਭਾ ਵਿੱਚ ਹਾਜ਼ਰੀ ਲਾਉਣ ਦੀ ਆਮ ਆਦਮੀ ਪਾਰਟੀ ਨੇ ਖ਼ੂਬ ਪ੍ਰਸ਼ੰਸਾ ਕੀਤੀ ਹੈ। ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਬਿਮਾਰੀ ਦੀ ਹਾਲਤ ਵਿੱਚ ਵੀ ਰਾਜ ਸਭਾ ਵਿੱਚ ਦਿੱਲੀ ਸੇਵਾਵਾਂ ਬਾਰੇ ਬਿੱਲ ਵਿੱਚ ਵੋਟ ਪਾਉਣ ਆਏ ਸਨ। 'ਆਪ' ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਇੱਕ ਟਵੀਟ ਵਿੱਚ ਕਿਹਾ, 'ਅੱਜ, ਰਾਜ ਸਭਾ ਵਿੱਚ, ਡਾ. ਮਨਮੋਹਨ ਸਿੰਘ ਇਮਾਨਦਾਰੀ ਦੇ ਪ੍ਰਤੀਕ ਵਜੋਂ ਖੜ੍ਹੇ ਹੋਏ ਅਤੇ ਕਾਲੇ ਆਰਡੀਨੈਂਸ ਖ਼ਿਲਾਫ਼ ਵੋਟ ਪਾਉਣ ਲਈ ਵਿਸ਼ੇਸ਼ ਤੌਰ 'ਤੇ ਆਏ। ਲੋਕਤੰਤਰ ਅਤੇ ਸੰਵਿਧਾਨ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਡੂੰਘੀ ਪ੍ਰੇਰਣਾ ਹੈ। ਉਨ੍ਹਾਂ ਦੇ ਅਣਮੁੱਲੇ ਸਹਿਯੋਗ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।'



ਕਾਂਗਰਸ ਦੇ ਲੋਕ ਸਭਾ ਮੈਂਬਰ ਸ਼ਸ਼ੀ ਥਰੂਰ ਨੇ ਟਵੀਟ ਕਰਦਿਆਂ ਕਿਹਾ, 'ਇਹ ਪ੍ਰਤੀਕਵਾਦ ਨਾਲ ਭਰਪੂਰ ਪਲ ਹੈ। ਵੱਡੀ ਉਮਰ ਦੀ ਇੱਕ ਸ਼ਖ਼ਸੀਅਤ ਜਿਸ ਨੇ ਹਮੇਸ਼ਾ ਰਾਸ਼ਟਰ ਨੂੰ ਪਹਿਲ ਦਿੱਤੀ ਹੈ, ਬਿਮਾਰ ਸਿਹਤ ਦੇ ਬਾਵਜੂਦ ਉਸ ਦੀ ਮੌਜੂਦਗੀ, ਉਸ ਦੀ ਵਚਨਬੱਧਤਾ, ਫਰਜ਼ ਪ੍ਰਤੀ ਸਮਰਪਣ ਦੀ ਯਾਦ ਦਿਵਾਉਂਦਾ ਹੈ। ਡਾ. ਮਨਮੋਹਨ ਸਿੰਘ ਨੂੰ ਪ੍ਰਣਾਮ।'

ਭਾਜਪਾ ਨੇ ਆਪਣੇ ਅਧਿਕਾਰਤ ਟਵਿੱਟਰ 'ਤੇ ਮਨਮੋਹਨ ਸਿੰਘ ਦੀ ਰਾਜ ਸਭਾ ਵਿੱਚ ਮੌਜੂਦਗੀ ਨੂੰ 'ਸ਼ਰਮਨਾਕ' ਦੱਸਿਆ ਹੈ। ਭਾਜਪਾ ਨੇ ਆਪਣੇ ਗੱਠਜੋੜ ਨੂੰ ਕਾਇਮ ਰੱਖਣ ਲਈ ਲੰਬੇ ਸਮੇਂ ਤੱਕ ਬੈਠਣ ਲਈ ਕਾਂਗਰਸ 'ਤੇ ਹਮਲਾ ਕੀਤਾ। ਉਨ੍ਹਾਂ ਟਵਿੱਟਰ 'ਤੇ ਲਿਖਿਆ, 'ਦੇਸ਼ ਯਾਦ ਰੱਖੇਗਾ ਕਾਂਗਰਸ ਦਾ ਇਹ ਜਨੂੰਨ! ਕਾਂਗਰਸ ਨੇ ਇੱਕ ਸਾਬਕਾ ਪ੍ਰਧਾਨ ਮੰਤਰੀ ਨੂੰ ਦੇਰ ਰਾਤ ਤੱਕ ਵ੍ਹੀਲਚ-ਅਰ 'ਤੇ ਅਜਿਹੀ ਸਿਹਤ ਦੀ ਹਾਲਤ ਵਿੱਚ ਵੀ ਬਿਠਾ ਕੇ ਸਦਨ ਵਿੱਚ ਰੱਖਿਆ ਅਤੇ ਉਹ ਵੀ ਸਿਰਫ਼ ਆਪਣੇ ਬੇਈਮਾਨ ਗੱਠਜੋੜ ਨੂੰ ਕਾਇਮ ਰੱਖਣ ਲਈ! ਬਹੁਤ ਸ਼ਰਮਨਾਕ!' ਇਸੇ ਦੌਰਾਨ ਕਾਂਗਰਸ ਵੱਲੋਂ ਭਾਜਪਾ 'ਤੇ ਜਵਾਬੀ ਹੱਲਾ ਬੋਲਿਆ ਗਿਆ ਤੇ ਅਟਲ ਬਿਹਾਰੀ ਵਾਜਪਾਈ ਦੀ ਵ੍ਹੀਲ ਚੇਅਰ 'ਤੇ ਬੈਠਿਆਂ ਦੀ ਤਸਵੀਰ ਜਾਰੀ ਕੀਤੀ। ਕਾਂਗਰਸ ਦੇ ਆਗੂ ਪਵਨ ਖੇੜਾ ਨੇ ਇਹ ਤਸਵੀਰ ਟਵਿੱਟਰ 'ਤੇ ਟੈਗ ਕੀਤੀ। ਉਨ੍ਹਾਂ ਲਿਖਿਆ, 'ਇਹ ਤਸਵੀਰ 2007 ਦੀਆਂ ਰਾਸ਼ਟਰਪਤੀ ਚੋਣਾਂ ਦੀ ਹੈ। ਇਸ ਚੋਣ ਵਿੱਚ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ 638,116 ਅਤੇ ਸ੍ਰੀ ਭੈਰੋਂ ਸਿੰਘ ਸ਼ੇਖਾਵਤ ਨੂੰ 331,306 ਵੋਟਾਂ ਮਿਲੀਆਂ। ਵੋਟ ਪਾਉਣ ਸਮੇਂ ਅਟਲ ਜੀ ਨੂੰ ਆਪਣੀ ਵ੍ਹੀਲ ਚੇਅਰ ਛੱਡ ਕੇ ਬੜੀ ਮੁਸ਼ਕਲ ਨਾਲ ਅੰਦਰ ਜਾਣਾ ਪਿਆ। ਭਾਜਪਾ ਨੂੰ ਪਤਾ ਸੀ ਕਿ ਭੈਰੋਂ ਸਿੰਘ ਬੁਰੀ ਤਰ੍ਹਾਂ ਚੋਣ ਹਾਰ ਜਾਣਗੇ ਪਰ ਫਿਰ ਵੀ ਅਟਲ ਜੀ ਨੂੰ ਲਿਆਂਦਾ ਗਿਆ।'

# 2021 ਰੈਜ਼ੀਡੈਂਟ ਵੀਜ਼ੇ ਰਾਹੀਂ 205,923 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦਾ ਕਾਫੀ ਕੰਮ ਨਿਬੇੜ ਲਿਆ ਗਿਆ ਹੈ। 05 ਅਗਸਤ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,472 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟ ਗਿਣਤੀ 217,723 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 101,437 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 205,923 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਸੁਪਨਾ ਸਾਕਾਰ ਕਰ ਦਿੱਤਾ ਹੈ। ਇਸ ਦੌਰਾਨ 466 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।




ਕਿੰਨੇ ਕੁ ਰਹਿ ਗਏ? ਲਗਪਗ 11,800 ਲੋਕਾਂ ਦੀ ਕਿਸਮਤ ਦਾ ਫੈਸਲਾ 4,569 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ।

ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ। ਆਸ ਹੈ ਕਿ 55,500 ਦੇ ਕਰੀਬ ਪੱਕੇ ਹੋ ਜਾਣਗੇ।

# ਪੰਜਾਬੀਆਂ ਦੀ ਪੈੜਾਂ ਸੰਭਾਲੀ ਬੈਠੇ ਸੈਂਕੜੇ ਕੁ ਪਰਿਵਾਰਾਂ ਨੇ ਮਨਾਇਆ 'ਮੇਲਾਂ ਦੀਆਂ ਦਾ'





**ਸਾਮਾਬੁਲਾ, (ਹਰਜਿੰਦਰ ਸਿੰਘ ਬਸਿਆਲਾ)-** ਫੀਜ਼ੀ ਵਿਖੇ ਭਾਵੇਂ ਪੰਜਾਬੀਆਂ ਦੇ ਹੁਣ ਸੈਂਕੜੇ ਕੁ ਪਰਿਵਾਰ ਬਚੇ ਹਨ ਪਰ ਇਥੇ ਧਰਮ ਤੇ ਵਿਰਸੇ ਅਤੇ ਸਭਿਆਚਾਰ ਦੀ ਗੱਲ ਚਲਦੀ ਰਹਿੰਦੀ ਹੈ। ਪੁਰਾਣੇ ਪੰਜਾਬੀ ਪਰਿਵਾਰਾਂ ਦੇ ਵਿਚ ਨਵੇਂ ਪੰਜਾਬੀ ਪਰਿਵਾਰਾਂ ਦਾ ਵੀ ਮੇਲ ਹੋ ਰਿਹਾ ਹੈ। ਰੀਤੀ ਰਿਵਾਜ ਅਤੇ ਹੋਰ ਤਿਉਹਾਰ ਵੀ ਵੇਲੇ-ਕੁਵੇਲੇ ਮਨਾਏ ਜਾਂਦੇ ਹਨ। ਬੀਤੇ ਦਿਨੀਂ ਫਿਜੀ ਵਸਦੀਆਂ ਪੰਜਾਬਣਾਂ ਨੇ ਇਸ ਵਾਰ ਫਿਰ ਉਦਮ ਕਰਕੇ ਗੁਰਦੁਆਰਾ ਸਾਮਾਬੁਲਾ ਦੇ ਬਰਾਂਡੇ ਨੂੰ ਸਜਾ ਕੇ 'ਮੇਲਾ ਤੀਆਂ ਦਾ' ਪ੍ਰੋਗਰਾਮ ਆਯੋਜਿਨ ਕੀਤਾ। ਫੁੱਲਕਾਰੀ, ਚਰਖਾ, ਮਧਾਣੀ,ਪੱਖੀਆਂ, ਫੱਟੀ, ਛੱਜ ਅਤੇ ਪੁਰਾਣੇ ਬਰਤਨ ਆਦਿ ਸਜਾਏ ਗਏ। ਕੁੜੀਆਂ ਨੇ ਪੀਂਘਾਂ ਪਾਈਆਂ। ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਖੂਬ ਰੌਣਕ ਰਹੀ। ਬੀਬੀ ਗੁਰਦੇਵ ਕੌਰ ਅਤੇ ਬੀਬੀ ਪੂਨਮ ਸਿੰਘ ਨੇ ਤੀਆਂ ਬਾਰੇ ਜਾਣਕਾਰੀ ਦੇ ਕੇ ਇਸ ਮੇਲੇ ਦੀ ਸ਼ੁਰੂਆਤ ਕੀਤੀ। ਬੋਲੀਆਂ ਅਤੇ ਗਿੱਧੇ ਦੇ ਨਾਲ ਇਹ ਮੇਲਾ ਸਮਾਪਤ ਹੋਇਆ।

ਵਰਨਣਯੋਗ ਹੈ ਕਿ ਸਾਊਥ ਪੈਸੇਫਿਕ ਵਸਿਆ ਟਾਪੂ ਫਿਜ਼ੀ ਜਿੱਥੇ ਕੁਦਰਤੀ ਸੁਹੱਪਣ ਰੱਖਦਾ ਹੈ ਉਥੇ ਪ੍ਰਵਾਸੀ ਲੋਕਾਂ ਦੀ ਮਿਹਨਤ ਮੁਸ਼ੱਕਤ ਵੀ ਬੋਲਦੀ ਹੈ। ਤੀਆਂ ਦਾ ਤਿਉਹਾਰ ਸਾਉਣ ਮਹੀਨੇ ਮਨਾਇਆ ਜਾਂਦਾ ਹੈ ਤੇ ਪੁੰਨਿਆਂ ਤੱਕ ਮੇਲੇ ਲਗਦੇ ਰਹਿੰਦੇ ਹਨ। ਸਾਉਣ ਮਹੀਨੇ ਵਿਆਹੀਆਂ ਕੁੜੀਆਂ ਆਪਣੇ ਪੇਕੇ ਰਹਿਣ ਆ ਜਾਂਦੀਆਂ ਹਨ। ਹੱਥਾਂ 'ਤੇ ਮਹਿੰਦੀ, ਰੰਗ-ਬਿਰੰਗੀਆਂ ਚੂੜੀਆਂ, ਪੀਂਘਾਂ ਝੂਟਣਾ, ਅਤੇ ਗਿੱਧਾ ਆਦਿ ਪਾ ਕੇ ਪੰਜਾਬੀ ਲੋਕ ਨਾਚ ਅਤੇ ਲੋਕ ਗੀਤਾਂ ਨਾਲ ਸਾਂਝ ਕਾਇਮ ਕਰਨਾ ਹੁੰਦਾ ਹੈ।

# ਨਿਊਜ਼ੀਲੈਂਡ ਲਈ ਪਿਛਲੇ ਇਕ ਸਾਲ 'ਚ 20 ਲੱਖ 72 ਹਜ਼ਾਰ ਲੋਕਾਂ ਲਈ ਰਾਹ ਖੁੱਲ੍ਹਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੀ 01 ਅਗਸਤ ਨੂੰ ਨਿਊਜ਼ੀਲੈਂਡ ਦੇ ਬਾਰਡਰ ਖੁੱਲ੍ਹਿਆਂ ਇਕ ਸਾਲ ਦਾ ਸਮਾਂ ਹੋ ਗਿਆ ਹੈ। ਇਸ ਸਾਲ ਦੌਰਾਨ ਇਮੀਗ੍ਰੇਸ਼ਨ ਨੇ ਜਿੱਥੇ ਰੈਜ਼ੀਡੈਂਟ-21 ਦੇ ਹਜ਼ਾਰਾਂ ਵੀਜੇ ਜਾਰੀ ਕੀਤੇ ਉਥੇ ਵੱਖ-ਵੱਖ ਹੋਰ ਸ਼੍ਰੇਣੀਆਂ ਦੇ ਵੀਜ਼ੇ ਵੀ ਜਾਰੀ ਕੀਤੇ ਗਏ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

-13 ਮਾਰਚ 2022 ਤੋਂ ਬਾਅਦ ਹੁਣ ਤੱਕ 65,056 ਵਰਕਿੰਗ ਹਾਲੀਡੇਅ ਸਕੀਮ ਤਹਿਤ ਵੀਜ਼ੇ ਦਿੱਤੇ ਗਏ।

-02 ਮਈ 2022 ਤੋਂ ਬਾਅਦ ਹੁਣ ਤੱਕ ਵੱਖ-ਵੱਖ ਦੇਸ਼ਾਂ ਦੇ 15 ਲੱਖ 17 ਹਜ਼ਾਰ 930 ਲੋਕਾਂ ਨੇ ਇਥੇ ਆਉਣ ਵਾਸਤੇ 'ਨਿਊਜ਼ੀਲੈਂਡ ਇਲੈਕਟ੍ਰਾਨਿਕ ਟ੍ਰੈਵਲ ਅਥਾਰਟੀ' ਦੀਆਂ ਅਰਜ਼ੀਆਂ ਦਿੱਤੀਆਂ।

-04 ਜੁਲਾਈ 2022 ਤੋਂ ਬਾਅਦ 'ਐਕਰੀਡੇਟਿਡ ਇੰਪਲਾਇਰ ਵਰਕ ਵੀਜ਼ਾ' ਤਹਿਤ 76, 615 ਲੋਕਾਂ ਨੂੰ ਵੀਜ਼ਾ ਦਿੱਤਾ ਗਿਆ।

- 31 ਜੁਲਾਈ 2022 ਤੋਂ ਬਾਅਦ 3 ਲੱਖ 39 ਹਜ਼ਾਰ 218 ਲੋਕਾਂ ਨੂੰ ਵਿਜ਼ਟਰ ਵੀਜੇ ਦਿੱਤੇ ਗਏ।

-31 ਜੁਲਾਈ 2022 ਤੋਂ ਬਾਅਦ 74,141 ਵਿਦਿਆਰਥੀ ਵੀਜ਼ੇ ਦਿੱਤੇ ਗਏ।

# ਨਿਊਜ਼ੀਲੈਂਡ 'ਚ ਬੋਲੀਆਂ, ਗਿੱਧੇ ਤੇ ਭੰਗੜੇ ਨੇ ਬਣਾਈ 'ਟੌਹਰ ਪੰਜਾਬਣ ਦੀ'





**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਬਹੁ ਕੌਮੀ ਦੇਸ਼ ਨਿਊਜ਼ੀਲੈਂਡ ਦੇ ਵਿਚ ਆਪਣਾ ਧਰਮ, ਵਿਰਸਾ ਤੇ ਸਭਿਆਚਾਰ ਕਾਇਮ ਰੱਖਣਾ ਬੁਨਿਆਦੀ ਹੱਕ ਹੈ। ਜਿਹੜੀਆਂ ਕੌਮਾਂ ਆਪਣੀਆਂ ਰਹੁ-ਰੀਤਾਂ, ਸਭਿਆਚਾਰ ਲੋਕ ਗੀਤ, ਲੋਕ ਨਾਚ ਅਤੇ ਖੁਸ਼ੀ ਭਰੇ ਮੌਕਿਆਂ ਦਾ ਨਵਾਂ ਤੇ ਪੁਰਾਤਨ ਸੰਗੀਤ ਅਗਲੀ ਪੀੜ੍ਹੀ ਦੇ ਸਪੁੱਰਦ ਕਰ ਦਿੰਦੀਆਂ ਹਨ ਜਾਂ ਯਤਨਾਂ ਵਿਚ ਰਹਿੰਦੀਆਂ ਹਨ, ਉਹ ਕਿਤੇ ਨਾਲ ਕਿਤੇ ਜੋਤ ਵਾਂਗ ਸਜੀਵ ਰਹਿੰਦਾ ਹੈ। ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਵੱਲੋਂ ਮਹਿਲਾਵਾਂ ਦਾ ਪੰਜਵਾਂ ਮੇਲਾ 'ਫੁੱਲਕਾਰੀ-2023' ਦੇ ਨਾਂਅ ਉਤੇ ਬੀਤੀ ਰਾਤ 'ਡਿਊ ਡ੍ਰਾਪ ਈਵੈਂਟ ਸੈਂਟਰ' ਵਿਖੇ ਸ਼ਾਮ 6 ਤੋਂ ਦੇਰ ਰਾਤ 11 ਵਜੇ ਤੱਕ ਕਰਵਾਇਆ ਗਿਆ। 'ਫੁੱਲਕਾਰੀ ਨਾਈਟ' ਦੀ ਸ਼ੁਰੂਆਤ ਸਿਮਰਨ ਧਾਲੀਵਾਲ ਤੇ ਜਸਮੀਤ ਗਰੇਵਾਲ ਨੇ ਕਰਕੇ ਸਟੇਜ ਸੰਚਲਾਨ ਸੰਭਾਲਦਿਆਂ ਸਵਾਗਤੀ ਸ਼ਬਦਾਂ ਨਾਲ ਕੀਤੀ। ਇਸ ਤੋਂ ਬਾਅਦ ਵੱਖ-ਵੱਖ ਵੰਨਗੀਆਂ ਦੇ ਲਈ ਸਟੇਜ ਸੰਚਾਲਨ ਦੇ ਲਈ ਜੋੜੀਆਂ ਦੇ ਰੂਪ ਵਿਚ ਸੁਮਨ, ਬਲਜੀਤ ਵੜੈਚ, ਬਲਜੀਤ ਔਲਖ, ਆਸ਼ਤੀ ਚੌਹਾਨ ਤੇ ਸੁਮਨ ਬਦੇਸ਼ਾ ਵੀ ਸ਼ਾਮਿਲ ਹੋ ਗਈਆਂ। ਮਾਲਵਾ ਕੱਲਬ ਅਤੇ ਪੰਜਾਬੀ ਕਲਚਰਲ ਐਸੋਸੀਏਸ਼ਨ, ਤੇ ਸਾਂਝ ਕਲੱਬ ਦੇ ਬੱਚਿਆਂ ਨੇ ਭੰਗੜਾ ਨਾਲ ਆਪਣੇ ਹੁਨਰ ਦੀ ਛਾਪ ਛੱਡੀ। 'ਰੂਹ ਪੰਜਾਬ ਦੀ', 'ਵੋਮੈਨ ਸਿੱਖ ਐਸੋਸੀਏਸ਼ਨ', 'ਵੋਮੈਨ ਕੇਅਰ ਟ੍ਰਸਟ', 'ਗੋਲਡਨ ਗ੍ਰਲਜ਼', 'ਟੌਹਰ ਪੰਜਾਬਣ ਦੀ' ਅਤੇ 'ਮਾਲਵੇ ਦੀਆਂ ਹੀਰਾਂ' ਗਰੁੱਪ ਦੀਆਂ ਮਹਿਲਾਵਾਂ ਨੇ ਨਵੇਂ ਪੁਰਾਣੇ ਗੀਤਾਂ ਉਤੇ ਖੂਬ ਧਮਾਲ ਪਾਈ।

ਮਾਲਵਾ ਕਲੱਬ ਦੀਆਂ ਹੁਣ ਤੱਕ ਦੀਆਂ ਸਰਗਰ-ਮੀਆਂ ਨੂੰ ਪੇਸ਼ ਕਰਦੀ ਇਕ ਝਲਕ ਵੀ ਵਿਖਾਈ ਗਈ, ਜੋ ਮਾਲਵਾ ਕਲੱਬ ਦੇ ਨਿਰੰਤਰ ਸਮਾਜਿਕ ਸਫਰ ਨੂੰ ਦਰਸਾ ਰਹੀ ਸੀ। ਸਟੇਜ ਵੰਨਗੀਆਂ ਤੋਂ ਬਾਅਦ ਖੁੱਲ੍ਹਾ ਅਖਾੜਾ ਲਗਾਇਆ ਗਿਆ ਜਿਸ ਦੇ ਵਿਚ ਡੀ.ਜੇ. ਉਤੇ ਲਗਪਗ ਹਰ ਮਹਿਲਾ ਨੇ ਨੱਚ ਕੇ ਜਿੱਥੇ ਆਪਣਾ ਮਨ ਪ੍ਰਚਾਵਾ ਕੀਤਾ ਉਥੇ ਆਪਣੇ ਸਭਿਆਚਾਰ ਅਤੇ ਗੀਤਾਂ ਦੇ ਨਾਲ ਸਾਂਝ ਪਾਈ। ਪ੍ਰੋਗਰਾਮ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਵੱਖ-ਵੱਖ ਸਟਾਲਾਂ ਦੇ ਉਤੇ ਵੀ ਖੂਬ ਰੌਣਕ ਰਹੀ ਜਿਸ ਦੇ ਵਿਚ ਗਹਿਣੇ, ਖਾਣ-ਪੀਣ ਦਾ ਸਮਾਨ, ਪੰਜਾਬੀ ਸੂਟ, ਪੰਜਾਬੀ ਜੁਤੀਆਂ ਤੇ ਸਿਹਤ ਸਬੰਧੀ ਬਹੁਤ ਕੁਝ ਸੀ। ਲਗਪਗ 11 ਵਜੇ 'ਫੁਲਕਾਰੀ ਨਾਈਟ' ਸੰਗੀਤਮਈ ਯਾਦਾਂ ਕਇਮ ਕਰਦੀ ਬੁੱਕਲ ਮਾਰ ਅਗਲੇ ਸਾਲ ਦੇ ਸਫਰ ਲਈ ਨਿਕਲ ਲਈ।



ਸਪਾਂਸਰਜ਼ ਦਾ ਧੰਨਵਾਦ: ਇਸ ਮੌਕੇ ਮਾਲਵਾ ਕਲੱਬ ਵੱਲੋਂ ਆਪਣੇ ਸਪਾਂਸਰਜ਼ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ ਜਿਸ ਦੇ ਵਿਚ 'ਨਿਊਜ਼ੀਲੈਂਡ ਸਿੱਖ ਗੇਮਜ਼', 'ਮਰਕਰੀ ਏਨਰਜ਼ੀ', 'ਸੰਗਰ ਸਮਾਟ ਗਰੋਵਰ', 'ਗਲਿੱਟਰ ਜਿਊਲਰਜ਼', 'ਫੰਡਾ ਗਰੁੱਪ', 'ਲੀਗਲ ਐਸੋਸੀਏਸ਼ਨ', 'ਬਿਊਟੀ ਐਂਡ ਬ੍ਰੋਅ', 'ਕੌਰੀ ਬਿਜ਼ਨਸ', 'ਗੁਰਬੀਰ ਸਿੰਘ ਸੋਢੀ ਟੀਮ', 'ਗਿੱਲ ਟ੍ਰੈਵਲਜ਼' ਅਤੇ 'ਨਾਵਲਟੀ ਸਵੀਟਸ' ਸ਼ਾਮਿਲ ਸਨ। ਕਲੱਬ ਵੱਲੋਂ ਨਿਊਜ਼ੀਲੈਂਡ ਦੇ ਸਮੁੱਚੇ ਪੰਜਾਬੀ ਮੀਡੀਆ ਦਾ ਵੀ ਧੰਨਵਾਦ ਕੀਤਾ।

## ਚੰਨ ਦੀ ਸਤ੍ਹਾ ਦੇ ਹੋਰ ਨੇੜੇ ਪੁੱਜਾ 'ਚੰਦਰਯਾਨ-3', ਇਸਰੋ ਨੇ ਕਿਹਾ

**ਬੈਂਗਲੁਰੂ**--ਭਾਰਤ ਦਾ ਖ਼ਾਹਿਸ਼ੀ ਤੀਸਰਾ ਚੰਦਰ ਮਿਸ਼ਨ 'ਚੰਦਰਯਾਨ-3' ਬੁੱਧਵਾਰ ਨੂੰ ਪੰਧ ਘਟਾਏ ਜਾਣ ਦੀ ਇਕ ਹੋਰ ਸਫਲ ਪ੍ਰਕਿਰਿਆ 'ਚੋਂ ਲੰਘਣ ਦੇ ਨਾਲ ਹੀ ਚੰਨ ਦੀ ਸਤ੍ਹਾ ਦੇ ਹੋਰ ਨੇੜੇ ਪੁੱਜ ਗਿਆ। 'ਚੰਦਰਯਾਨ-3' ਦੀ ਲਾਂਚਿੰਗ 14 ਜੁਲਾਈ ਨੂੰ ਕੀਤਾ ਗਿਆ ਸੀ ਅਤ ਪੰਜ ਅਗਸਤ ਨੂੰ ਇਸ ਨੇ ਚੰਦਰਮਾ ਦੇ ਪੰਧ 'ਚ ਪ੍ਰਵੇਸ਼ ਕੀਤਾ ਸੀ।

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਇੰਟਰਨੈੱਟ ਮੀਡੀਆ ਐਕਸ (ਪਹਿਲਾਂ ਟਵਿਟਰ) 'ਤੇ ਪੋਸਟ ਕੀਤਾ, ਚੰਦਰਮਾ ਦੀ ਸਤ੍ਹਾ ਦੇ ਹੋਰ ਨੇੜੇ। ਅੱਜ ਕੀਤੀ ਗਈ ਪ੍ਰਕਿਰਿਆ ਤੋਂ ਬਾਅਦ 'ਚੰਦਰਯਾਨ-3' ਦੇ ਪੰਧ ਦੀ ਦੂਰੀ ਘੱਟ ਗਈ ਹੈ। ਇਸਰੋ ਨੇ ਕਿਹਾ ਕਿ ਪੰਧ ਘਟਾਉਣ ਦੀ ਅਗਲੀ ਪ੍ਰਕਿਰਿਆ 14 ਅਗਸਤ ਨੂੰ ਦਿਨੇ 11।30 ਵਜੇ ਤੋਂ 12।30 ਵਜੇ ਦੇ ਵਿਚਕਾਰ ਨਿਰਧਾਰਤ ਹੈ। ਇਸਰੋ ਨੇ ਇਸ ਤੋਂ ਪਹਿਲਾਂ ਐਤਵਾਰ ਨੂੰ ਯਾਨ ਦਾ ਪੰਧ ਘਟਾਉਣ 'ਚ ਸਫਲਤਾ ਪ੍ਰਾਪਤ ਕੀਤੀ ਸੀ। ਪੰਧ ਦੇ ਦਾਇਰੇ ਨੂੰ ਘੱਟ ਕਰ ਦਿੱਤਾ ਗਿਆ ਹੈ ਤਾਂ ਕਿ ਮਿਸ਼ਨ ਦਾ ਮੁੱਖ ਉਦੇਸ਼ ਹਾਸਲ ਕੀਤਾ ਜਾ ਸਕੇ। ਖ਼ਾਹਿਸ਼ੀ ਮਿਸ਼ਨ ਦੇ ਅੱਗੇ ਵਧਣ ਦੇ ਨਾਲ ਹੀ 'ਚੰਦਰਯਾਨ-3' ਦੇ ਪੰਧ ਨੂੰ ਹੌਲੀ-ਹੌਲੀ ਘੱਟ ਕਰਨ ਅਤੇ ਇਸ ਦੀ ਸਥਿਤੀ ਚੰਦਰ ਧਰੁਵਾਂ ਦੇ ਉੱਪਰ ਕਰਨ ਲਈ ਇਸਰੋ ਵੱਲੋਂ ਸਿਲਸਿਲੇਵਾਰ ਕਵਾਇਦ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ, ਯਾਨ ਨੂੰ ਚੰਨ ਦੀ ਸਤ੍ਹਾ ਦੇ ਹੋਰ ਨੇੜੇ ਲਿਆਉਣ ਲਈ ਦੋ ਵਾਰ ਹੋਰ ਪੰਧ ਘਟਾਇਆ ਜਾਵੇਗਾ। ਪੰਧ ਘਟਾਉਣ ਦੀ ਇਹ ਪ੍ਰਕਿਰਿਆ 14 ਤੇ 16 ਅਗਸਤ ਨੂੰ ਸਮਾਪਤ ਕੀਤੀ ਜਾਵੇਗੀ। ਇਸ ਦੌਰਾਨ ਯਾਨ ਨੂੰ ਚੰਨ ਦੇ 100 ਕਿਲੋਮੀਟਰ ਪੰਧ ਤੱਕ ਪਹੁੰਚਾਇਆ ਜਾਵੇਗਾ। ਇਸ ਤੋਂ ਬਾਅਦ ਲੈਂਡਿੰਗ ਮਾਡਿਊਲ, ਡਿਸ ਵਿਚ ਲੈਂਡਰ ਅਤੇ ਰੋਵਰ ਸ਼ਾਮਲ ਹਨ, ਪ੍ਰੋਪਲਸ਼ਨ ਮਾਡਿਊਲ ਤੋਂ ਵੱਖ ਹੋ ਜਾਣਗੇ। ਇਸ ਤੋਂ ਬਾਅਦ ਲੈਂਡਰ-ਰੋਵਰ ਦੀ ਗਤੀ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। 23 ਅਗਸਤ ਨੂੰ ਯਾਨ ਦੇ ਲੈਂਡਰ-ਰੋਵਰ ਦੀ ਚੰਨ ਦੀ ਸਤ੍ਹਾ 'ਤੇ ਸਾਫ ਲੈਂਡਿੰਗ ਕਰਵਾਈ ਜਾਵੇਗੀ।







# ਐਸ. ਸੀ. ਐਸ. ਟੀ. ਵਿਕਾਸ ਪ੍ਰੋਗਰਾਮ ਦੇ ਲਈ ਐਕਟ ਬਣਾਉਣ ਦੀ ਮੰਗ

**ਸ਼ਿਮਲਾ–** ਅਨੁਸੂਚਿਤ ਜਾਤੀ, ਜਨਜਾਤੀ ਉਪਯੋਜਨਾ ਨਿਧੀ ਐਕਟ ਬਣਾਉਣ ਦੇ ਲਈ ਇਕ ਵਿਸ਼ੇਸ਼ ਬੈਠਕ ਦਾ ਆਯੋਜਨ ਸਥਾਨਕ ਜ਼ਿਲ੍ਹਾ ਊਨਾ ਦੇ ਬੱਚਤ ਭਵਨ ਵਿਚ ਕੀਤਾ ਗਿਆ, ਸਟੇਟ ਕੋਲੀਸ਼ਨ ਫਾਰ ਲੈਜੀਸਲੇਸ਼ਨ ਆਫ ਐਸ. ਸੀ., ਐਸ. ਟੀ. ਸਬ ਪਲਾਨ ਦੁਆਰਾ ਆਯੋਜਿਤ ਇਸ ਬੈਠਕ ਵਿਚ ਜ਼ਿਲ੍ਹਾ ਊਨਾ ਨਾਲ ਸਬੰਧਤ ਸੰਗਠਨਾਂ ਨੇ ਸ਼ਿਰਕਤ ਕੀਤੀ। ਬੈਠਕ ਦੀ ਉਪਯੋਜਨਾ ਦੇ ਮੌਜੂਦਾ ਨਿਯਮਾਂ 'ਤੇ ਚਰਚਾ ਕਰਦੇ ਹੋਏ ਸੁਖਦੇਵ ਵਿਸ਼ਵਪ੍ਰੇਮੀ ਨੇ ਦੱਸਿਆ ਕਿ ਇਸਦੇ ਪਿੱਛਲੇ 5 ਸਾਲਾਂ ਵਿਚ ਇਸ ਉਪਯਜਨਾ ਦੇ ਤਹਿਤ ਬਜਟ ਵਿਵਸਥਾ ਸਿਰਫ 5 ਲੱਖ ਤੱਕ ਸੀਮਤ ਕਰ ਦਿੱਤੀ ਗਈ, ਜੋ ਜਨਸੰਖਿਆ ਦੇ ਅਨੁਪਾਤ ਵਿਚ 33 ਲੱਖ ਹੋਣਾ ਚਾਹੀਦਾ ਹੈ। ਇਹ ਰਾਸ਼ੀ ਵੀ ਸਹੀ ਮਾਅਨੇ ਵਿਚ ਅਨੁਸੂਚਿਤ ਜਾਤੀ ਦੇ ਵਿਕਾਸ 'ਤੇ ਖਰਚ ਨਹੀਂ ਹੋ ਪਾ ਰਹੀ ਹੈ। ਵਿਸ਼ੇ 'ਤੇ ਚਰਚਾ ਕਰਦੇ ਹੋਏ ਐਸ. ਸੀ., ਐਸ. ਟੀ. ਵਰਗ ਦੇ ਵੱਖ ਵੱਖ ਸਮਾਜਿਕ ਸੰਗਠਨਾਂ, ਸਮਾਜ ਦੇ ਰਿਟਾਇਰਡ ਕਰਮਚਾਰੀਆਂ ਅਤੇ ਪੰਚਾਇਤ ਪ੍ਰਤੀਨਿਧੀਆਂ ਅਤੇ ਬੁਲਾਰਾ ਵਰਗ ਨੇ ਭਾਗ ਲਿਆ। ਇਸ ਵਿਸ਼ੇ 'ਤੇ ਸਰਬ ਸੰਮਤੀ ਨਾਲ ਪ੍ਰਸਤਾਵ ਲਿਆ ਕੇ ਹਿਮਾਚਲ ਸਰਕਾਰ ਨੂੰ ਅਗਲੀ ਕਾਰਵਾਈ ਲਈ ਭੇਜਿਆ ਗਿਆ। ਬੈਠਕ ਵਿਚ ਪ੍ਰਮੁੱਖ ਤੌਰ ਤੇ ਹਿਮਾਚਲ ਪ੍ਰਦੇਸ਼ ਸ੍ਰੀ ਗੁਰੂ ਰਵਿਦਾਸ ਮਹਾਂਸਭਾ ਜ਼ਿਲ੍ਹਾ ਇਕਾਈ ਊਨਾ, ਹਿਮਾਚਲ ਪ੍ਰਦੇਸ਼ ਅੰਬੇਡਕਰ ਮਿਸ਼ਨ, ਅਨੁਸੂਚਿਤ ਜਾਤੀ ਕਲਿਆਣ ਕਮੇਟੀ ਜ਼ਿਲ੍ਹਾ ਊਨਾ, ਮਹਾਂਰਿਸ਼ੀ ਵਾਲਮੀਕ ਗੁਰੂ ਰਵਿਦਾਸ ਯੂਥ ਏਕਤਾ ਮਹਾਸਭਾ, ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਸੰਤੋਸ਼ਗੜ੍ਹ ਨੰਗੜਾ, ਭਟੋਲੀ, ਖੜੂ ਦੇਹਲਾ, ਸਮਤਾਲ, ਰੇਨਰੀ ਅਤੇ ਕੌਮੀ ਦਲਿਤ ਮਨੁੱਖੀ ਅਧਿਕਾਰ ਮੁਹਿੰਮ, ਕੌਮੀ ਦਲਿਤ ਨਿਆਂ ਅੰਦੋਲਨ, ਅੰਬੇਡਕਰ ਮੋਰਚਾ ਜ਼ਿਲ੍ਹਾ ਊਨਾ, ਪਰਬਤੀ ਮਹਿਲਾ ਅਧਿਕਾਰ ਮੰਚ, ਕਬੀਰ ਪੰਥ ਸਮਾਜ ਸੁਧਾਰ ਸਭਾ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ।






# ਨਸ਼ਿਆਂ ਦਾ ਹੱਬ ਬਣਿਆ ਗੁਜਰਾਤ; ਪੰਜਾਬ 'ਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਪੰਜਾਬ ਵਿਚ ਨਸ਼ਿਆਂ ਕਾਰਨ ਜਵਾਨੀ ਤਬਾਹ ਹੋ ਰਹੀ ਹੈ। ਮਾਵਾਂ ਦੇ ਜਵਾਨ ਪੁੱਤ 'ਚਿੱਟੇ' ਨੇ ਗਰਕ ਕਰ ਦਿੱਤੇ। ਭਾਵੇਂ ਪੰਜਾਬ ਪੁਲਿਸ ਤਸਕਰਾਂ ਤੋਂ ਹੈਰੋਇਨ ਲਗਾਤਾਰ ਫੜ ਰਹੀ ਹੈ। ਪਰ ਅਸਲ ਗੁਨਾਹਗਾਰ ਸ਼ਿਕੰਜੇ ਤੋਂ ਦੂਰ ਹਨ। ਹੈਰੋਇਨ ਸਭ ਤੋਂ ਖ਼ਤਰਨਾਕ ਨਸ਼ਾ ਹੈ। ਇਸ ਵਿਚ ਕੁਝ ਮਿਲਾਵਟ ਕਰ ਕੇ ਇਸ ਨੂੰ ਪੰਜਾਬ ਵਿਚ 'ਚਿੱਟੇ' ਦੇ ਨਾਂ ਹੇਠ ਵੇਚਿਆ ਜਾਂਦਾ ਹੈ। ਇਸ ਦੇ ਆਦੀ ਹੋ ਗਏ ਬੰਦੇ ਤੋਂ ਇਹ ਨਸ਼ਾ ਛੁਡਾਉਣਾ ਲਗਭਗ ਨਾਮੁਮਕਿਨ ਹੈ। ਨਸ਼ਾ ਛੁਡਾਉਣ ਲਈ ਘੱਟ ਨਸ਼ੇ ਵਾਲੀਆਂ ਦਵਾਈਆਂ ਲਗਾਤਾਰ ਦੇਣੀਆਂ ਪੈਂਦੀਆਂ ਹਨ। ਪੰਜਾਬ ਲਗਭਗ ਢਾਈ ਦਹਾਕਿਆਂ ਤੋਂ ਇਸ ਨਸ਼ੇ ਦੀ ਮਾਰ ਝੱਲ ਰਿਹਾ ਹੈ। ਇਸ ਦੇ ਮਹਿੰਗੇ ਹੋਣ ਅਤੇ ਇਕ ਵਾਰ ਬੰਦੇ ਦੇ ਆਦੀ ਹੋ ਜਾਣ ਤੋਂ ਬਾਅਦ ਛੱਡੇ ਨਾ ਜਾਣ ਦੀ ਮਜਬੂਰੀ ਕਾਰਨ ਤਸਕਰ ਹੋਰ ਨਸ਼ਿਆਂ ਦੀ ਥਾਂ ਇਸ ਦੀ ਤਸਕਰੀ ਤੇ ਵਿਕਰੀ ਨੂੰ ਤਰਜੀਹ ਦਿੰਦੇ ਹਨ। ਵੱਡੇ ਪੱਧਰ 'ਤੇ ਤਸਕਰੀ ਅਪਰਾਧੀ ਤੱਤਾਂ, ਪੁਲੀਸ ਅਤੇ ਸਿਆਸੀ ਜਮਾਤ ਦੀ ਮਿਲੀਭੁਗਤ ਤੋਂ ਬਿਨਾ ਸੰਭਵ ਨਹੀਂ ਹੈ।

ਸਿਆਸੀ ਪਾਰਟੀਆਂ ਨਸ਼ਿਆਂ ਨੂੰ ਜੜ੍ਹੋਂ ਉਖਾੜਨ ਬਾਰੇ ਦਾਅਵੇ ਤਾਂ ਬਹੁਤ ਕਰਦੀਆਂ ਰਹੀਆਂ ਪਰ ਇਸ ਵਿਚ ਮਿਲੀ ਸਫ਼ਲਤਾ ਤਸੱਲੀਬਖ਼ਸ਼ ਨਹੀਂ ਹੈ। ਨਸ਼ਿਆਂ ਨੇ ਪੰਜਾਬ ਦੇ ਹਜ਼ਾਰਾਂ ਘਰ ਉਜਾੜੇ ਹਨ। ਨਸ਼ੀਲੇ ਪਦਾਰਥਾਂ ਦਾ ਏਨੀ ਜ਼ਿਆਦਾ ਮਾਤਰਾ ਵਿਚ ਪਹੁੰਚਣ ਦਾ ਮਤਲਬ ਇਹ ਵੀ ਹੈ ਕਿ ਦੇਸ਼ ਵਿਚ ਬਹੁਤ ਵੱਡੀ ਪੱਧਰ 'ਤੇ ਲੋਕ ਨਸ਼ੇ ਕਰਦੇ ਹਨ।

ਲੰਘੇ ਦਿਨੀਂ ਪੰਜਾਬ ਪੁਲੀਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 75 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਨਸ਼ੀਲੇ ਪਦਾਰਥ ਨੂੰ ਕੱਪੜਿਆਂ ਦੇ ਕੰਟੇਨਰ ਵਿਚ ਛੁਪਾ ਕੇ ਰੱਖਿਆ ਗਿਆ ਸੀ। ਬਰਾਮਦ ਕੀਤੀ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 375 ਕਰੋੜ ਰੁਪਏ ਦੱਸੀ ਜਾਂਦੀ ਹੈ। ਮਈ 2022 ਵਿਚ 500 ਕਰੋੜ ਰੁਪਏ ਦੀ 56 ਕਿਲੋ ਕੋਕੇਨ ਇਸੇ ਬੰਦਰਗਾਹ ਅਤੇ ਅਪਰੈਲ 2022 ਵਿਚ 205 ਕਿਲੋ ਹੈਰੋਇਨ (ਕੀਮਤ ਲਗਭਗ 1435 ਕਰੋੜ ਰੁਪਏ) ਕਾਂਡਲਾ ਬੰਦਰਗਾਹ ਤੋਂ ਫੜੀ ਗਈ ਸੀ। ਗੁਜਰਾਤ ਪੁਲੀਸ ਨੇ ਅਪਰੈਲ 2022 ਵਿਚ ਹੀ ਪੀਪਾਵਾਵ ਬੰਦਰਗਾਹ ਤੋਂ 75 ਕਿਲੋ ਹੈਰੋਇਨ (ਕੀਮਤ ਲਗਭਗ 450 ਕਰੋੜ ਰੁਪਏ) ਫੜੀ ਸੀ। ਪਿਛਲੇ ਸਾਲ ਸਤੰਬਰ ਵਿਚ ਮੁੰਦਰਾ ਬੰਦਰਗਾਹ ਤੋਂ 3,000 ਕਿਲੋ ਹੈਰੋਇਨ ਜਿਸ ਦੀ ਕੀਮਤ 21,000 ਕਰੋੜ ਰੁਪਏ ਸੀ, ਬਰਾਮਦ ਕੀਤੀ ਸੀ। ਇਹ ਸਾਰੀਆਂ ਬੰਦਰਗਾਹਾਂ ਗੁਜਰਾਤ ਵਿਚ ਹਨ ਅਤੇ ਸਾਰੇ ਨਸ਼ੀਲੇ ਪਦਾਰਥ ਕੰਟੇਨਰਾਂ ਵਿਚ ਛੁਪਾਏ ਸਨ।

ਹਰ ਬੰਦਰਗਾਹ 'ਤੇ ਰੋਜ਼ਾਨਾ ਸੈਂਕੜੇ ਕੰਟੇਨਰ ਉਤਰਦੇ ਹਨ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਤਲਾਸ਼ੀ ਲੈਣੀ ਸੰਭਵ ਨਹੀਂ ਹੁੰਦੀ। ਪੁਲੀਸ, ਨਾਰਕੋਟਿਕ ਕੰਟਰੋਲ ਬਿਊਰੋ (ਐਨਸੀਬੀ) ਅਤੇ ਤਫ਼ਤੀਸ਼ ਕਰਨ ਵਾਲੀਆਂ ਹੋਰ ਏਜੰਸੀਆਂ ਆਪਣੇ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕਰ ਕੇ ਹੀ ਨਸ਼ੀਲੇ ਪਦਾਰਥ ਫੜ ਸਕਦੀਆਂ ਹਨ। ਮਹਾਰਾਸ਼ਟਰ ਵਿਚ ਨਵੀਂ ਮੁੰਬਈ ਬੰਦਰਗਾਹ ਤੋਂ ਅਪਰੈਲ 2021 ਵਿਚ 25 ਕਿਲੋ ਅਤੇ ਜੁਲਾਈ 2021 ਵਿਚ 300 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਇਨ੍ਹਾਂ ਬਰਾਮਦਗੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੈਰੋਇਨ ਸਮੁੰਦਰੀ ਜਹਾਜ਼ਾਂ ਰਾਹੀਂ ਦੇਸ਼ ਵਿਚ ਲਿਆਂਦੀ ਅਤੇ ਮੁੱਖ ਤੌਰ 'ਤੇ ਪੱਛਮੀ ਤੱਟ ਦੀਆਂ ਬੰਦਰਗਾਹਾਂ 'ਤੇ ਉਤਾਰੀ ਜਾ ਰਹੀ ਹੈ। ਹੈਰੋਇਨ ਦੇ ਵੱਡੀ ਮਾਤਰਾ ਵਿਚ ਫੜੇ ਜਾਣ ਤੋਂ ਇਸ ਤੱਥ ਦੀ ਤਸਦੀਕ ਵੀ ਹੁੰਦੀ ਹੈ ਕਿ ਇਹ ਕੰਮ ਤਸਕਰਾਂ ਦੇ ਵੱਡੇ ਟੋਲਿਆਂ (ਸਿੰਡੀਕੇਟਾਂ) ਦੁਆਰਾ ਕੀਤਾ ਜਾ ਰਿਹਾ ਹੈ।

**ਕਿਥੋਂ ਆਉਂਦੀ ਹੈਰੋਇਨ**

ਭਾਰਤ ਵਿਚ ਆਉਂਦੀ ਹੈਰੋਇਨ ਦਾ ਮੁੱਖ ਸੋਮਾ ਅਫ਼ਗਾਨਿਸਤਾਨ ਵਿਚ ਉਗਾਈ ਜਾਂਦੀ ਅਫ਼ੀਮ ਹੈ। ਕੁਝ ਦੇਰ ਪਹਿਲਾਂ ਤਕ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਅਫ਼ਗਾਨਿਸਤਾਨ ਵਿਚ ਬਣਾਈ ਜਾਂਦੀ ਹੈਰੋਇਨ ਦਾ 40 ਫ਼ੀਸਦੀ ਹਿੱਸਾ ਇਰਾਨ, ਮੱਧ ਏਸ਼ੀਆ ਦੇ ਦੇਸ਼ਾਂ ਅਤੇ ਪਾਕਿਸਤਾਨ ਦੇ ਥਲ-ਮਾਰਗਾਂ ਰਾਹੀਂ ਯੂਰੋਪ ਵਿਚ ਭੇਜਿਆ ਜਾਂਦਾ ਹੈ ਅਤੇ 40 ਫ਼ੀਸਦੀ ਹਿੱਸਾ ਪਾਕਿਸਤਾਨ ਦੀਆਂ ਬੰਦਰਗਾਹਾਂ ਰਾਹੀਂ ਅਫ਼ਰੀਕੀ ਦੇਸ਼ਾਂ 'ਚੋਂ ਹੁੰਦਾ ਹੋਇਆ ਅਫ਼ਰੀਕਾ, ਅਮਰੀਕਾ ਤੇ ਯੂਰੋਪ ਵਿਚ ਪਹੁੰਚਦਾ ਹੈ; 8 ਫ਼ੀਸਦੀ ਹਿੱਸਾ ਰਾਜਸਥਾਨ, ਪੰਜਾਬ ਅਤੇ ਜੰਮੂ ਕਸ਼ਮੀਰ ਦੀ ਸਰਹੱਦ ਰਾਹੀਂ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਪਹੁੰਚਾਇਆ ਜਾਂਦਾ ਹੈ। ਹੁਣ ਬੰਦਰਗਾਹਾਂ ਤੋਂ ਹੋ ਰਹੀ ਬਰਾਮਦਗੀ ਤੋਂ ਇਹ ਸੰਕੇਤ ਮਿਲਦੇ ਹਨ ਕਿ ਸਮੁੰਦਰੀ ਜਹਾਜ਼ਾਂ ਰਾਹੀਂ ਸਮਗਲਿੰਗ ਵਧ ਰਹੀ ਹੈ।

**ਗੁਜਰਾਤ ਦੇ ਕੇਂਦਰੀ ਗ੍ਰਹਿ ਮੰਤਰੀ ਸਖ਼ਤ**

ਹੁਣੇ ਜਿਹੇ ਗੁਜਰਾਤ ਵਿਧਾਨ ਸਭਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਾਂਗਰਸ ਨੇਤਾ ਅਮਿਤ ਚਾਵੜਾ ਨੇ ਕਿਹਾ ਕਿ "ਕੇਂਦਰੀ ਗ੍ਰਹਿ ਮੰਤਰੀ ਦੇ ਲੋਕ ਸਭਾ ਹਲਕੇ ਤੋਂ ਨਸ਼ਿਆਂ ਦੀ ਇੰਨੀ ਵੱਡੀ ਖੇਪ ਬਰਾਮਦ ਹੋਣ ਤੋਂ ਬਾਅਦ, ਕਾਰਵਾਈ ਵਿੱਚ ਸ਼ਾਮਲ ਅਧਿਕਾਰੀਆਂ ਦਾ ਤੁਰੰਤ ਤਬਾਦਲਾ ਕਰ ਦਿੱਤਾ ਗਿਆ ਸੀ। ਇਹ ਤਬਾਦਲੇ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਨਸ਼ਿਆਂ ਦਾ ਦੇ ਇਸ ਵੱਡੇ ਕਾਰੋਬਾਰ ਪਿਛੇ ਕਿਸੇ ਪ੍ਰਭਾਵਸ਼ਾਲੀ ਸਖਸ਼ੀਅਤ ਦਾ ਹੱਥ ਹੈ, ਜਿਸ ਨੂੰ ਸਰਕਾਰ ਬਚਾਉਣਾ ਚਾਹੁੰਦੀ ਹੈ।

ਚਾਵੜਾ ਨੇ ਕਿਹਾ ਕਿ ਸਾਨੰਦ ਦੇ ਕੇਰਲਾ ਜੀਆਈਡੀਸੀ ਤੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਬਾਵਜੂਦ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ ਚੁੱਪ ਹੈ। ਸੀਐਲਪੀ ਅਮਿਤ ਚਾਵੜਾ ਨੇ ਕੇਰਲਾ ਜੀਆਈਡੀਵੀ ਵਿੱਚ 10,000 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਮੁੱਦੇ 'ਤੇ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਚੁੱਪ 'ਤੇ ਸਵਾਲ ਉਠਾਉਂਦੇ ਹੋਏ ਮੰਗ ਕੀਤੀ ਕਿ ਹਾਈਕੋਰਟ ਦੀ ਅਗਵਾਈ ਵਿਚ ਇਸ ਸਾਰੇ ਮਾਮਲੇ ਦੀ ਹਾਈ ਪਾਵਰ ਕਮੇਟੀ ਬਣਾ ਕੇ ਜਾਂਚ ਕੀਤੀ ਜਾਵੇ।

**ਗੁਜਰਾਤ ਬਣਿਆ ਨਸ਼ਿਆਂ ਦਾ ਲੈਂਡਿੰਗ ਹੱਬ**

ਦੇਸ਼ ਭਰ ਵਿੱਚ ਅਤੇ ਖਾਸ ਕਰਕੇ ਗੁਜਰਾਤ ਵਿੱਚ ਨਸ਼ਿਆਂ ਦੇ ਵੱਡੇ ਵੱਡੇ ਸਪਲਾਈ ਕੇਂਦਰ ਚੱਲ ਰਹੇ ਹਨ। ਗੁਜਰਾਤ ਨਸ਼ਿਆਂ ਦਾ ਲੈਂਡਿੰਗ ਹੱਬ ਹੋਣ ਦੇ ਨਾਲ-ਨਾਲ ਪ੍ਰੋਸੈਸਿੰਗ ਹੱਬ ਵੀ ਬਣ ਚੁਕਾ ਹੈ। ਇਸ ਤੋਂ ਸਾਫ਼ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਆੜ ਵਿੱਚ ਨਸ਼ਿਆਂ ਦਾ ਇੱਕ ਪੂਰਾ ਨੈੱਟਵਰਕ ਚੱਲ ਰਿਹਾ ਹੈ। ਹਾਲ ਹੀ ਵਿੱਚ ਸਾਵਲੀ ਵਿੱਚ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਅਤੇ ਇਸ ਤੋਂ ਪਹਿਲਾਂ ਵਾਪੀ ਵਿੱਚ ਵੀ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਗੁਜਰਾਤ ਹੁਣ ਡਰੱਗ ਲੈਂਡਿੰਗ, ਪ੍ਰੋਸੈਸਿੰਗ ਅਤੇ ਬਰਾਮਦ ਦਾ ਕੇਂਦਰ ਬਣ ਗਿਆ ਹੈ। ਇਥੋਂ ਤਕ ਗੁਜਰਾਤ ਤੋਂ ਪੰਜਾਬ ਵਿਚ ਨਸ਼ੇ ਸਪਲਾਈ ਹੋ ਰਹੇ ਹਨ। ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਬਾਰੇ ਸਥਾਈ ਕਮੇਟੀ ਦੀ ਲੋਕ ਸਭਾ ਵਿਚ ਬੀਤੇ ਹਫਤੇ ਪੇਸ਼ ਕੀਤੀ ਰਿਪੋਰਟ ਵਿਚ ਪੰਜਾਬ ਬਾਰੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ,ਜਿੱਥੇ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚੋਂ ਚੰਡੀਗੜ੍ਹ ਤੀਸਰੇ ਨੰਬਰ 'ਤੇ ਹੈ।

ਲੋਕ ਸਭਾ ਵਿਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ ਜਿਨ੍ਹਾਂ ਵਿਚੋਂ 21.36 ਲੱਖ ਓਪੀਆਡ ਨਸ਼ਿਆਂ ਦਾ ਸੇਵਨ ਕਰਦੇ ਹਨ। ਓਪੀਆਡ ਨਸ਼ਿਆਂ ਵਿਚ ਅਫ਼ੀਮ, ਅਫ਼ੀਮ ਤੋਂ ਬਣਦੀ ਮਾਰਫੀਨ, ਹੈਰੋਇਨ ਅਤੇ ਕੁਝ ਹੋਰ ਨਸ਼ੇ ਸ਼ਾਮਲ ਹਨ ਜਿਨ੍ਹਾਂ ਦਾ ਅਸਰ ਮਾਰਫੀਨ ਜਿਹਾ ਹੁੰਦਾ ਹੈ। ਮਾਰਚ ਵਿਚ ਪੰਜਾਬ ਦੇ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਦੱਸਿਆ ਸੀ ਕਿ ਸੂਬੇ ਵਿਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਸਨ ਅਤੇ 6.12 ਲੱਖ ਨਸ਼ਾ ਕਰਨ ਵਾਲੇ ਨਿੱਜੀ ਖੇਤਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ।

ਸਿਹਤ ਮੰਤਰੀ ਨੇ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਕਾਫੀ ਵੱਧ ਹੈ ਕਿਉਂਕਿ ਬਹੁਤ ਸਾਰੇ ਨਸ਼ਈ ਜਿਨ੍ਹਾਂ ਵਿਚ ਰਗਾਂ ਵਿਚ ਸਿੱਧਾ ਟੀਕਾ ਲਾ ਕੇ ਨਸ਼ਾ ਕਰਨ ਵਾਲੇ ਸ਼ਾਮਲ ਹਨ, ਬਦਨਾਮੀ ਦੇ ਡਰ ਤੋਂ ਇਲਾਜ ਕਰਾਉਣ ਲਈ ਸਾਹਮਣੇ ਨਹੀਂ ਆਉਂਦੇ। ਵਿਧਾਨ ਸਭਾ ਵਿਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਵਿਚ 528 ਇਲਾਜ ਕੇਂਦਰ ਹਨ ਜਿਨ੍ਹਾਂ ਵਿਚ ਹੈਰੋਇਨ, ਸਮੈਕ ਆਦਿ ਨਸ਼ਾ ਕਰਨ ਵਾਲਿਆਂ ਨੂੰ ਨਸ਼ਾ ਛੁਡਾਉਣ ਲਈ ਦਵਾਈ ਦਿੱਤੀ ਜਾਂਦੀ ਹੈ। ਸਰਕਾਰੀ ਖੇਤਰ ਦੇ 36 ਨਸ਼ਾ ਛੁਡਾਊ ਕੇਂਦਰ ਹਨ ਅਤੇ ਨਿੱਜੀ ਖੇਤਰ ਦੇ 185 ਕੇਂਦਰ; ਨਸ਼ਾ ਕਰਨ ਵਾਲਿਆਂ ਦਾ ਮੁੜ ਵਸੇਬਾ ਕਰਨ ਲਈ 19 ਸਰਕਾਰੀ ਕੇਂਦਰ ਹਨ, 74 ਪ੍ਰਾਈਵੇਟ। ਪਿਛਲੇ ਮਹੀਨੇ ਪੰਜਾਬ ਪੁਲੀਸ ਦੇ ਅੰਕੜਿਆਂ ਅਨੁਸਾਰ ਪੁਲੀਸ ਨੇ ਇਕ ਸਾਲ ਵਿਚ ਐਨਡੀਪੀਐਸ ਐਕਟ ਤਹਿਤ 12,218 ਕੇਸ ਦਰਜ ਕੀਤੇ ਸਨ। ਲੋਕ ਸਭਾ ਵਿਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਵਿਚ 10 ਤੋਂ 17 ਉਮਰ ਸਾਲ ਦੇ 6.97 ਲੱਖ ਬੱਚੇ ਨਸ਼ਿਆਂ ਦੇ ਆਦੀ ਹਨ। ਕਈ ਵਰ੍ਹਿਆਂ ਤੋਂ ਸਰਕਾਰਾਂ ਤਰ੍ਹਾਂ ਤਰ੍ਹਾਂ ਦੇ ਦਾਅਵੇ ਕਰ ਰਹੀਆਂ ਹਨ ਪਰ ਅਮਲੀ ਰੂਪ ਵਿਚ ਇਹ ਸਮੱਸਿਆ ਘਟਣ ਦੇ ਕੋਈ ਸੰਕੇਤ ਦਿਖਾਈ ਨਹੀਂ ਦੇ ਰਹੇ। ਨੌਜਵਾਨ ਜ਼ਿਆਦਾ ਨਸ਼ਾ ਲੈਣ ਕਾਰਨ ਮਰ ਰਹੇ ਹਨ। ਪੁਲੀਸ ਦੀਆਂ ਕਾਰਵਾਈਆਂ ਹੇਠਲੇ ਪੱਧਰ 'ਤੇ ਨਸ਼ੇ ਵੇਚਣ ਤੇ ਉਨ੍ਹਾਂ ਦਾ ਸੇਵਨ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਤਕ ਸੀਮਤ ਹਨ। ਅਜੇ ਤਕ ਉਸਨੇ ਵਡੀ ਤਾਕਤ ਨੂੰ ਹਥ ਨਹੀਂ ਪਾਇਆ ਜੋ ਡਰਗ ਦੀ ਜਨਮਦਾਤਾ ਹੈ।



## 100 ਕਿੱਲੋ ਤੋਂ ਵੱਧ ਹੈਰੋਇਨ ਟਿਕਾਣੇ ਲਗਾਉਣ ਵਾਲਾ ਸਮੱਗਲਰ ਗੁਰਲਾਲ ਸਿੰਘ ਗ੍ਰਿਫਤਾਰ


**ਅੰਮ੍ਰਿਤਸਰ–** ਪੁਲਿਸ ਟੀਮ 'ਤੇ ਗੋਲ਼ੀਆਂ ਚਲਾਉਣ ਵਾਲਾ ਖ਼ਤਰਨਾਕ ਸਮੱਗਲਰ ਗੁਰਲਾਲ ਸਿੰਘ ਪਿਛਲੇ ਕੁਝ ਸਾਲਾਂ ਤੋਂ 100 ਕਿੱਲੋ ਤੋਂ ਵੱਧ ਹੈਰੋਇਨ ਆਪਣੇ ਸੁਰੱਖਿਅਤ ਟਿਕਾਣੇ ਲਗਾ ਚੁੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਕਤ ਵੱਡੀ ਖੇਪ ਦੀ ਛੁਪਣਗਾਹ ਸਥਾਪਤ ਕਰਨ ਸਮੇਂ ਸੁਰੱਖਿਆ ਏਜੰਸੀਆਂ ਨੂੰ ਇਸ ਬਾਰੇ ਕੋਈ ਸੁਰਾਗ ਵੀ ਨਹੀਂ ਲੱਗਾ। ਐਸਪੀ ਗੁਰਪ੍ਰਤਾਪ ਸਿੰਘ ਸਹੋਤਾ ਨੇ ਦੱਸਿਆ ਕਿ ਮੁਲਜ਼ਮ ਗੁਰਲਾਲ ਸਿੰਘ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਹ ਸਾਲ 2014 ਤੋਂ ਹੈਰੋਇਨ ਦਾ ਧੰਦਾ ਕਰਦਾ ਸੀ। ਮੁਲਜ਼ਮ ਨੂੰ ਐਤਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਜਿੱਥੇ ਜੱਜ ਨੇ ਮੁਲਜ਼ਮ ਦੇ ਪੁਲਿਸ ਰਿਮਾਂਡ ਵਿਚ ਇਕ ਦਿਨ ਦਾ ਵਾਧਾ ਕਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਨਸ਼ਿਆਂ ਤੋਂ ਕਮਾਈ ਜਾਇਦਾਦ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਪਿੰਡ ਧਨੋਏ ਖੁਰਦ ਦੇ ਰਹਿਣ ਵਾਲੇ ਗੁਰਲਾਲ ਸਿੰਘ ਨੂੰ ਕਾਬੂ ਕਰ ਕੇ ਉਸ ਦੇ ਕਬਜ਼ੇ 'ਚੋਂ ਇਕ ਕਿੱਲੋ ਹੈਰੋਇਨ, ਇਕ ਚਾਈਨਾ ਮੇਡ ਪਿਸਤੌਲ, ਪੰਜ ਕਾਰਤੂਸ, ਇਕ ਮੋਬਾਈਲ ਬਰਾਮਦ ਕੀਤਾ ਸੀ। ਜਦੋਂ ਮੋਬਾਈਲ ਦੀ ਜਾਂਚ ਕੀਤੀ ਗਈ ਤਾਂ ਉਸ ਵਿਚ ਕਈ ਤਸਕਰਾਂ ਦੇ ਨੰਬਰ ਵੀ ਪਾਏ ਗਏ। ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਗੁਰਲਾਲ ਸਿੰਘ ਦੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਨਾਲ ਸਬੰਧ ਹਨ ਤੇ ਉਸ ਦੇ ਇਸ਼ਾਰੇ 'ਤੇ ਉਹ ਹੈਰੋਇਨ ਦੀਆਂ ਵੱਡੀਆਂ ਖੇਪਾਂ ਨੂੰ ਕੰਡਿਆਲੀ ਤਾਰ ਰਾਹੀਂ ਭਾਰਤੀ ਇਲਾਕਿਆਂ 'ਚ ਟਿਕਾਣੇ ਲਗਾ ਚੁੱਕਾ ਹੈ। ਪੁਲਿਸ ਨੇ ਮੁਲਜ਼ਮ ਦੀ ਨਵੀਂ ਥਾਰ ਵੀ ਕਬਜ਼ੇ ਵਿਚ ਲਈ ਹੈ। ਪਤਾ ਲੱਗਾ ਹੈ ਕਿ ਮੁਲਜ਼ਮ ਕੋਲ ਤਿੰਨ ਟਰੈਕਟਰ, ਛੇਹਰਟਾ ਵਿਖੇ ਇਕ ਮਕਾਨ ਤੇ ਕੰਡਿਆਲੀ ਤਾਰ ਨੇੜੇ ਕੁਝ ਜ਼ਮੀਨ ਵੀ ਹੈ। ਜਿਸ ਬਾਰੇ ਪੁਲਿਸ ਸਬੰਧਤ ਵਿਭਾਗਾਂ ਤੋਂ ਮਲਕੀਅਤ ਦੇ ਦਸਤਾਵੇਜ਼ ਕਢਵਾ ਰਹੀ ਹੈ। ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਗੁਰਲਾਲ ਸਿੰਘ ਨੇ ਸਾਲ 2014 ਤੋਂ ਆਪਣੇ ਇਕ ਹੋਰ ਸਾਥੀ ਰਾਹੀਂ ਹੈਰੋਇਨ ਦੀ ਤਸਕਰੀ ਦਾ ਧੰਦਾ ਸ਼ੁਰੂ ਕੀਤਾ ਸੀ। ਉਸ ਖ਼ਿਲਾਫ਼ ਤਰਨਤਾਰਨ ਸਿਟੀ ਥਾਣਾ, ਘਰਿੰਡਾ ਥਾਣਾ ਅਤੇ ਇਸਲਾਮਾਬਾਦ ਥਾਣੇ ਵਿਚ ਕੁਲ ਚਾਰ ਨਸ਼ਾ ਤਸਕਰੀ ਦੇ ਕੇਸ ਦਰਜ ਹਨ। ਫਿਲਹਾਲ ਮੁਲਜ਼ਮ ਜ਼ਮਾਨਤ 'ਤੇ ਬਾਹਰ ਸੀ।

ਜ਼ਿਕਰਯੋਗ ਹੈ ਕਿ ਗੁਰਲਾਲ ਸਿੰਘ ਨੂੰ ਬੁੱਧਵਾਰ ਰਾਤ ਸੀਆਈਏ ਸਟਾਫ ਅੰਮ੍ਰਿਤਸਰ ਦਿਹਾਤੀ ਦੇ ਇੰਸਪੈਕਟਰ ਅਮਨਦੀਪ ਸਿੰਘ ਨੇ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਆਪਣੇ ਪਿਸਤੌਲ 'ਚੋਂ ਚਾਰ ਗੋਲ਼ੀਆਂ ਚਲਾਈਆਂ ਅਤੇ ਪੁਲਿਸ ਦੀ ਗੱਡੀ ਨੂੰ ਟੱਕਰ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਪੁਲਿਸ ਨੇ ਜਵਾਬੀ ਕਾਰਵਾਈ ਕਰਦੇ ਹੋਏ ਉਸ ਨੂੰ ਕਾਬੂ ਕਰ ਲਿਆ।

# ਪੰਜਾਬੀ ਫਿਲਮ ਮਸਤਾਨੇ ਦਾ ਟ੍ਰੇਲਰ ਹੋਇਆ ਰਿਲੀਜ਼

**ਚੰਡੀਗੜ੍ਹ–** ਤਰਸੇਮ ਜੱਸੜ ਅਤੇ ਸਿੰਮੀ ਚਾਹਲ ਦੀ ਆਉਣ ਵਾਲੀ ਫਿਲਮ ਮਸਤਾਨੇ ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਇਸ ਫਿਲਮ ਦੇ ਟ੍ਰੇਲਰ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਤਰਸੇਮ ਦਰਸ਼ਕਾਂ ਲਈ ਕੁਝ ਧਮਾਕੇਦਾਰ ਕਰਨ ਜਾ ਰਹੇ ਹਨ। ਇਸ ਫਿਲਮ ਦਾ ਟ੍ਰੇਲਰ ਤਰਸੇਮ ਜੱਸੜ ਵੱਲੋ ਆਪਣੇ ਸੋਸ਼ਲ ਮੀਡੀਆ ਅਕਾਊਟ 'ਤੇ ਸਾਂਝਾ ਕੀਤਾ ਗਿਆ ਹੈ। ਇਸ ਟ੍ਰੇਲਰ ਨੂੰ ਸ਼ੇਅਰ ਕਰਦੇ ਹੋਏ ਤਰਸੇਮ ਜੱਸੜ ਨੇ ਕੈਪਸ਼ਨ




ਵਿੱਚ ਲਿਖਿਆ ਹੈ," ਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਉ। ਖੇਤ ਜੋ ਮਾਂਡਿਓ ਸੂਰਮਾ ਅਬ ਜੂਝਣ ਕੋ ਦਾਉ। ਅਕਾਲ ਹੀ ਅਕਾਲ। ਮਸਤਾਨੇ ਟ੍ਰੇਲਰ ਆ ਗਿਆ ਜੀ, ਸ਼ੁਕਰ ਤੋਂ ਬਿਨਾ ਮੇਰੇ ਕੋਲ ਕੁਝ ਨੀ ਕਹਿਣ ਲਈ, ਮਾਲਕ ਮੇਹਰ ਕਰੇ।"

ਜਾਣਕਾਰੀ ਲਈ ਦੱਸ ਦਈਏ ਕਿ ਇਸ ਫਿਲਮ 'ਚ ਤਰਸੇਮ ਜੱਸੜ ਤੋਂ ਇਲਾਵਾ ਸਿੰਮੀ ਚਾਹਲ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਹਨੀ ਮੱਟੂ ਅਤੇ ਬਨਿੰਦਰ ਬੰਨੀ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੇ। ਇਸ ਫਿਲਮ ਨੂੰ ਵਿਹਲੀ ਜਨਤਾ ਫਿਲਮਜ਼ ਅਤੇ ਓਮਜੀ ਸਿਨੇ ਵਰਲਡ ਦੁਆਰਾ ਪੇਸ਼ ਕੀਤਾ ਜਾ ਰਿਹਾ ਹੈ। ਇਸ ਫਿਲਮ ਦਾ ਲੇਖ਼ਨ ਅਤੇ ਨਿਰਦੇਸ਼ਨ ਸ਼ਰਨ ਦੁਆਰਾ ਕੀਤਾ ਗਿਆ ਹੈ।

ਤਰਸੇਮ ਜੱਸੜ ਇੱਕ ਪੰਜਾਬੀ ਗਾਇਕ, ਗੀਤਕਾਰ ਅਤੇ ਅਦਾਕਾਰ ਹਨ, ਜੋ ਪੰਜਾਬੀ ਫ਼ਿਲਮਾਂ ਅਤੇ ਸੰਗੀਤ ਨਾਲ ਜੁੜੇ ਹੋਏ ਹਨ। ਉਹ ਰੱਬ ਦਾ ਰੇਡੀਓ ਅਤੇ ਰੱਬ ਦਾ ਰੇਡੀਓ 2 ਫਿਲਮਾਂ ਵਿੱਚ ਆਪਣੇ ਕੰਮ ਲਈ ਮਸ਼ਹੂਰ ਹਨ। ਜੱਸੜ ਨੇ ਆਪਣੇ ਲੇਬਲ ਸਾਥੀ ਕੁਲਬੀਰ ਝਿੰਜਰ ਨਾਲ 2013 ਵਿੱਚ ਆਪਣਾ ਲੇਬਲ 'ਵੇਹਲੀ ਜਨਤਾ ਰਿਕਾਰਡਸ' ਲਾਂਚ ਕੀਤਾ ਸੀ। ਤਰਸੇਮ ਜੱਸੜ ਦੇ ਫਿਲਮੀ ਕਰੀਅਰ ਦੀ ਗੱਲ ਕੀਤੀ ਜਾਵੇ, ਤਾਂ ਉਨ੍ਹਾਂ ਦੀਆਂ ਫਿਲਮਾਂ ਵਿੱਚ ਮਾਂ ਦਾ ਲਾਡਲਾ, ਰੱਬ ਦਾ ਰੇਡੀਓ 2, ਓ ਅ, ਅਫ਼ਸਰ, ਦਾਣਾ ਪਾਣੀ, ਸਰਦਾਰ ਮੁਹੰਮਦ, ਰੱਬ ਦਾ ਰੇਡੀਓ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਉਨ੍ਹਾਂ ਵੱਲੋ ਗਾਏ ਹੋਏ ਗੀਤਾਂ ਦੀ ਗੱਲ ਕੀਤੀ ਜਾਵੇਂ, ਤਾਂ ਉਨ੍ਹਾਂ ਦੇ ਗੀਤ ਗਲਵੱਕੜੀ, ਕ੍ਰੀਜ਼, ਰਜ਼ਾ, ਰੋਸ ਬਡ, ਤੇਰਾ ਮੇਰਾ, ਯਾਰ ਮੇਰੇ, ਗੀਤ ਦੇ ਵਰਗੀ, ਖੜੂਸ, ਅਸੂਲ, ਮਾਹੀ ਵੇ, ਕਜਲਾ, ਜੱਟਾ ਦੇ ਮੁੰਡੇ ਅਤੇ ਸ਼ੌਂਕੀਨ ਆਦਿ ਸ਼ਾਮਲ ਹਨ।

# ਸਨੀ ਦਿਓਲ 'ਗਦਰ 2' ਫਿਲਮ ਦੀ ਪ੍ਰਮੋਸ਼ਨ ਲਈ ਪਹੁੰਚੇ ਅੰਮ੍ਰਿਤਸਰ



**ਅੰਮ੍ਰਿਤਸਰ–** ਗੁਰਦਾਸਪੁਰ ਲੋਕਸਭਾ ਸਾਂਸਦ ਅਤੇ ਫਿਲਮੀ ਅਭਿਨੇਤਾ ਸੰਨੀ ਦਿਓਲ ਆਪਣੀ ਨਵੀਂ ਫਿਲਮ ਗਦਰ 2 ਦੀ ਪ੍ਰਮੋਸ਼ਨ ਲਈ ਅੰਮ੍ਰਿਤਸਰ ਪਹੁੰਚੇ। ਜਿੱਥੇ ਉਨ੍ਹਾਂ ਵੱਲੋਂ ਸਭ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਿਆ ਗਿਆ ਅਤੇ ਸੰਨੀ ਦਿਓਲ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਵਾਹਿਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੰਨੀ ਦਿਓਲ ਦੇ ਪ੍ਰਸ਼ੰਸਕਾਂ ਸ਼ੀ ਕਾਫ਼ੀ ਭੀੜ ਵੇਖਣ ਨੂੰ ਮਿਲੀ, ਇਸ ਦੇ ਨਾਲ ਹੀ ਸੰਨੀ ਦਿਓਲ ਦੇ ਫੈਨਜ਼ ਨੇ ਓਨ੍ਹਾਂ ਨਾਲ ਸੈਲਫ਼ੀਆਂ ਵੀ ਲਈਆਂ। ਜਦਕਿ ਸੰਨੀ ਦਿਓਲ ਦੇ ਬਾਡੀਗਾਰਡਸ ਵੱਲੋਂ ਉਨਹਾਂ ਦੇ ਕੋਲ ਕਿਸੇ ਨੂੰ ਵੀ ਨਹੀਂ ਜਾਣ ਦਿੱਤਾ ਗਿਆ।

ਇਸ ਮੌਕੇ ਫਿਲਮੀ ਅਦਾਕਾਰ ਸੰਨੀ ਦਿਓਲ ਸਰਦਾਰ ਪਗੜੀ ਬੰਨੇ ਹੋਏ ਗ਼ਦਰ ਇੱਕ ਪ੍ਰੇਮ ਕਥਾ ਦੇ ਵਿੱਚ ਕੀਤੇ ਗਏ ਸਿੱਖ ਦੇ ਕਿਰਦਾਰ ਵਿੱਚ ਨਜਰ ਆਏ । ਸੰਨੀ ਦਿਓਲ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਜਦੋਂ ਵੀ ਮੈਂ ਹਰਿਮੰਦਰ ਸਾਹਿਬ ਆਉਂਦਾ ਹਾਂ ਤਾਂ ਹੰਝੂ ਨਹੀਂ ਰੁਕਦੇ। ਉਨ੍ਹਾਂ ਆਖਿਆ ਕਿ ਮੇਰਾ ਪੰਜਾਬ ਅਤੇ ਪੰਜਾਬੀਆਂ ਨਾਲ ਬਹੁਤ ਲਗਾਅ ਹੈ । ਉਨ੍ਹਾਂ ਕਿਹਾ ਕਿ ਅਸੀਂ ਖੁਦ ਪੰਜਾਬ ਦੇ ਹਾਂ ਅੱਜ ਅੰਮ੍ਰਿਤਸਰ ਵਿੱਚ ਨਵੀਂ ਫਿਲਮ ਲਈ ਅਰਦਾਸ ਕਰਨ ਆਏ ਸੀ । ਅਸ਼ੀਰਵਾਦ ਲਿਆ ਅਤੇ ਚੜ੍ਹਦੀਕਲਾ ਦੀ ਅਰਦਾਸ ਕੀਤੀ। ਇਸ ਤੋਂ ਇਲਾਵਾ ਸ਼ਾਮ ਨੂੰ ਵਾਘਾ ਬਾਰਡਰ 'ਤੇ ਸੰਨੀ ਦਿਓਲ ਸਰਦਾਰ ਦੇ ਰੂਪ ਨਜ਼ਰ ਆਉਣਗੇ ਅਤੇ ਬੀਐੱਸਐੱਫ ਦੇ ਅਧਿਕਾਰੀਆਂ ਨਾਲ ਆਪਣੀ ਫਿਲਮ ਦੀ ਪ੍ਰਮੋਸ਼ਨ ਕਰਨਗੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੰਦੂਕ ਹਿੰਸਾ ਦਾ ਵਿਰੋਧ ਕਰਨ ਵਾਲੀ ਲੈਫਟੀਨੈਂਟ ਓਲੀਵਰ ਚਲ ਵਸੀ

**ਨਿਊਜਰਸੀ–** ਇਥੋਂ ਦੀ ਲੈਫਟੀਨੈਂਟ ਗਵਰਨਰ ਸ਼ੀਲਾ ਓਲੀਵਰ (71) ਨੇ ਰਾਜ ਵਿਧਾਨ ਸਭਾ ਦੀ ਸਪੀਕਰ ਵਜੋਂ ਸੇਵਾ ਕਰਨ ਵਾਲੀ ਪਹਿਲੀ ਗੈਰ ਗੋਰੀ ਮੂਲ ਦੀ ਔਰਤ ਬਣ ਕੇ ਇਤਿਹਾਸ ਰਚਿਆ ਸੀ। ਬੀਤੇ ਦਿਨ ਲੈਫਟੀਨੈਂਟ ਗਵਰਨਰ ਸ਼ੀਲਾ ਓਲੀਵਰ ਦੀ ਸਥਾਨਕ ਹਸਪਤਾਲ ਵਿੱਚ ਮੌਤ ਹੋ ਗਈ। ਲੈਫਟੀਨੈਂਟ ਗਵਰਨਰ ਸ਼ੀਲਾ ਓਲੀਵਰ, ਜੋ ਨਿਊ ਜਰਸੀ ਦੇ ਸਭ ਤੋਂ ਪ੍ਰਮੁੱਖ ਗੈਰ ਗੋਰੇ ਨੇਤਾਵਾਂ ਵਿੱਚੋਂ ਇੱਕ ਬਣ ਗਈ ਸੀ ਅਤੇ ਸ਼ਹਿਰਾਂ ਨੂੰ ਮੁੜ ਸੁਰਜੀਤ ਕਰਨ ਤੇ ਬੰਦੂਕ ਹਿੰਸਾ ਵਿਰੁੱਧ ਉਸ ਨੇ ਜੋਸ਼ ਨਾਲ ਵਕਾਲਤ ਕੀਤੀ। ਮਰਫੀ ਦਹਾਕਿਆਂ ਤੋਂ ਸਾਡੇ ਮਹਾਨ ਰਾਜ ਦੇ ਪ੍ਰਮੁੱਖ ਨੇਤਾਵਾਂ ਵਿੱਚੋਂ ਉਹ ਇੱਕ ਰਹੀ ਹੈ।

ਨਿਊਜਰਸੀ ਦੇ ਗਵਰਨਰ ਫਿਲ ਮਰਫੀ ਦੇ ਦਫਤਰ ਦੁਆਰਾ ਜਾਰੀ ਉਸਦੇ ਪਰਿਵਾਰ ਦੇ ਇੱਕ ਬਿਆਨ ਅਨੁਸਾਰ ਮੌਤ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ। ਓਲੀਵਰ ਕਾਰਜਕਾਰੀ ਗਵਰਨਰ ਵਜੋਂ ਸੇਵਾ ਨਿਭਾ ਰਹੀ ਸੀ ਜਦੋਂ ਕਿ ਮਰਫੀ ਅਤੇ ਉਸਦਾ ਪਰਿਵਾਰ ਇਸ ਸਮੇਂ ਇਟਲੀ ਵਿੱਚ ਛੁੱਟੀਆਂ 'ਤੇ ਹਨ। ਉਸਦੇ ਦਫਤਰ ਨੇ ਕਿਹਾ ਕਿ ਉਸਨੂੰ ਸੋਮਵਾਰ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਮੰਗਲਵਾਰ ਨੂੰ ਉਸ ਦੀ ਮੌਤ ਹੋ ਗਈ।

ਗਵਰਨਰ ਨੇ ਟਵੀਟ ਕਰਕੇ ਕਿਹਾ ਕਿ ਉਹ ਅਤੇ ਉਸਦਾ ਪਰਿਵਾਰ ਇਸ ਦੁੱਖਦਾਈ ਖ਼ਬਰ ਤੋਂ ਬਹੁਤ



ਦੁਖੀ ਹਨ। ਉਹਨਾਂ ਕਿਹਾ ਕਿ ਓਲੀਵਰ ਨੂੰ ਲੈਫਟੀਨੈਂਟ ਗਵਰਨਰ ਵਜੋਂ ਨਾਮਜ਼ਦ ਕਰਦਿਆਂ "ਮੈਂ ਹੁਣ ਤੱਕ ਦਾ ਸਭ ਤੋਂ ਵਧੀਆ ਫ਼ੈਸਲਾ ਲਿਆ ਸੀ।

ਉਹ ਨਿਊ ਜਰਸੀ ਵਿੱਚ ਰਾਜ ਵਿਆਪੀ ਚੁਣੇ ਹੋਏ ਦਫ਼ਤਰ ਨੂੰ ਸੰਭਾਲਣ ਵਾਲੀ ਪਹਿਲੀ ਗੈਰ ਗੋਰੇ ਮੂਲ ਦੀ ਔਰਤ ਸੀ, ਜਿਸ ਨੇ 2017 ਵਿੱਚ ਮਰਫੀ ਦੇ ਨਾਲ ਸੀਟ ਜਿੱਤੀ ਸੀ। ਅਤੇ ਫਿਰ 2021 ਵਿੱਚ ਉਹ ਰਾਜ ਸਰਕਾਰ ਵਿੱਚ ਇੱਕ ਜਾਣੀ-ਪਛਾਣੀ ਸ਼ਖਸੀਅਤ ਬਣ ਗਈ ਸੀ। 2010 ਵਿੱਚ ਪਹਿਲੀ ਗੈਰ ਗੋਰੀ ਔਰਤ ਬਣ ਕੇ ਉਸ ਨੇ ਇਤਿਹਾਸ ਰਚ ਦਿੱਤਾ ਸੀ, ਜਿਸ ਨੇ ਰਾਜ ਵਿਧਾਨ ਸਭਾ ਦੀ ਅਗਵਾਈ ਕੀਤੀ ਅਤੇ ਉਹ ਮੌਜੂਦਾ ਗਵਰਨਰ ਮਰਫੀ ਦੇ ਪੱਖ ਵਿੱਚ ਖੜ੍ਹੀ ਸੀ। ਉਸ ਨੇ ਕਾਰਜਕਾਰੀ ਗਵਰਨਰ ਵਜੋਂ ਸੇਵਾ ਕਰਦੇ ਹੋਏ ਕਾਨੂੰਨ ਵਿੱਚ ਕਈ ਬਿੱਲਾਂ 'ਤੇ ਦਸਤਖ਼ਤ ਕੀਤੇ ਸਨ। ਉਹ ਇੱਕ ਮਜ਼ਬੂਤ ਜਨਤਕ ਸਪੀਕਰ ਸੀ ਅਤੇ ਮਰਫੀ ਦੇ ਬਿੱਲ ਦਸਤਖਤਾਂ ਅਤੇ ਹੋਰ ਸਮਾਗਮਾਂ ਵਿੱਚ ਅਕਸਰ ਹਾਜ਼ਰ ਰਹਿੰਦੀ ਸੀ, ਜਿੱਥੇ ਉਸਨੇ ਆਮ ਤੌਰ 'ਤੇ ਉਸਨੂੰ ਆਪਣੇ "ਰੋਕਿੰਗ" ਲੈਫਟੀਨੈਂਟ ਗਵਰਨਰ ਵਜੋਂ ਪੇਸ਼ ਕੀਤਾ ਸੀ।

ਉਸ ਨੇ 2021 ਵਿੱਚ ਮਰਫੀ ਨਾਲ ਸਖ਼ਤ ਬੰਦੂਕ ਕਾਨੂੰਨ ਦਾ ਪਰਦਾਫਾਸ਼ ਕਰਦੇ ਹੋਏ ਆਵਾਜ਼ ਚੁੱਕੀ ਸੀ। ਉਸਨੇ ਬੰਦੂਕ ਹਿੰਸਾ 'ਤੇ ਬਹੁਤ ਅਫਸੋਸ ਜਤਾਇਆ ਸੀ ਜਿਸ ਨੇ ਰਾਜ ਦੇ ਕਈ ਸ਼ਹਿਰਾਂ ਨੂੰ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਕੀਤਾ ਸੀ। ਉਸ ਨੇ ਜੋ ਸੁਝਾਅ ਦਿੱਤਾ ਸੀ ਉਹ ਸ਼ਲਘਾਯੋਗ ਹੋ ਕੇ ਨਿਬੜਿਆ ਸੀ। ਗਵਰਨਰ ਮਰਫੀ ਨੇ ਉਸ ਨੂੰ ਚੋਟੀ ਦੇ ਡਿਪਟੀ ਵਜੋਂ ਸੇਵਾ ਕਰਨ ਦੇ ਨਾਲ-ਨਾਲ, ਇਕ ਇਮਾਨਦਾਰ, ਇਨਸਾਫ ਪਸੰਦ ਦਲੇਰ ਲੇਡੀ ਦੱਸਿਆ। ਉਸਦੀ ਅਚਾਨਕ ਬਿਮਾਰੀ ਦੇ ਨਾਲ ਮੌਤ ਹੋ ਜਾਣ ਕਾਰਨ ਅਧਿਕਾਰੀਆਂ ਨੂੰ ਬਹੁਤ ਧੱਕਾ ਲੱਗਾ।

# ਬ੍ਰਿਟੇਨ 'ਚ ਕੋਵਿਡ ਦਾ ਨਵਾਂ ਵੈਰੀਐਂਟ ਲੋਕਾਂ ਲਈ ਹੋ ਸਕਦਾ ਖ਼ਤਰਨਾਕ

**ਲੰਡਨ–** ਇੰਗਲੈਂਡ ਦੇ ਸਿਹਤ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬ੍ਰਿਟੇਨ ਵਿਚ ਪਿਛਲੇ ਮਹੀਨੇ ਸਾਹਮਣੇ ਆਇਆ ਕੋਵਿਡ ਦਾ ਇਕ ਨਵਾਂ ਵੈਰੀਐਂਟ ਈਜੀ.5.1 ਹੁਣ ਦੇਸ਼ ਵਿਚ ਤੇਜ਼ੀ ਨਾਲ ਫੈਲ ਰਿਹਾ ਹੈ। ਵੈਰੀਐਂਟ ਤੇਜ਼ੀ ਨਾਲ ਫੈਲਣ ਵਾਲੇ ਓਮੀਕਰੋਨ ਤੋਂ ਪੈਦਾ ਹੋਇਆ ਹੈ। ਬ੍ਰਿਟੇਨ ਦੀ ਹੈਲਥ ਪ੍ਰੋਟੈਕਸ਼ਨ ਏਜੰਸੀ ਨੇ ਕਿਹਾ ਕਿ ਈਜੀ.5.1 ਨੂੰ 'ਏਰਿਸ' ਉਪਨਾਮ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੋਵਿਡ ਦੇ ਹਰ 7 ਨਵੇਂ ਮਾਮਲਿਆਂ ਵਿੱਚੋਂ ਇਕ ਮਾਮਲਾ ਇਸ ਵੈਰੀਐਂਟ ਦਾ ਸਾਹਮਣੇ ਆ ਰਿਹਾ ਹੈ। ਅੰਤਰਰਾਸ਼ਟਰੀ ਪੱਧਰ 'ਤੇ, ਖਾਸ ਕਰਕੇ ਏਸ਼ੀਆ ਵਿੱਚ ਵੱਧ ਰਹੇ ਮਾਮਲਿਆਂ ਕਾਰਨ ਦੇਸ਼ ਵਿੱਚ ਇਸ ਦਾ ਪ੍ਰਸਾਰ ਹੋਣ ਦੇ ਬਾਅਦ 31 ਜੁਲਾਈ ਨੂੰ ਇਸ ਨੂੰ ਕੋਵਿਡ ਦੇ ਇੱਕ ਵੈਰੀਐਂਟ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਵਿਸ਼ਵ ਸਿਹਤ ਸੰਗਠਨ ਨੇ 2 ਹਫ਼ਤੇ ਪਹਿਲਾਂ ਹੀ ਈਜੀ.5.1 ਵੈਰੀਐਂਟ 'ਤੇ ਉਸ ਸਮੇਂ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ, ਜਦੋਂ ਡਬਲਯੂਐਚਓ ਦੇ ਡਾਇਰੈਕਟਰ-ਜਨਰਲ ਟੇਡਰੋਸ ਅਦਾਨੋਮ ਗੈਬਰੇਅਸਸ ਨੇ ਕਿਹਾ ਸੀ ਕਿ ਲੋਕ ਵੈਕਸੀਨ ਨਾਲ ਬਿਹਤਰ ਸੁਰੱਖਿਅਤ ਹਨ, ਪਰ ਦੇਸ਼ਾਂ



ਨੂੰ ਆਪਣੀ ਚੌਕਸੀ ਵਿਚ ਕਮੀ ਨਹੀਂ ਆਉਣ ਦੇਣੀ ਚਾਹੀਦੀ।

ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਨਵਾਂ ਵੈਰੀਐਂਟ ਜ਼ਿਆਦਾ ਗੰਭੀਰ ਹੈ, ਕਿਉਂਕਿ ਹੈਲਥ ਪ੍ਰੋਟੈਕਸ਼ਨ ਏਜੰਸੀ ਦੇ ਤਾਜ਼ਾ ਅੰਕੜੇ ਦਿਖਾਉਂਦੇ ਹਨ ਕਿ ਇਹ ਹੁਣ ਦੇਸ਼ ਦੇ ਸਾਰੇ ਕੋਵਿਡ ਮਾਮਲਿਆਂ ਦਾ 14.6 ਫ਼ੀਸਦੀ ਹੈ। ਹੈਲਥ ਪ੍ਰੋਟੈਕਸ਼ਨ ਏਜੰਸੀ ਦੇ 'ਰੇਸਪੀਰੇਟਰੀ ਡੈਟਾਮਾਰਟ ਸਿਸਟਮ' ਰਾਹੀਂ ਦਰਜ ਕੀਤੇ ਗਏ 4,396 ਨਮੂਨਿਆਂ ਵਿੱਚੋਂ 5.4 ਫ਼ੀਸਦੀ ਨੂੰ ਕੋਵਿਡ-19 ਵਜੋਂ ਦਰਜ ਕੀਤਾ ਗਿਆ ਸੀ। ਹੈਲਥ ਪ੍ਰੋਟੈਕਸ਼ਨ ਏਜੰਸੀ ਟੀਕਾਕਰਨ ਦੀ ਮੁਖੀ ਡਾ: ਮੈਰੀ ਰਾਮਸੇ ਨੇ ਕਿਹਾ: "ਅਸੀਂ ਦੇਖ਼ ਰਹੇ ਹਾਂ ਕਿ ਇਸ ਹਫ਼ਤੇ ਦੀ ਰਿਪੋਰਟ ਵਿਚ ਕੋਵਿਡ-19 ਮਾਮਲਿਆਂ ਵਿੱਚ ਲਗਾਤਾਰ ਵਾਧਾ ਜਾਰੀ ਹੈ।

ਜ਼ਿਆਦਾਤਰ ਉਮਰ ਵਰਗਾਂ ਵਿਚ, ਖਾਸ ਕਰਕੇ ਬਜ਼ੁਰਗ ਵੱਡੀ ਗਿਣਤੀ ਵਿੱਚ ਹਸਪਤਾਲਾਂ ਵਿੱਚ ਆ ਰਹੇ ਹਨ।' ਜੇਕਰ ਤੁਹਾਡੇ ਵਿਚ ਸਾਹ ਦੀ ਬਿਮਾਰੀ ਦੇ ਲੱਛਣ ਹਨ, ਤਾਂ ਅਸੀਂ ਜਿੰਨਾ ਸੰਭਵ ਹੋ ਸਕੇ ਦੂਜਿਆਂ ਤੋਂ ਦੂਰ ਰਹਿਣ ਦੀ ਸਿਫਾਰਸ਼ ਕਰਦੇ ਹਾਂ।' ਉਨ੍ਹਾਂ ਕਿਹਾ," ਨਿਯਮਿਤ ਤੌਰ 'ਤੇ ਹੱਥ ਧੋਣ ਨਾਲ ਤੁਹਾਨੂੰ ਕੋਵਿਡ-19 ਅਤੇ ਹੋਰ ਵਾਇਰਸਾਂ ਤੋਂ ਬਚਣ ਵਿੱਚ ਮਦਦ ਮਿਲਦੀ ਹੈ।

# ਕਿਸਾਨ ਅੰਦੋਲਨ ਦੇ ਹੱਕ 'ਚ ਬੋਲਣ ਕਰਕੇ ਕੀਤਾ ਪ੍ਰੇਸ਼ਾਨ-ਢੇਸੀ

**ਅੰਮ੍ਰਿਤਸਰ–**ਯੂਨਾਈਟਿਡ ਕਿੰਗਡਮ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵੀਰਵਾਰ ਸਵੇਰੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਰੋਕ ਲਿਆ। ਉਹ ਵੀਰਵਾਰ ਸਵੇਰੇ ਏਅਰ ਇੰਡੀਆ ਦੀ ਫਲਾਈਟ ਨੰਬਰ AI-118 ਰਾਹੀਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਿਆ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਰੀਬ ਦੋ ਘੰਟੇ ਦੀ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਜਾਣ ਦਿੱਤਾ।

ਯੂ.ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਸਾਰੀ ਘਟਨਾ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਮੈਨੂੰ ਅੰਮ੍ਰਿਤਸਰ ਏਅਰਪੋਰਟ ਉਤੇ ਢਾਈ ਘੰਟੇ ਦੇ ਕਰੀਬ ਰੋਕਿਆ ਗਿਆ। ਮੈਨੂੰ ਢਾਈ ਘੰਟੇ ਬਾਅਦ ਕਲੀਅਰੰਿਸ ਮਿਲੀ। ਸ. ਢੇਸੀ ਨੇ ਕਿਹਾ ਕਿ ਮੈਂ ਕਿਸਾਨ ਅੰਦੋਲਨ ਦੇ ਹੱਕ ਵਿੱਚ ਆਵਾਜ ਚੁੱਕੀ ਸੀ ਅਤੇ ਮੈਂ ਬ੍ਰਿਟਿਸ਼ ਵਿੱਚ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਹਾਂ।



ਜਦੋਂ ਮੈਂ ਪਿਛਲੀ ਵਾਰ ਭਾਰਤ ਆਇਆ ਸੀ ਤਾਂ ਕੁਝ ਲੋਕ ਕਹਿੰਦੇ ਸਨ ਇਸਦਾ ਵੀਜ਼ਾ ਰੱਦ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਰਕਾਰ ਦੇ ਖਿਲਾਫ ਬੋਲਦਾ ਹੈ। ਯੂਕੇ ਐਮਪੀ ਨੇ ਕਿਹਾ ਕਿ ਮੈਂ ਹਮੇਸ਼ਾ ਭਾਰਤ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਅਰਦਾਸ ਕਰਦਾ ਹਾਂ। ਲੋਕਾਂ ਦੀ ਆਵਾਜ਼ ਚੁੱਕਣਾ ਮੇਰਾ ਫਰਜ ਹੈ।

ਦੱਸ ਦਈਏ ਕਿ ਬਰਮਿੰਘਮ ਤੋਂ ਏਅਰ ਇੰਡੀਆ ਦੀ ਫਲਾਈਟ ਵੀਰਵਾਰ ਸਵੇਰੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚੀ। ਇਸ ਫਲਾਈਟ ਵਿੱਚ ਯੂਕੇ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੀ ਹੋਰ ਯਾਤਰੀਆਂ ਨਾਲ ਪਹੁੰਚੇ।

ਇਮੀਗ੍ਰੇਸ਼ਨ ਅਧਿਕਾਰੀਆਂ ਨੇ ਐਮਪੀ ਢੇਸੀ ਦੇ ਦਸਤਾਵੇਜ਼ਾਂ ਦੀ ਜਾਂਚ ਕਰਦਿਆਂ ਪਾਇਆ ਕਿ ਉਸ ਕੋਲ ਓਐਸਆਈ (ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ) ਕਾਰਡ ਨਹੀਂ ਸੀ। ਇਸ ਕਾਰਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕ ਕੇ ਦੋ ਘੰਟੇ ਤੱਕ ਪੁੱਛਗਿੱਛ ਕੀਤੀ।

ਉਸ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਯੂ.ਕੇ. ਕਰੀਬ ਦੋ ਘੰਟੇ ਬਾਅਦ ਯੂਕੇ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਉਨ੍ਹਾਂ ਦੇ ਦਸਤਾਵੇਜ਼ ਮੁਕੰਮਲ ਹੋਣ ਤੋਂ ਬਾਅਦ ਹਵਾਈ ਅੱਡੇ ਤੋਂ ਬਾਹਰ ਜਾਣ ਦਿੱਤਾ ਗਿਆ।

# ਕੋਬਰੇ ਤੋਂ ਵੀ ਖ਼ਤਰਨਾਕ ਸੱਪਾਂ ਨੂੰ ਇਹ ਸ਼ਖਸ ਕਰਦਾ ਕਾਬੂ

**ਤਰਨਤਾਰਨ–** ਬਾਬਾ ਬ੍ਰਹਮਚਾਰੀ ਜ਼ਿਲ੍ਹਾ ਤਰਨਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਦਾ ਰਹਿਣ ਵਾਲਾ ਹੈ, ਜੋ ਲੋਕਾਂ ਦੇ ਘਰ-ਘਰ ਜਾ ਕੇ ਸੱਪ ਫੜਦਾ ਹੈ। ਹੁਣ ਤੱਕ ਉਹ ਸੈਂਕੜੇ ਜ਼ਹਿਰੀਲੇ ਸੱਪਾਂ ਨੂੰ ਫੜ ਕੇ ਲੋਕਾਂ ਦੀ ਜਾਨ ਬਚਾਅ ਚੁੱਕਾ ਹੈ। ਇਸ ਬਾਬਾ ਬ੍ਰਹਮਚਾਰੀ ਨੂੰ ਕਈ ਵਾਰ ਸੱਪਾਂ ਨੇ ਡੰਗ ਮਾਰਕੇ ਆਪਣਾ ਸ਼ਿਕਾਰ ਬਣਾਇਆ ਹੈ, ਪਰ ਬਾਬੇ ਦਾ ਕਹਿਣਾ ਹੈ ਕਿ ਫਿਰ ਵੀ ਮੈਂ ਦੋਸਤਾਂ ਵਾਂਗ ਸੱਪਾਂ ਨੂੰ ਫੜਦਾ ਹਾਂ। ਬਾਬਾ ਬ੍ਰਹਮਚਾਰੀ ਦਾ ਕਹਿਣਾ ਹੈ ਕਿ ਅੱਜ ਤੱਕ ਮੇਰੀ ਕਿਸੇ ਵੀ ਸਰਕਾਰ ਨੇ ਕੋਈ ਸਾਰ




ਨਹੀਂ ਲਈ ਅਤੇ ਨਾ ਹੀ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਵੱਲੋਂ ਮੈਨੂੰ ਸਨਮਾਨਿਤ ਕੀਤਾ ਗਿਆ ਹੈ। ਲੋਕਾਂ ਦੇ ਘਰਾਂ ਅਤੇ ਕਈ ਸਰਕਾਰੀ ਇਮਾਰਤਾਂ ਵਿੱਚ ਜਾ ਕੇ ਵੀ ਇਸ ਬਾਬੇ ਨੇ ਸੱਪ ਫੜੇ ਹਨ। ਬਾਬੇ ਦਾ ਕਹਿਣਾ ਹੈ ਕਿ ਰਾਤ ਨੂੰ ਚਾਹੇ ਲੋਕ ਦੋ ਵਜੇ ਵੀ ਮੈਨੂੰ ਫੋਨ ਕਰਦੇ ਹਨ, ਮੈਂ ਤੁਰੰਤ ਸੱਪ ਫੜਨ ਲਈ ਜਾਂਦਾ ਹਾਂ। ਉਸਨੇ ਦੱਸਿਆ ਕਿ ਪਹਿਲਾਂ ਤਾਂ ਉਹ ਸੇਵਾ ਭਾਵਨਾ ਨਾਲ ਕੰਮ ਕਰਦਾ ਸੀ, ਪਰ ਹੁਣ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਵਾਸਤੇ ਥੋੜੇ ਬਹੁਤੇ ਪੈਸੇ ਲੈ ਲੈਂਦਾ ਹੈ।

### ਪੰਜਾਬ-ਟੂ-ਫਿਜੀ ਖੋਜ ਯਾਤਰਾ-1

# ਸ਼ਰਧਾ ਕਾਇਮ-ਸੂਰਤਾਂ ਗਾਇਬ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** 'ਅਕਾਲ ਫਾਊਂਡੇਸ਼ਨ' ਨਿਊਜ਼ੀਲੈਂਡ ਦੇ ਕਰਤਾ-ਧਰਤਾ ਸ. ਰਘਬੀਰ ਸਿੰਘ ਜੇ.ਪੀ. ਜੋ ਖੁਦ 1981 ਤੋਂ ਲੈ ਕੇ 1986 ਤੱਕ ਆਪਣੇ ਜੀਵਨ ਦੀ ਮੁੱਢਲੀ ਕਾਰੋਬਾਰੀ ਗੱਡੀ 'ਤੇ ਸਵਾਰ ਹੁੰਦਿਆਂ ਫਿਜੀ ਵਿਖੇ ਸਮਾਂ ਬਿਤਾ ਕੇ ਫਿਰ ਹੋਰ ਮੁਲਕਾਂ ਤੋਂ ਘੁੰਮ-ਘੁੰਮਾ ਕੇ ਨਿਊਜ਼ੀਲੈਂਡ ਆਣ ਵਸੇ ਸਨ। ਉਨ੍ਹਾਂ ਦਾ ਸੁਪਨਾ ਸੀ ਕਿ ਫਿਜੀ ਵਿਖੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀਆਂ ਪੈੜਾਂ ਨੂੰ ਲੱਭ ਕੇ ਦੁਬਾਰਾ ਉਨ੍ਹਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ। ਇਸ ਮਨੋਰਥ ਨੂੰ ਮੁੱਖ ਰੱਖ ਕੇ ਬੀਤੀ 28 ਜੁਲਾਈ ਤੋਂ 2 ਅਗਸਤ ਤੱਕ ਸ. ਰਘਬੀਰ ਸਿੰਘ ਦੀ ਅਗਵਾਈ ਵਿਚ ਪੰਜ ਮੈਂਬਰੀ ਦਲ ਜਿਸ ਵਿਚ ਸ.ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਹਰਜੋਤ ਸਿੰਘ, ਸ੍ਰੀ ਅਰਵਿੰਦ ਕੁਮਾਰ ਅਤੇ ਸ. ਹਰਜਿੰਦਰ ਸਿੰਘ ਬਸਿਆਲਾ ਫਿਜੀ ਵਿਖੇ ਵੱਖ-ਵੱਖ ਸ਼ਹਿਰਾਂ, ਗੁਰਦੁਆਰਾ ਸਾਹਿਬਾਨਾਂ, ਖਾਲਸਾ ਵਿਦਿਅਕ ਸੰਸਥਾਵਾਂ, ਖੇਤੀਬਾੜੀ, ਛੋਟੇ-ਵੱਡੇ ਕਾਰੋਬਾਰੀ ਅਦਾਰਿਆਂ ਵਿਚ ਕੈਮਰਿਆਂ, ਮਾਈਕਾਂ ਅਤੇ ਕਲਮਾਂ ਨਾਲ ਫਿਜੀ ਟਾਪੂ ਦੇ ਨਾਦੀ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਪਹੁੰਚੇ।






ਗੁਰਦੁਆਰਾ ਸਾਹਿਬਾਨਾਂ ਦੀ ਯਾਤਰਾ: ਇਸ ਵੇਲੇ ਫਿਜੀ ਸਥਿਤ ਸਭ ਤੋਂ ਪਹਿਲਾ ਬਣਿਆ ਸ਼ਾਨਦਾਰ ਗੁਰਦੁਆਰਾ ਸਾਹਿਬ ਸਾਮਾਬੁੱਲਾ (ਸਥਾਪਨਾ 11 ਨਵੰਬਰ 1923) ਆਪਣੀ 100ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਨਵੰਬਰ ਮਹੀਨੇ ਕਰ ਰਿਹਾ ਹੈ। ਇਸ ਉਦਮ ਦੇ ਵਿਚ ਭਾਰਤੀ ਹਾਈ ਕਮਿਸ਼ਨ ਵੀ ਆਪਣਾ ਯੋਗਦਾਨ ਪਾ ਰਿਹਾ ਹੈ। ਸਦਕੇ ਜਾਈਏ ਇਨ੍ਹਾਂ ਗੁਰਦੁਆਰਿਆਂ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਨ ਵਾਲੇ ਗ੍ਰੰਥੀ ਸਿੰਘਾਂ ਅਤੇ ਸੇਵਾਦਾਰਾਂ ਦੀ ਜਿਹੜੇ ਉਥੇ ਵਸਦੇ ਸ਼ਰਧਾਵਾਨ ਭਾਰਤੀ ਭਾਈਚਾਰੇ ਖਾਸ ਕਰ ਸਿੱਖ ਭਾਈਚਾਰੇ ਨੂੰ ਗੁਰੂ ਸਾਹਿਬਾਂ ਦੀ ਬਾਣੀ ਸਰਵਣ ਕਰਵਾ ਰਹੇ ਹਨ। 1879 ਤੋਂ ਗਿਰਮਿਟ ਸਕੀਮ ਦੇ ਤਹਿਤ ਇਥੇ ਭਾਰਤੀਆਂ ਦੇ ਪੈਰ ਪੈਣੇ ਸ਼ੁਰੂ ਹੋਏ ਸਨ, ਜਿਸ ਦੇ ਵਿਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਇਲਾਵਾ 80 ਦੇ ਕਰੀਬ ਪੰਜਾਬ ਤੋਂ ਖਾਸ ਕਰ ਦੁਆਬੇ ਦੇ ਬਾਬਿਆਂ ਨੇ ਪਰਿਵਾਰਾਂ ਸਮੇਤ ਪਹੁੰਚਣ ਦੀ ਪਹਿਲ ਕੀਤੀ। ਅਸਲ ਵਿਚ 19ਵੀਂ ਸਦੀ ਦੇ ਸ਼ੁਰੂ ਵਿਚ ਆਜ਼ਾਦ ਪ੍ਰਵਾਸੀ ਦੇ ਤੌਰ ਉਤੇ ਫਿਜੀ ਵਿਚ ਪੰਜਾਬੀਆਂ ਦੀ ਆਮਦ ਸ਼ੁਰੂ ਹੋਈ। ਪੁਰਾਣੇ ਭਾਫ ਵਾਲੇ ਸਮੁੰਦਰੀ ਜਹਾਜ਼ਾਂ ਉਨ੍ਹਾਂ ਦੀਆਂ ਫੋਟੋਆਂ ਦਰਸਾਉਂਦੀਆਂ ਹਨ ਕਿ ਜਿਸ ਵਾਹਿਗੁਰੂ ਦੇ ਵਿਸ਼ਵਾਸ਼ ਅੰਦਰ ਇਹ ਬਿਨਾਂ ਕਿਸੇ ਅਗਾਊਂ ਵਸੇਬਾ ਪ੍ਰਬੰਧ ਦੇ ਆਣ ਵਸੇ ਸਨ, ਉਸ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਦੇ ਲਈ ਉਨ੍ਹਾਂ ਨੂੰ ਲਗਪਗ 44 ਸਾਲ ਬਾਅਦ 1923 ਦੇ ਵਿਚ ਜਗ੍ਹਾ ਮਿਲ ਹੀ ਗਈ। ਇਸ ਜਗ੍ਹਾ ਦੇ ਉਤੇ ਹੀ ਪਹਿਲਾ ਗੁਰਦੁਆਰਾ ਸਾਹਿਬ 1923 ਦੇ ਵਿਚ ਸਥਾਪਿਤ ਕਰ ਦਿੱਤਾ ਗਿਆ। ਸਮਾਂ ਪਾ ਕੇ ਫਿਜੀ ਵਿਚ ਪੰਜ ਗੁਰਦੁਆਰਾ ਸਾਹਿਬਾਨ, ਖਾਲਸਾ ਵਿਦਿਅਕ ਸੰਸਥਾਵਾਂ (ਕਾਲਜ, ਸਕੂਲ ਤੇ ਕਿੰਡਰਗਾਰਟਨ) ਦੀ ਲੰਬੀ ਲੜੀ ਹੋਣ ਦੇ ਬਾਵਜੂਦ ਅੱਜ ਸਿੱਖੀ ਸਰੂਪ ਲਗਪਗ ਮਨਫੀ ਹੋ ਗਿਆ ਹੈ, ਪਰ ਤਸੱਲੀ ਇਸ ਗੱਲ ਦੀ ਹੈ ਕਿ ਸਿੱਖ ਗੁਰੂਆਂ ਪ੍ਰਤੀ ਸ਼ਰਧਾ-ਭਾਵਨਾ ਅਜੇ ਬਰਕਰਾਰ ਹੈ।

ਸੂਰਤ ਪੱਖੋਂ ਸਿੱਖਾਂ ਨੇ ਬੜਾ ਕੁਝ ਗਵਾ ਲਿਆ ਹੈ, ਪਰ ਇਹ ਸ਼ਰਧਾਵਾਨ ਸਿੱਖ ਕੰਮਾ-ਕਾਰਾਂ ਦੇ ਵਿਚ ਐਨੇ ਰੁੱਝ ਗਏ ਹਨ ਕਿ ਇਨ੍ਹਾਂ ਅਸਥਾਨਾਂ ਉਤੇ ਸਬੱਬ ਨਾਲ ਹੀ ਮੱਥਾ ਟੇਕਣ ਅਤੇ ਸੰਗਤ ਦਾ ਹਿੱਸਾ ਬਣਨ ਲਈ ਜਾਂਦੇ ਹਨ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕਰਿਆਨਾ ਕੀਮਤਾਂ ਹੋਰ ਸਪਸ਼ਟ ਹੋਣਗੀਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਅਗਸਤ ਮਹੀਨੇ ਦੇ ਅੰਤ ਵਿਚ ਨਵੇਂ ਨਿਯਮ ਲਾਗੂ ਹੋਣ ਜਾ ਰਹੇ ਹਨ। ਜਿਸ ਤਹਿਤ ਕਰਿਆਨੇ ਦੇ ਪ੍ਰਚੂਨ ਵਿਕਰੇਤਾਵਾਂ ਨੂੰ ਵਜ਼ਨ, ਵੌਲੀਅਮ ਜਾਂ ਨੰਬਰ ਦੁਆਰਾ ਸਪਸ਼ਟ ਤੌਰ 'ਤੇ ਕੀਮਤ ਪ੍ਰਦਰਸ਼ਿਤ ਕਰਨ ਦੀ ਲੋੜ ਹੋਵੇਗੀ। ਖਪਤਕਾਰ ਮਾਮਲਿਆਂ ਦੇ ਮੰਤਰੀ ਡੰਕਨ ਵੈਬ ਨੇ ਐਲਾਨ ਕੀਤਾ ਕਿ ਨਵੇਂ ਨਿਯਮਾਂ ਦੇ ਨਾਲ, ਸੁਪਰਮਾਰਕੀਟ ਵਿੱਚ ਉਤਪਾਦਾਂ ਦੀਆਂ ਕੀਮਤਾਂ ਦੀ ਤੁਲਨਾ ਕਰਨਾ ਕੀਵੀਜ਼ ਨੂੰ ਸੌਖਾ ਲੱਗੇਗਾ। ਸੁਪਰਮਾਰਕੀਟਾਂ ਨੂੰ ਕਰਿਆਨੇ ਦੇ ਉਤਪਾਦਾਂ, ਜਿਵੇਂ ਕਿ ਪ੍ਰਤੀ ਕਿਲੋਗ੍ਰਾਮ ਜਾਂ ਲੀਟਰ ਉਤਪਾਦ ਦੀ ਕੀਮਤ ਨੂੰ ਸਪੱਸ਼ਟ ਤੌਰ 'ਤੇ ਅਤੇ ਇਕਸਾਰਤਾ ਨਾਲ ਪ੍ਰਦਰਸ਼ਿਤ ਕਰਨ ਦੀ ਲੋੜ ਹੋਵੇਗੀ। ਇਹ ਕੀਵੀਆਂ ਨੂੰ ਖਰੀਦਦਾਰੀ ਕਰਦੇ ਸਮੇਂ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਸੂਚਿਤ ਵਿਕਲਪ ਬਣਾਉਣ ਵਿੱਚ ਮਦਦ ਕਰੇਗਾ। ਇਹ ਵਿਸ਼ੇਸ਼ ਤੌਰ 'ਤੇ ਉਥੇ ਮਦਦਗਾਰ ਜਿੱਥੇ ਉਤਪਾਦ ਵੱਖ-ਵੱਖ ਆਕਾਰ ਦੇ ਪੈਕੇਜਿੰਗ ਵਿਚ ਅਤੇ ਵੱਖ-ਵੱਖ ਬ੍ਰਾਂਡਾਂ ਦੁਆਰਾ ਵੇਚੇ ਜਾਂਦੇ ਹਨ। ਨਿਯਮ 31 ਅਗਸਤ ਨੂੰ ਲਾਗੂ ਹੋਣੇ ਹਨ, ਪਾਲਣਾ ਲਾਜ਼ਮੀ ਹੋਣ ਤੋਂ ਪਹਿਲਾਂ ਇੱਕ ਪਰਿਵਰਤਨਸ਼ੀਲ ਅਵਧੀ ਹੋਵੇਗੀ, ਰਿਟੇਲਰਾਂ ਨੂੰ ਲੋੜੀਂਦੇ ਸਿਸਟਮਾਂ ਨੂੰ ਲਾਗੂ ਕਰਨ ਲਈ ਸਮਾਂ ਪ੍ਰਦਾਨ ਕੀਤਾ ਜਾਵੇਗਾ। ਇੱਕ ਯੂਨਿਟ ਕੀਮਤ ਮਾਪ ਦੀ ਪ੍ਰਤੀ ਮਿਆਰੀ ਇਕਾਈ ਦੀ ਕੀਮਤ ਹੁੰਦੀ ਹੈ, ਜੋ ਆਮ ਤੌਰ 'ਤੇ ਉਤਪਾਦ ਦੀ ਪ੍ਰਚੂਨ ਕੀਮਤ ਦੇ ਨਾਲ ਪ੍ਰਦਰਸ਼ਿਤ ਹੁੰਦੀ ਹੈ। ਉਦਾਹਰਨ ਲਈ, ਜਿੱਥੇ ਇੱਕ 700 ਗ੍ਰਾਮ ਰੋਟੀ 3.99 ਡਾਲਰ ਵਿੱਚ ਵੇਚੀ ਜਾਂਦੀ ਹੈ, ਉੱਥੇ ਪ੍ਰਦਰਸ਼ਿਤ ਯੂਨਿਟ ਕੀਮਤ 0.57 ਡਾਲਰ ਪ੍ਰਤੀ 100 ਗ੍ਰਾਮ ਹੋਵੇਗੀ।




# ਪੂਰੇ ਪੰਜਾਬ 'ਚ ਨਿਊਜ਼ੀਲੈਂਡ ਦੇ ਸਿਰਫ ਅੱਠ ਲਾਇਸੰਸ ਧਾਰਕ ਇਮੀਗ੍ਰੇਸ਼ਨ ਸਲਾਹਕਾਰ-ਏਜੰਟ ਕਈ ਹਜ਼ਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਦਾ ਬਹੁਤਾ ਕੰਮ ਭਾਵੇਂ ਆਨ ਲਾਈਨ ਹੋਣ ਲੱਗ ਪਿਆ ਹੈ, ਪਰ ਫਿਰ ਵੀ ਏਜੰਟਾਂ ਦਾ ਕਾਰੋਬਾਰ ਨਾਲੋ-ਨਾਲ ਚੱਲ ਰਿਹਾ ਹੈ। ਪਾਰਦਰਸ਼ੀ ਢੰਗ ਨਾਲ ਅਤੇ ਮੁਹਾਰਿਤ ਹਾਸਿਲ ਲੋਕਾਂ ਦੀ ਮਦਦ ਨਾਲ ਇਮੀਗ੍ਰੇਸ਼ਨ ਦਾ ਬਹੁਤਾ ਕੰਮ ਹੋਵੇ, ਇਸਦੇ ਲਈ ਨਿਊਜ਼ੀਲੈਂਡ ਸਰਕਾਰ ਵੱਲੋ 'ਇਮੀਗ੍ਰੇਸ਼ਨ ਅਡਵਾਈਜਰਜ਼ ਲਾਇਸੈਂਸਿੰਗ ਐਕਟ-2007' ਦੇ ਅਧੀਨ ਇਹ ਨਿਯਮ ਲਾਗੂ ਕੀਤਾ ਗਿਆ ਸੀ ਕਿ ਇਮੀਗ੍ਰੇਸ਼ਨ ਸਬੰਧੀ ਸਲਾਹ ਦੇਣ ਦੇ ਲਈ ਲਾਇਸੰਸ ਧਾਰਕ (ਇਮੀਗ੍ਰੇਸ਼ਨ ਸਲਾਹਕਾਰ) ਨੂੰ ਹੀ ਹੱਕ ਦਿੱਤਾ ਜਾਵੇ। ਅਜਿਹੀ ਸਲਾਹ ਵਾਸਤੇ ਕੁਝ ਅਧਿਕਾਰੀਆਂ ਜਿਵੇਂ ਨਿਊਜ਼ੀਲੈਂਡ ਦੇ ਵਕੀਲ, ਮੌਜੂਦਾ ਸਾਂਸਦ (ਸ਼ਰਤਾਂ ਲਾਗੂ) ਅਤੇ ਕੁਝ ਹੋਰ ਸ਼੍ਰੇਣੀਆਂ ਦੇ ਅਧਿਕਾਰੀ ਹਨ, ਜਿਨ੍ਹਾਂ ਨੂੰ ਲਾਇਸੰਸ ਦੀ ਛੋਟ ਵੀ ਮਿਲੀ ਹੋਈ ਹੈ।

ਇਮੀਗ੍ਰੇਸ਼ਨ ਅਡਵਾਈਜ਼ਰਜ਼ ਅਥਾਰਟੀ ਦੀ ਵੈਬਸਾਈਟ wwwi.aa.govt.nz ਉਤੇ ਵੇਖਿਆ ਜਾਵੇ ਤਾਂ ਪੰਜਾਬ ਦੇ ਵਿਚ ਸਿਰਫ 8 ਕੁ ਲਾਇਸੰਸ ਧਾਰਕ ਨਜ਼ਰ ਆ ਰਹੇ ਹਨ। ਅੰਮ੍ਰਿਤਸਰ ਦੇ ਵਿਚ 5, ਨਵਾਂਸ਼ਹਿਰ 1, ਬਠਿੰਡਾ 1 ਅਤੇ ਜਲੰਧਰ 1 ਹੈ। ਚੰਡੀਗੜ੍ਹ ਦੇ ਵਿਚ 10 ਲਾਇਸੰਸ ਧਾਰਿਕ ਨਜ਼ਰ ਆ ਰਹੇ ਹਨ। ਇਸ ਤੋਂ ਇਲਾਵਾ ਭਾਰਤ ਦੇ ਵਿਚ 16 ਦੇ ਕਰੀਬ ਹੋਰ ਲਾਇਸੰਸ ਧਾਰਕ ਹਨ। ਹੁਣ ਤੱਕ ਭਾਰਤ ਦੇ ਵਿਚ 18 ਲਾਇਸੰਸ ਧਾਰਕਾਂ ਦਾ ਲਾਇਸੰਸ ਰੱਦ ਹੋਇਆ ਹੈ ਜਾਂ ਮਿਆਦ ਪੁੱਗੇ ਨਜ਼ਰ ਆ ਰਹੇ ਹਨ। ਇਸਦੇ ਉਲਟ ਜੇਕਰ ਪੰਜਾਬ ਵਿਚ ਨਿਗ੍ਹਾ ਮਾਰੀ ਜਾਏ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਏਜੰਟਾਂ ਦੇ ਨਿਊਜ਼ੀਲੈਂਡ ਭੇਜਣ ਲਈ ਲੱਗੇ ਬੋਰਡ ਮਿਲਦੇ ਹਨ ਜਿਹੜੇ ਵਿਜ਼ਟਰ ਵੀਜਾ ਅਤੇ ਵਰਕ ਪਰਮਿਟ ਅਪਲਾਈ ਕਰਨ ਦਾ ਵੀ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ। ਨਿਊਜ਼ੀਲੈਂਡ ਆਉਣ ਵਾਲੇ ਵਿਦਿਆਰਥੀਆਂ ਦੇ ਲਈ ਸਲਾਹ ਦੇਣ ਵਾਸਤੇ ਕਿਸੇ ਵੀਜ਼ਾ ਏਜੰਟ ਦਾ ਲਾਇਸੰਸ ਧਾਰਕ ਹੋਣਾ ਜ਼ਰੂਰੀ ਨਹੀਂ ਹੈ, ਪਰ ਵਿਜ਼ਟਰ, ਵਰਕ ਅਤੇ ਗਾਰਡੀਅਨ ਵੀਜ਼ਾ ਆਦਿ ਦੇ ਵਾਸਤੇ ਲਾਇਸੰਸ ਹੋਣਾ ਜ਼ਰੂਰੀ ਹੈ। ਨਿਊਜ਼ੀਲੈਂਡ ਆਉਣ ਦੀ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਜਾਣਕਾਰੀ ਵਾਸਤੇ ਹੈ ਕਿ ਵੈਬਸਾਈਟ ਪਿਓ ਉਤੇ ਜਾ ਕੇ ਲਾਇਸੰਸ ਧਾਰਕ ਸਲਾਹਕਾਰ (ਇਮੀਗ੍ਰੇਸ਼ਨ ਅਡਵਾਈਜ਼ਰ) ਨੂੰ ਆਪਣੇ ਖੇਤਰ ਵਿਚ ਲੱਭਿਆ ਜਾ ਸਕਦਾ ਹੈ ਅਤੇ ਉਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜੇਕਰ ਵਿਦਿਆਰਥੀ ਵੀਜ਼ੇ ਦੀ ਸਲਾਹ ਲੈਣੀ ਹੈ ਤਾਂ ਲਾਇਸੰਸ ਰਹਿਤ ਵੀਜ਼ਾ ਏਜੰਟ ਵੀ ਮਦਦ ਕਰ ਸਕਦੇ ਹਨ। ਸੋ ਨਿਊਜ਼ੀਲੈਂਡ ਆਉਣ ਦੀ ਦਿਲਚਸਪੀ ਰੱਖਣ ਵਾਲੇ ਥੋੜ੍ਹਾ ਖਿਆਲ ਰੱਖਣ ਤਾਂ ਕਿ ਜਾਅਲੀ ਏਜੰਟਾਂ ਕੋਲੋਂ ਬਚ ਸਕਣ। ਅੱਜਕੱਲ੍ਹ ਕਈ ਏਜੰਟ ਪੰਜਾਬੀ ਲੋਕਾਂ ਨੂੰ ਫੀਜ਼ੀ ਜੋ ਕਿ ਵੀਜ਼ਾ ਰਹਿਤ ਦੇਸ਼ ਹੈ ਉਥੇ ਵੀ ਪੈਸੇ ਲੈ ਕੇ ਭੇਜ ਰਹੇ ਹਨ ਅਤੇ ਕਹਿ ਰਹੇ ਹਨ ਕਿ ਫੀਜ਼ੀ ਤੋਂ ਨਿਊਜ਼ੀਲੈਂਡ ਜਾਣਾ ਸੌਖਾ ਹੈ। ਕਈਆਂ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਫੀਜ਼ੀ ਤੋਂ ਟ੍ਰੇਨ ਫੜਕੇ ਨਿਊਜ਼ੀਲੈਂਡ ਜਾਇਆ ਜਾ ਸਕਦਾ ਹੈ। ਜਦ ਕਿ ਅਜਿਹਾ ਸੱਚ ਨਹੀਂ ਹੈ।




# ਆਜਾਦੀ ਦਿਹਾੜੇ ਪ੍ਰੋਗਰਾਮ ਦੀ ਪਹਿਲੇ ਦਿਨ ਰਿਹਰਸਲ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)-** ਅਜਾਦੀ ਦਿਹਾੜੇ ਦੀ 76ਵੀਂ ਵਰੇਗੰਢ ਜਿਲ੍ਹਾ ਪੱਧਰ ਤੇ ਮਲਟੀਪਰਪਜ ਖੇਡ ਸਟੇਡੀਅਮ ਲਮੀਣੀ ਵਿਖੇ 15 ਅਗਸਤ ਨੂੰ ਮਨਾਈ ਜਾਵੇਗੀ , ਜਿਸ ਦੋਰਾਨ ਸੱਭਿਆਚਾਰਕ ਪ੍ਰੋਗਰਾਮ ਵੱਖ ਵੱਖ ਸਕੂਲਾਂ ਵੱਲੋਂ ਪੇਸ ਕੀਤਾ ਜਾਣਾ ਹੈ ਜਿਸ ਦੀ ਅੱਜ ਪਹਿਲੇ ਦਿਨ ਰਿਹਰਸਲ ਖੇਡ ਸਟੇਡੀਅਮ ਲਮੀਣੀ ਵਿਖੇ ਕਰਵਾਈ ਗਈ। ਇਸ ਮੋਕੇ ਤੇ ਸ। ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ , ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਵਿਸੇਸ ਤੋਰ ਤੇ ਹਾਜਰ ਰਹੇ। ਪਹਿਲੇ ਦਿਨ ਰਿਹਰਸਲ ਦੋਰਾਨ ਮਾਰਚ ਪਾਸਟ ਵਿੱਚ ਪੰਜਾਬ ਪੁਲਿਸ, ਹੋਮ ਗਾਰਡ ਅਤੇ ਵੱਖ ਵੱਖ ਐਨ.ਸੀ.ਸੀ. ਦੀਆਂ ਟੁਕੜੀਆਂ ਵੱਲੋਂ ਅਭਿਆਸ ਕੀਤਾ ਗਿਆ। ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆਂ ਵੱਲੋਂ ਪੀ।ਟੀ।ਸੋਅ ਵੀ ਪੇਸ ਕੀਤਾ ਗਿਆ। ਇਸ ਮੋਕੇ ਤੇ ਸ। ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਨੇ ਦੱਸਿਆ ਕਿ ਅਜਾਦੀ ਦੇ 76ਵੀਂ ਵਰੇਗੰਢ ਤੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ ਕੀਤਾ ਜਾਵੇਗਾ। ਜੋ ਕਿ ਪਿਛਲੇ ਕਾਫੀ ਦਿਨ੍ਹਾਂ ਤੋਂ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬਹੁਤ ਮਿਹਨਤ ਕਰਕੇ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 10 ਅਗਸਤ ਨੂੰ ਦੂਸਰੀ ਰਿਹਰਸਲ ਰੱਖੀ ਗਈ ਹੈ ਅਤੇ 12 ਅਗਸਤ ਨੂ ਫੁੱਲ ਡਰੈਸ ਰਿਹਰਸਲ ਹੋਵੇਗੀ। 15 ਅਗਸਤ ਨੂੰ ਲਮੀਣੀ ਸਟੇਡੀਅਮ ਵਿੱਚ ਜਿਲ੍ਹਾ ਪੱਧਰੀ ਸਮਾਰੋਹ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਜਾਦੀ ਸਮਾਰੋਹ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨਾਂਇਆ ਜਾਵੇਗਾ। ਮਾਰਚ ਪਾਸਟ ਦੇ ਨਾਲ ਨਾਲ ਪੀ।ਟੀ।ਸ਼ੋਅ ਅਤੇ ਹੋਰ ਕਈ ਦੇਸ਼ ਭਗਤੀ ਨੂੰ ਦਰਸਾਉਦੀਆਂ ਗਤੀਵਿਧੀਆਂ ਵੀ ਸਮਾਰੋਹ ਦਾ ਹਿੱਸਾ ਹੋਣਗੀਆਂ।



# ਸ੍ਰੀ ਵਿਨੋਦ ਕੁਮਾਰ ਚੁੰਬਰ, ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦਾ ਸਨਮਾਨ










ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਵੈਨਕੂਵਰ, ਕੈਨੇਡਾ ਦੀ ਪਰਿਵਾਰਕ ਫੇਰੀ ਲਗਾਉਂਦਿਆਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਨੂੰ ਜਾਰੀ ਰੱਖਿਆ। ਇਸ ਦੌਰਾਨ ਨਾਮਵਰ ਸੰਸਥਾ ਚੇਤਨਾ ਆਰਗੇਨਾਈਜੇਸ਼ਨ ਆਫ ਕੈਨੇਡਾ ਵੱਲੋਂ ਸਮਾਜਿਕ ਤੇ ਧਾਰਮਿਕ ਵਿਸ਼ੇਸ਼ ਤੌਰ 'ਤੇ ਐਸ. ਬੀ. 403 ਬਿਲ ਪ੍ਰਤੀ ਸਰਗਰਮੀਆਂ ਨੂੰ ਦੇਖਦਿਆਂ ਸਥਾਨਕ ਫਰੇਜਰ ਯੂਨੀਵਰਸਿਟੀ ਦੇ ਡਾ. ਬੀ. ਆਰ. ਅੰਬੇਦਕਰ ਰੂਮ ਵਿਖੇ ਸ੍ਰੀ ਵਿਨੋਦ ਕੁਮਾਰ ਚੁੰਬਰ ਦਾ ਸਨਮਾਨ ਕੀਤਾ ਗਿਆ। ਸੰਸਥਾ ਦੇ ਸ੍ਰੀ ਜੈ ਵਿਰਦੀ ਤੋਂ ਇਲਾਵਾ ਡਾ. ਸਾਹਿਬ ਸਿੰਘ, ਸ੍ਰੀਮਤੀ ਨਵਜੋਤ, ਸ੍ਰੀ ਸੁਰਜੀਤ ਬੈਂਸ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਪ੍ਰਧਾਨ ਸ੍ਰੀ ਬਿੱਲ ਬਸਰਾ ਨੇ ਐਸ. ਬੀ. 403 ਦੀ ਸਫਲਤਾ ਲਈ ਸੰਸਥਾ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਐਸ.ਬੀ 403 ਵਾਂਗ ਕੈਨੇਡਾ ਵਿਚ ਵੀ ਇਸੇ ਕਿਸਮ ਦਾ ਬਿਲ ਲਿਆਉਣ ਦਾ ਉਪਰਾਲਾ ਕੀਤਾ ਜਾਵੇਗਾ। ਇਸ ਮੌਕੇ ਵਿਨੋਦ ਕੁਮਾਰ ਚੁੰਬਰ ਨਾਲ ਉਹਨਾਂ ਦੀ ਧਰਮ ਪਤਨੀ ਪਾਮ ਚੁੰਬਰ ਵੀ ਮੌਜੂਦ ਸੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਲਈ ਸੈਕਰਾਮੈਂਟੋ ਦੀਆਂ ਸੰਗਤਾਂ ਵੱਲੋਂ ਮਾਇਕ ਸਹਿਯੋਗ ਦਾ ਭਰਪੂਰ ਹੁੰਗਾਰਾ









ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਦੇਸ਼-ਵਿਦੇਸ਼ ਦੀਆਂ ਸੰਗਤਾਂ ਦਾ ਸਹਿਯੋਗ ਮਿਲ ਰਿਹਾ ਹੈ। ਬੀਤੇ ਦਿਨੀਂ ਸ੍ਰੀ ਵਿਨੋਦ ਕੁਮਾਰ ਚੁੰਬਰ, ਚੇਅਰਮੈਨ ਅਤੇ ਉਹਨਾਂ ਦੇ ਪ੍ਰਬੰਧਕ ਕਮੇਟੀ ਮੈਂਬਰਾਨ ਨੇ ਸੈਕਰਾਮੈਂਟੋ ਦੀਆਂ ਸੰਗਤਾਂ ਨਾਲ ਸੰਪਰਕ ਕੀਤਾ ਤਾਂ ਉਹਨਾਂ ਨੂੰ ਭਰਪੂਰ ਹੁੰਗਾਰਾ ਮਿਲਿਆ। ਜਿਹਨਾਂ ਪਰਿਵਾਰਾਂ ਵੱਲੋਂ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ 23,200 ਡਾਲਰ ਦਾ ਸਹਿਯੋਗ ਕੀਤਾ ਗਿਆ, ਉਹਨਾਂ ਵਿਚ ਸਰਵਸ੍ਰੀ ਮਨਜੀਤ ਸਿੰਘ ਭਾਰਦਵਾਜ, ਜਸਵਿੰਦਰ ਸਿੰਘ ਬੰਗਾ, ਦੀਪਕ ਸਰੋਆ, ਕਸ਼ਮੀਰ ਸਿੰਘ ਹੀਰਾ ਅਤੇ ਕਰਨੈਲ ਸਿੰਘ ਬੱਧਣ ਦੇ ਨਾਂ ਵਰਣਨਯੋਗ ਹਨ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਇਹਨਾਂ ਦਾਨੀ ਪਰਿਵਾਰਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ। ਵਾਹਿਗੁਰੂ ਇਹਨਾਂ ਪਰਿਵਾਰਾਂ ਅਤੇ ਇਹਨਾਂ ਦੇ ਵਪਾਰ ਨੂੰ ਚੜ੍ਹਦੀ ਕਲਾ ਬਖਸ਼ੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਿਆਸੀ ਪਿੱਚ 'ਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਹੋਏ ਆਊਟ

**ਇਸਲਾਮਾਬਾਦ–** ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪੰਜ ਸਾਲ ਲਈ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਹੈ। ਇੱਥੇ ਮੰਗਲਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਨੇ ਹੇਠਲੀ ਅਦਾਲਤ ਦੇ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਨੂੰ ਇਸਲਾਮਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਪਾਕਿਸਤਾਨ ਦੇ ਚੋਣ ਕਮਿਸ਼ਨ (ECP) ਨੇ ਮੰਗਲਵਾਰ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਹਾ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (PTI) ਦੇ ਚੇਅਰਮੈਨ ਨੂੰ ਭ੍ਰਿਸ਼ਟ ਅਭਿਆਸਾਂ ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਅਯੋਗ ਕਰਾਰ ਦਿੱਤਾ ਗਿਆ ਹੈ ਅਤੇ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਹਲਕਾ NA-45 kurwm-1 ਤੋਂ ਵਾਪਸ ਉਮੀਦਵਾਰ ਵਜੋਂ ਸੂਚਿਤ ਕੀਤਾ ਗਿਆ ਹੈ।



ਇਸਲਾਮਾਬਾਦ ਦੀ ਸੈਸ਼ਨ ਕੋਰਟ ਨੇ ਸ਼ਨੀਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੋਸ਼ਾਖਾਨਾ ਮਾਮਲੇ 'ਚ ਦੋਸ਼ੀ ਕਰਾਰ ਦਿੰਦੇ ਹੋਏ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਇਮਰਾਨ ਖਾਨ ਨੇ ਮੰਗਲਵਾਰ ਨੂੰ ਵਕੀਲ ਗੌਹਰ ਅਲੀ ਖਾਨ ਅਤੇ ਖਵਾਜਾ ਹੈਰਿਸ ਰਾਹੀਂ ਇਸਲਾਮਾਬਾਦ ਹਾਈ ਕੋਰਟ ਵਿੱਚ ਹੇਠਲੀ ਅਦਾਲਤ ਵੱਲੋਂ ਸੁਣਾਈ ਗਈ ਤਿੰਨ ਸਾਲ ਦੀ ਸਜ਼ਾ ਨੂੰ ਚੁਣੌਤੀ ਦਿੱਤੀ ਹੈ। ਇਮਰਾਨ ਖਾਨ ਨੇ ਕਿਹਾ ਕਿ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਮਾਯੂੰ ਦਿਲਾਵਰ ਨੇ ਇਹ ਫੈਸਲਾ ਯੋਗਤਾ ਦੇ ਆਧਾਰ 'ਤੇ ਨਹੀਂ ਸਗੋਂ ਪੱਖਪਾਤ ਨਾਲ ਸੁਣਾਇਆ। ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਆਮਿਰ ਫਾਰੂਕ ਨੇ ਕਿਹਾ ਕਿ ਜੋ ਵੀ ਸੰਭਵ ਹੋਵੇਗਾ, ਜੇਲ੍ਹ ਦੇ ਨਿਯਮਾਂ ਅਨੁਸਾਰ ਹੁਕਮ ਦਿੱਤਾ ਜਾਵੇਗਾ। ਸਾਬਕਾ ਪ੍ਰਧਾਨ ਮੰਤਰੀ ਨੂੰ ਉਹੀ ਸਹੂਲਤਾਂ ਦਿੱਤੀਆਂ ਜਾਣਗੀਆਂ, ਜਿਸ ਦੀ ਕਾਨੂੰਨ ਇਜਾਜ਼ਤ ਦਿੰਦਾ ਹੈ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਗ੍ਰਿਫਤਾਰੀ ਤੋਂ ਬਾਅਦ ਅਟਕ ਜੇਲ ਦੇ ਖੁੱਲ੍ਹੇ ਟਾਇਲਟ ਦੇ ਨਾਲ ਇੱਕ ਛੋਟੇ ਜਿਹੇ ਕੀੜੇ-ਮਕੌੜੇ ਸੈੱਲ ਵਿੱਚ ਰੱਖਿਆ ਗਿਆ ਹੈ। ਇਮਰਾਨ ਨਾਲ ਸੋਮਵਾਰ ਨੂੰ ਜੇਲ 'ਚ ਮੁਲਾਕਾਤ ਤੋਂ ਬਾਅਦ ਉਸ ਦੇ ਵਕੀਲ ਨਈਮ ਹੈਦਰ ਪੰਜੋਠਾ ਨੇ ਕਿਹਾ ਕਿ ਉਸ ਨੂੰ ਇਕ ਛੋਟੇ ਜਿਹੇ ਕਮਰੇ 'ਚ ਰੱਖਿਆ ਗਿਆ ਹੈ, ਜਿੱਥੇ ਮੱਖੀਆਂ ਗੂੰਜ ਰਹੀਆਂ ਹਨ। ਦੂਜੇ ਪਾਸੇ ਖੈਬਰ ਪਖਤੂਨਖਵਾ ਸੂਬੇ ਦੇ ਵੱਖ-ਵੱਖ ਜ਼ਿਲਿਆਂ 'ਚ ਇਮਰਾਨ ਦੀ ਗ੍ਰਿਫਤਾਰੀ ਦੇ ਵਿਰੋਧ 'ਚ 90 ਪੀਟੀਆਈ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

# ਪਠਾਨਕੋਟ ਪੁਲਿਸ ਨੇ ਅੰਤਰਰਾਜੀ ਭੁੱਕੀ ਦੇ ਤਸਕਰਾਂ ਤੇ ਕੀਤੀ ਵੱਡੀ ਕਾਰਵਾਈ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਵੱਡਾ ਝਟਕਾ ਦਿੰਦੇ ਹੋਏ ਪਠਾਨਕੋਟ ਪੁਲਿਸ ਨੇ ਇੱਕ ਵਾਰ ਫਿਰ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਆਪਣੀ ਅਟੱਲ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਪੁਲਿਸ ਨੇ ਇੱਕ ਅੰਤਰਰਾਜੀ ਭੁੱਕੀ ਦੀ ਤਸਕਰੀ ਮੁਹਿੰਮ ਨੂੰ ਸਫਲਤਾ-ਪੂਰਵਕ ਰੋਕ ਕੇ ਇੱਕ ਹਫ਼ਤੇ ਦੇ ਅੰਦਰ ਦੂਜੀ ਮਹੱਤਵਪੂਰਨ ਬਰਾਮਦਗੀ ਕਰਕੇ ਦੋ ਤਸਕਰਾਂ ਨੂੰ ਕਾਬੂ ਕੀਤਾ ਕਾਬੂ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਹਰਦੀਪ ਸਿੰਘ ਅਤੇ ਮੰਗਤ ਸਿੰਘ ਵਜੋਂ ਹੋਈ ਹੈ, ਦੋਵੇਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਹਾਜੀਪੁਰ ਦੇ ਪਿੰਡ ਕੁਲੀਆਂ ਲੁਬਾਣਾ ਦੇ ਰਹਿਣ ਵਾਲੇ ਹਨ। ਦੋਸ਼ੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਉਹਨਾ ਖਿਲਾਫ਼ ਪੁਲਿਸ ਥਾਣਾ ਸੁਜਾਨਪੁਰ, ਵਿਖੇ ਦਰਜ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ (ਐਨਡੀਪੀਐਸ) ਐਕਟ ਦੀ ਧਾਰਾ 15/61/85 ਦੇ ਤਹਿਤ ਮਕੁਦਮਾ ਦਰਜ ਕੀਤਾ ਗਿਆਂ ਹੈ। ਇਹ ਸਖ਼ਤ ਕਾਰਵਾਈ ਹਾਲ ਹੀ ਵਿੱਚ ਨਸ਼ਿਆਂ ਖ਼ਿਲਾਫ਼ ਕੀਤੀ ਵੱਡੀ ਕਾਰਵਾਈ ਦੀ ਲੜੀ ਵਿੱਚ ਕੀਤੀ ਗਈ ਹੈ, ਜਿਸ ਵਿੱਚ ਪਠਾਨਕੋਟ ਪੁਲਿਸ ਨੇ ਦੋ ਸਮੱਗਲਰਾਂ ਨੂੰ ਕਾਬੂ ਕਰਕੇ 153 ਕਿਲੋਗ੍ਰਾਮ ਭੁੱਕੀ ਸਮੇਤ ਇੱਕ ਟਰੱਕ ਨੂੰ ਜ਼ਬਤ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਸੀ।




ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਜ਼ੋਰ ਦੇ ਕੇ ਕਿਹਾ, "ਇਨ੍ਹਾਂ ਨਜਾਇਜ਼ ਪਦਾਰਥਾਂ ਦੀ ਬਰਾਮਦਗੀ ਅਤੇ ਇਸ ਵਿੱਚ ਸ਼ਾਮਲ ਵਿਅਕਤੀਆਂ ਦੀ ਗ੍ਰਿਫਤਾਰੀ ਇਹ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਪਠਾਨਕੋਟ ਪੁਲਿਸ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗੀ। ਅਸੀ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਕਾਇਮ ਰੱਖਣ ਅਤੇ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਇੰਸਪੈਕਟਰ ਰਾਜੇਸ਼ ਹਸਤੀਰ ਦੀ ਅਗਵਾਈ ਵਿੱਚ ਪੁਲਿਸ ਟੀਮ ਵੱਲੋਂ ਮਲਕਪੁਰ ਚੌਕ ਸੁਜਾਨਪੁਰ ਵਿਖੇ ਇੱਕ ਟਾਟਾ ਇੰਟਰਾ ਟਰੱਕ ਜਿਸ ਵਿੱਚ ਰਜਿਸਟ੍ਰੇਸ਼ਨ ਨੰਬਰ ਪੀਬੀ07 ਸੀਬੀ 8130 ਸੀ, ਨੂੰ ਰੋਕਿਆ ਗਿਆ ਅਤੇ ਬਾਰੀਕੀ ਨਾਲ ਜਾਂਚ ਕਰਨ ਤੇ ਗੱਡੀ ਦੇ ਅੰਦਰ ਛੁਪਾ ਕੇ ਰੱਖੀ ਗਈ 55 ਕਿਲੋਗ੍ਰਾਮ ਨਾਜਾਇਜ਼ ਭੁੱਕੀ ਬਰਾਮਦ ਕੀਤੀ ਗਈ ਹੈ। ਪੁਲਿਸ ਦੀ ਤੇਜ਼ ਅਤੇ ਨਿਰਣਾਇਕ ਕਾਰਵਾਈ ਦੇ ਨਤੀਜੇ ਵਜੋਂ ਇਸ ਨਾਪਾਕ ਧੰਦੇ ਵਿੱਚ ਸ਼ਾਮਲ ਦੋ ਵਿਅਕਤੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਗਿਆ ਹੈ।

ਫੜੇ ਗਏ ਮੁਲਜ਼ਮਾਂ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਜਿੱਥੇ ਉਹਨਾਂ ਦੇ ਡਿਸਟ੍ਰੀਬਿਊਸ਼ਨ ਨੈਟਵਰਕ ਦੇ ਨਾਲ-ਨਾਲ ਉਹਨਾਂ ਦੇ ਅੱਪਸਟਰੀਮ ਅਤੇ ਡਾਊਨਸਟ੍ਰੀਮ ਦੋਵਾਂ ਕਨੈਕਸ਼ਨਾਂ ਦਾ ਪਰਦਾਫਾਸ਼ ਕਰਨ ਲਈ ਉਹਨਾਂ ਦੇ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ, ਸ਼੍ਰੀ ਗੌਰਵ ਯਾਦਵ ਆਈ।ਪੀ।ਐਸ। ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਠਾਨਕੋਟ ਪੁਲਿਸ ਨੇ ਨਸ਼ਿਆਂ ਨੂੰ ਜ਼ਿਲ੍ਹੇ ਵਿੱਚੋਂ ਪੂਰੀ ਤਰ੍ਹਾਂ ਜੜ੍ਹੋਂ ਪੁੱਟਣ ਲਈ ਪੂਰੇ ਜ਼ਿਲ੍ਹੇ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਨਸ਼ਿਆਂ ਅਤੇ ਅਪਰਾਧਿਕ ਤੱਤਾਂ ਦੇ ਖ਼ਤਰੇ ਤੋਂ ਲੋਕਾਂ ਦੀ ਸੁਰੱਖਿਆ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

# ਘਰੇ ਨਮਾਜ਼ ਤੇ ਇਬਾਦਤ, ਸਕੂਲ 'ਚ ਪੜ੍ਹਦੇ ਨੇ ਹਨੂਮਾਨ ਚਾਲੀਸਾ

**ਮੁਰਾਦਾਬਾਦ–** ਧਰਮ ਦੇ ਨਾਂ 'ਤੇ ਜਿੱਥੇ ਲੋਕਾਂ ਨੂੰ ਵੰਡਣ ਦੀਆਂ ਗੱਲਾਂ ਹੁੰਦੀਆਂ ਹਨ, ਉਥੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੇ ਸਕੂਲਾਂ ਵਿਚ ਭਾਈਚਾਰਕ ਸਾਂਝ ਦੀ ਮਸ਼ਾਲ ਬੱਲ ਰਹੀ ਹੈ। ਬੱਚੇ ਘਰ ਵਿਚ ਨਮਾਜ਼ ਪੜ੍ਹਦੇ ਹਨ ਤੇ ਅੱਲ੍ਹਾ ਦੀ ਇਬਾਦਤ ਕਰਦੇ ਹਨ ਤੇ ਸਕੂਲ ਵਿਚ ਹਨੂਮਾਨ ਚਾਲੀਸਾ ਪੜ੍ਹਾਇਆ ਜਾਂਦਾ ਹੈ। ਰਮਾਇਣ ਦੀ ਚੌਪਈ ਪੜ੍ਹਨ ਤੋਂ ਇਨ੍ਹਾਂ ਨੂੰ ਪਰਹੇਜ਼ ਨਹੀਂ ਹੈ। ਸਰਸਵਤੀ ਵੰਦਨਾ ਤੇ ਗਾਇਤਰੀ ਮੰਤਰ ਵੀ ਕੰਠ ਕੀਤੇ ਹੋਏ ਹਨ। ਵੰਦੇ ਮਾਤਰਮ ਕਹਿਣ ਤੋਂ ਇਨ੍ਹਾਂ ਨੂੰ ਕੋਈ ਪਰਹੇਜ਼ ਨਹੀਂ ਹੈ। ਸ਼ਹਿਰ ਵਿਚ ਇਹੋ-ਜਿਹੇ 23 ਸਕੂਲਾਂ ਵਿਚ ਹਜ਼ਾਰ ਤੋਂ ਵੱਧ ਮੁਸਲਿਮ ਬੱਚੇ ਅਜਿਹੇ ਸੰਸਕਾਰਾਂ ਦੀ ਸਿੱਖਿਆ ਲੈ ਰਹੇ ਹਨ। ਕਿਤਾਬੀ ਗਿਆਨ ਦੇ ਨਾਲ ਹੀ ਸਕੂਲਾਂ ਦਾ ਅਨੁਸ਼ਾਸਨ ਵੀ ਮੁਸਲਿਮ ਪਰਿਵਾਰਾਂ ਨੂੰ ਪਸੰਦ ਆ ਰਿਹਾ ਹੈ।

ਮੁਰਾਦਾਬਾਦ ਵਿਚ ਵਿੱਦਿਆ ਭਾਰਤੀ ਦੇ 23 ਸਕੂਲ ਚੱਲਦੇ ਹਨ। ਸਵੇਰੇ ਪ੍ਰਾਥਨਾ ਵੇਲੇ ਵੱਖ-ਵੱਖ ਸਰਗਰਮੀਆਂ ਦੇ ਨਾਲ ਰਿਸੈੱਸ ਵੇਲੇ ਭੋਜਨ ਮੰਤਰ ਤੇ ਛੁੱਟੀ ਹੋਣ ਵੇਲੇ ਵੰਦੇ ਮਾਤਰਮ ਦਾ ਗਾਇਨ ਹੁੰਦਾ ਹੈ। ਕ੍ਰਿਸ਼ਨਾ ਬਾਲ ਵਿੱਦਿਆ ਮੰਤਰ ਦੇ ਪ੍ਰਧਾਨ ਅਚਾਰੀਆ (ਪ੍ਰਿੰਸੀਪਲ) ਓਮ ਪ੍ਰਕਾਸ਼ ਮੁਤਾਬਕ ਸਕੂਲ ਵਿਚ ਅਨੁਸ਼ਾਸਨ ਤੇ ਸੰਸਕਾਰ ਦੇ ਨਾਲ ਹੀ ਚੰਗੀ ਸਿੱਖਿਆ ਦੇਣ ਦਾ ਟੀਚਾ ਮਿੱਥਿਆ ਹੈ। ਸਾਰੇ ਧਰਮਾਂ ਦੇ ਬੱਚੇ ਅਨੁਸ਼ਾਸਨ ਦਾ ਪਾਲਣ ਕਰਦੇ ਹਨ, ਸਾਰੇ ਬੱਚੇ ਸਾਡੇ ਲਈ ਬਰਾਬਰ ਹਨ। ਇਕ-ਦੂਜੇ ਨਾਲ ਪਿਆਰ ਦੇ ਨਾਲ ਹਿੰਦੂ ਤੇ ਮੁਸਲਮਾਨ ਮਿਲ ਕੇ ਪੜ੍ਹਾਈ ਕਰਦੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਰਤਨਪੁਰ ਕਲਾ ਦੀ ਫ਼ਿਜ਼ਾ ਸੈਫ਼ੀ, ਕ੍ਰਿਸ਼ਨਾ ਬਾਲ ਵਿੱਦਿਆ ਮੰਦਰ ਵਿਚ 12 ਤੱਕ ਪੜ੍ਹਾਈ ਕਰ ਕੇ ਬੀ-ਐੱਡ ਕਰ ਰਹੀ ਹੈ। ਫ਼ਿਜ਼ਾ ਮੁਤਾਬਕ ਉਸ ਦੇ ਭੈਣ-ਭਰਾ, ਚਾਚੇ ਦੇ ਪੁੱਤ ਤੇ ਧੀਆਂ ਇੱਥੋਂ ਤੱਕ ਕਿ ਭੂਆ ਸਣੇ ਕੁਲ 11 ਬੱਚਿਆਂ ਨੇ ਇੱਥੋਂ ਤਾਲੀਮ ਹਾਸਿਲ ਕੀਤੀ ਹੈ। ਫ਼ਿਜ਼ਾ ਮੁਤਾਬਕ ਪਰਿਵਾਰ ਵਿਚ ਗਾਇਤਰੀ ਮੰਤਰ ਤੇ ਵੰਦੇ ਮਾਤਰਮ ਦਾ ਕੋਈ ਵਿਰੋਧ ਨਹੀਂ ਹੈ। ਇਕ ਹੋਰ ਨੌਜਵਾਨ ਸੈਫ਼ ਅਲੀ ਨੇ ਵਿੱਦਿਆ ਭਾਰਤੀ ਦੇ ਸਕੂਲ ਵਿਚ 11ਵੀਂ ਤੇ 12ਵੀਂ ਦੀ ਪੜ੍ਹਾਈ ਕੀਤੀ। ਇੱਥੋਂ ਪੜ੍ਹ ਕੇ ਉਸ ਨੂੰ ਪੀਏਸੀ ਵਿਚ ਨੌਕਰੀ ਮਿਲੀ। ਅਲੀ ਦੱਸਦੇ ਹਨ ਕਿ ਸਕੂਲ ਵਿਚ ਬਿਨ੍ਹਾਂ ਵਿਤਕਰੇ ਤੋਂ ਤਾਲੀਮ ਹਾਸਿਲ ਕੀਤੀ। ਇਵੇਂ ਹੀ ਫਿਰੋਜ਼ ਹਨ ਜੋ ਕਿ ਪੁਲਿਸ ਵਿਚ ਨੌਕਰੀ ਕਰ ਰਹੇ ਹਨ। ਉਨ੍ਹਾਂ ਮੁਤਾਬਕ ਗਾਇਤਰੀ ਮੰਤਰ, ਸ਼ਾਂਤੀ ਪਾਠ ਤੇ ਭੋਜਨ ਮੰਤਰ ਵੀ ਬੋਲਦੇ ਹੁੰਦੇ ਸਾਂ। ਚੰਗਾ ਲੱਗਦਾ ਹੁੰਦਾ ਸੀ।

ਮੁਹੰਮਦ ਸਮੀਰ ਦੱਸਦੇ ਹਨ ਕਿ ਮੇਰਾ ਚਾਚਾ ਤੇ ਉਨ੍ਹਾਂ ਦੀ ਔਲਾਦ ਇਸੇ ਸਕੂਲ ਵਿਚ ਪੜ੍ਹੇ ਹਨ। ਵਿੱਦਿਆ ਭਾਰਤੀ (ਮੇਰਠ ਪੱਛਮੀ) ਦੇ ਸੀਨੀਅਰ ਕਾਰਜਕਾਰੀ ਮੈਂਬਰ ਡਾ. ਵਿਸ਼ੇਸ਼ ਗੁਪਤਾ ਦੱਸਦੇ ਹਨ ਕਿ ਜ਼ਿਲ੍ਹੇ ਵਿਚ ਵਿੱਦਿਆ ਭਾਰਤੀ ਦੇ 23 ਸਕੂਲਾਂ ਵਿਚ 14,500 ਬੱਚੇ ਅਧਿਐਨ ਕਰ ਰਹੇ ਹਨ। ਹਿੰਦੂ, ਮੁਸਲਿਮ, ਸਿੱਖ, ਈਸਾਈ ਗੱਲ ਕੀ, ਸਾਰੇ ਧਰਮਾਂ ਦੇ ਬੱਚੇ ਇੱਥੇ ਪੜ੍ਹਦੇ ਹਨ।

1000 ਤੋਂ ਵੱਧ ਬੱਚੇ ਮੁਸਲਿਮ ਪਰਿਵਾਰਾਂ ਦੇ ਹਨ। ਇਵੇਂ ਹੀ ਸਿੰਚਾਈ ਵਿਭਾਗ ਵਿਚ ਕੰਮ ਕਰ ਰਹੇ ਤਾਹਿਰ ਹੁਸੈਨ ਨੇ ਦੱਸਿਆ ਕਿ ਘਰ ਵਿਚ ਸਾਡੇ ਬੱਚੇ ਨਮਾਜ਼ ਪੜ੍ਹਦੇ ਹਨ। ਵੰਦੇ ਮਾਤਰਮ ਤੇ ਗਾਇਤਰੀ ਮੰਤਰ ਦਾ ਸਾਨੂੰ ਕੋਈ ਇਤਰਾਜ਼ ਨਹੀਂ ਹੈ।

## ਸਾਡੀ ਸਿਹਤ

# ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਲਈ ਕਰੇਲਾ ਖਾਓ



ਕਈ ਲੋਕ ਕਰੇਲਾ ਖਾਣਾ ਬਿਲਕੁਲ ਵੀ ਪਸੰਦ ਨਹੀਂ ਕਰਦੇ। ਦਰਅਸਲ, ਇਸਦੇ ਕੌੜੇ ਸਵਾਦ ਦੇ ਕਾਰਨ, ਬਹੁਤ ਘੱਟ ਲੋਕ ਇਸ ਸਬਜ਼ੀ ਨੂੰ ਖਾਣ ਦੇ ਯੋਗ ਹੁੰਦੇ ਹਨ। ਪਰ ਕਰੇਲਾ ਖਾਣ ਦੇ ਇੰਨੇ ਫਾਇਦੇ ਹਨ ਕਿ ਤੁਸੀਂ ਜਾਣ ਕੇ ਹੈਰਾਨ ਰਹਿ ਜਾਓਗੇ। ਇਸ ਸਬਜ਼ੀ ਵਿੱਚ ਵਿਟਾਮਿਨ-ਸੀ, ਜ਼ਿੰਕ, ਪੋਟਾਸ਼ੀਅਮ, ਆਇਰਨ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਇਹ ਸ਼ੂਗਰ ਦੇ ਮਰੀਜ਼ਾਂ ਲਈ ਵਰਦਾਨ ਤੋਂ ਘੱਟ ਨਹੀਂ ਹੈ। ਇੰਨਾ ਹੀ ਨਹੀਂ ਇਸ ਨੂੰ ਭਾਰ ਘਟਾਉਣ 'ਚ ਵੀ ਕਾਰਗਰ ਮੰਨਿਆ ਜਾਂਦਾ ਹੈ। ਕਰੇਲੇ ਦੇ ਹੋਰ ਵੀ ਬਹੁਤ ਸਾਰੇ ਫਾਇਦੇ ਹਨ। ਤਾਂ ਆਓ ਜਾਣਦੇ ਹਾਂ ਇਸ ਸਬਜ਼ੀ ਦੇ ਫਾਇਦੇ।

ਕਰੇਲੇ ਦਾ ਸਵਾਦ ਕੌੜਾ ਹੁੰਦਾ ਹੈ ਪਰ ਇਹ ਸ਼ੂਗਰ ਦੇ ਰੋਗੀਆਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਵਿੱਚ ਮੌਜੂਦ ਚਾਰਨਟਿਨ ਅਤੇ ਪੌਲੀਪੇਪਟਾਈਡ-ਪੀ ਬਲੱਡ ਸ਼ੂਗਰ ਨੂੰ ਕੰਟਰੋਲ ਵਿੱਚ ਸੁਧਾਰਦੇ ਹਨ। ਜਿਨ੍ਹਾਂ ਲੋਕਾਂ ਨੂੰ ਡਾਇਬਟੀਜ਼ ਦੀ ਸਮੱਸਿਆ ਹੈ, ਉਨ੍ਹਾਂ ਨੂੰ ਆਪਣੀ ਡਾਈਟ 'ਚ ਕਰੇਲਾ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਕਰੇਲੇ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਇਸ ਵਿੱਚ ਫਾਈਬਰ ਕਾਫ਼ੀ ਮਾਤਰਾ ਵਿੱਚ ਪਾਇਆ ਜਾਂਦਾ ਹੈ। ਇਸ ਨੂੰ ਖਾਣ ਨਾਲ ਪੇਟ ਲੰਬੇ ਸਮੇਂ ਤਕ ਭਰਿਆ ਰਹਿੰਦਾ ਹੈ ਅਤੇ ਇਹ ਭਾਰ ਘੱਟ ਕਰਨ ਵਿਚ ਵੀ ਮਦਦ ਕਰਦਾ ਹੈ। ਤੁਹਾਨੂੰ ਆਪਣੇ ਭਾਰ ਘਟਾਉਣ ਦੇ ਸਫ਼ਰ ਵਿੱਚ ਕਰੇਲੇ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

ਕਰੇਲਾ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਸ ਨਾਲ ਦਿਲ ਨਾਲ ਜੁੜੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ। ਇਸ ਵਿੱਚ ਅਜਿਹੇ ਮਿਸ਼ਰਣ ਹੁੰਦੇ ਹਨ ਜੋ ਲਿਵਰ ਵਿੱਚ ਕੋਲੇਸਟ੍ਰੋਲ ਸੰਸਲੇਸ਼ਣ ਨੂੰ ਰੋਕ ਸਕਦੇ ਹਨ। ਸਿਹਤਮੰਦ ਰਹਿਣ ਲਈ ਤੁਹਾਨੂੰ ਕਰੇਲੇ ਨੂੰ ਡਾਈਟ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਕਰੇਲੇ 'ਚ ਫਾਈਬਰ ਕਾਫੀ ਮਾਤਰਾ ਵਿਚ ਹੁੰਦਾ ਹੈ। ਇਹ ਪਾਚਨ ਪ੍ਰਣਾਲੀ ਨੂੰ ਤੰਦਰੁਸਤ ਰੱਖਦਾ ਹੈ। ਜਿਨ੍ਹਾਂ ਲੋਕਾਂ ਨੂੰ ਕਬਜ਼ ਦੀ ਸਮੱਸਿਆ ਹੈ, ਉਨ੍ਹਾਂ ਲਈ ਕਰੇਲਾ ਰਾਮਬਾਣ ਸਾਬਤ ਹੋ ਸਕਦਾ ਹੈ। ਕਰੇਲੇ ਵਿੱਚ ਵਿਟਾਮਿਨ-ਸੀ ਪਾਇਆ ਜਾਂਦਾ ਹੈ। ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ। ਇਸ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਇਨਫੈਕਸ਼ਨਾਂ ਅਤੇ ਬਿਮਾਰੀਆਂ ਤੋਂ ਬਚ ਸਕਦੇ ਹੋ।

# ਡਿਪਟੀ ਕਮਿਸ਼ਨਰ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ



**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਮੌਕੇ ਜ਼ਿਲ੍ਹਾ ਪੱਧਰੀ ਦਿਹਾੜੇ ਨੂੰ ਪੂਰੇ ਉਤਸ਼ਾਹ ਨਾਲ ਨਿਰਵਿਘਨ ਰੂਪ ਵਿੱਚ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 13 ਅਗਸਤ ਨੂੰ ਪੁਲਿਸ ਲਾਈਨ ਸਟੇਡੀਅਮ ਵਿਖੇ ਅੰਤਿਮ ਰਿਹਰਸਲ ਹੋਵੇਗੀ ਜਿਸ ਲਈ ਸਮੇਂ ਸਿਰ ਪ੍ਰਬੰਧ ਮੁਕੰਮਲ ਕੀਤੇ ਜਾਣ। ਉਨ੍ਹਾਂ ਸਿਹਤ ਵਿਭਾਗ, ਮਾਰਕੀਟ ਕਮੇਟੀ, ਨਗਰ ਕੌਂਸਲ, ਨਗਰ ਸੁਧਾਰ ਟਰੱਸਟ ਸਮੇਤ ਹੋਰ ਵਿਭਾਗਾਂ ਨੂੰ ਮੈਡੀਕਲ ਟੀਮ, ਪੀਣ ਵਾਲਾ ਸਾਫ ਪਾਣੀ, ਆਰਜ਼ੀ ਪਖਾਨੇ, ਸਾਫ਼ ਸਫ਼ਾਈ ਦਾ ਪ੍ਰਬੰਧ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਰਿਹਰਸਲਾਂ ਲਈ ਬੱਚਿਆਂ ਨੂੰ ਸਕੂਲਾਂ ਤੋਂ ਲੈ ਕੇ ਆਉਣ ਅਤੇ ਛੱਡ ਕੇ ਆਉਣ ਲਈ ਲੋੜੀਂਦੇ ਆਵਾਜਾਈ ਪ੍ਰਬੰਧ ਮੁਕੰਮਲ ਕਰਨ ਲਈ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸੁਰੱਖਿਆ, ਟ੍ਰੈਫ਼ਿਕ ਵਿਵਸਥਾ ਅਤੇ ਪਾਰਕਿੰਗ ਦੇ ਪ੍ਰਬੰਧ ਪੁਖ਼ਤਾ ਰੱਖਣ ਦੀ ਹਦਾਇਤ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਸਹਾਇਕ ਕਮਿਸ਼ਨਰ ਜਸਪਿੰਦਰ ਸਿੰਘ, ਉਪ ਮੰਡਲ ਮੈਜਿਸਟਰੇਟ ਨਵਰੀਤ ਕੌਰ ਸੇਖੋਂ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੁਖਚੈਨ ਸਿੰਘ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

# ਅੰਕੜਿਆਂ ਦੀ ਖੇਡ ਦਰਮਿਆਨ ਸਿਆਸੀ ਖੇਡ



ਗੁਰਮੀਤ ਪਲਾਹੀ
91-98158-02070

ਸਰਕਾਰ-ਏ-ਹਿੰਦ ਵਲੋਂ ਜਾਰੀ ਅੰਕੜਿਆਂ ਅਨੁਸਾਰ ਦੇਸ਼ ਦੀ ਜੀ।ਡੀ।ਪੀ। ਸਾਲ 2023 'ਚ 3737 ਅਰਬ ਡਾਲਰ ਦੀ ਹੋ ਗਈ ਹੈ, ਜਿਸਨੂੰ ਗਤੀ ਦੇਣ ਦੀ ਸ਼ੁਰੂਆਤ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਹੋਈ, ਜੋ 2004 ਤੋਂ 2014 ਤੱਕ 722 ਅਰਬ ਡਾਲਰ ਤੋਂ ਵੱਧ ਕੇ 2039 ਅਰਬ ਡਾਲਰ ਦੀ ਹੋ ਗਈ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਖਦੇ ਹਨ ਉਹਨਾ ਦੇ ਤੀਜੇ ਕਾਰਜਕਾਲ ਦੌਰਾਨ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਜਾਏਗਾ।

ਇਹ ਅਨੁਮਾਨ ਹੀ ਹੈ ਕਿ ਅਗਲੇ ਚਾਰ ਸਾਲਾਂ 'ਚ ਜੀ।ਡੀ।ਪੀ। 38 ਫੀਸਦੀ ਵਧੇਗੀ ਤੇ ਭਾਰਤ ਦੁਨੀਆਂ ਦੀ ਤੀਜੀ ਅਰਥ ਵਿਵਸਥਾ ਬਣ ਜਾਏਗਾ। ਪਰ ਕੀ ਜੀ।ਡੀ।ਪੀ। ਦੇ ਅਕਾਰ ਨਾਲ ਦੇਸ਼ ਦੀ ਅਸਲੀ ਤਸਵੀਰ ਜ਼ਾਹਿਰ ਹੁੰਦੀ ਹੈ? ਬਿਲਕੁਲ ਨਹੀਂ। ਅਸਲੀ ਤਸਵੀਰ ਤਾਂ ਪ੍ਰਤੀ ਵਿਅਕਤੀ ਆਮਦਨ ਨਾਲ ਜ਼ਾਹਿਰ ਹੁੰਦੀ ਹੈ, ਜਿਸ 'ਚ ਭਾਰਤ ਸਿਖਰਲੇ 10 ਦੇਸ਼ਾਂ 'ਚ ਵੀ ਨਹੀਂ ਹੈ। ਅਮਰੀਕਾ ਦੀ ਜੀ।ਡੀ।ਪੀ। ਪ੍ਰਤੀ ਵਿਅਕਤੀ 80।03 ਡਾਲਰ, ਚੀਨ ਦੀ 13।72 ਡਾਲਰ, ਬ੍ਰਾਜ਼ੀਲ 9।67 ਡਾਲਰ ਅਤੇ ਭਾਰਤ ਦੀ ਜੀ।ਡੀ।ਪੀ। ਪ੍ਰਤੀ ਵਿਅਕਤੀ 2।6 ਡਾਲਰ ਹੈ।

ਦੇਸ਼ 'ਚ ਆਮ ਆਦਮੀ ਕੀ ਕਮਾ ਰਿਹਾ ਹੈ? ਇਸ ਵੇਲੇ ਦੇਸ਼ ਦੇ ਆਮ ਆਦਮੀ ਦੀ ਪ੍ਰਤੀ ਜੀਅ ਪ੍ਰਤੀ ਦਿਨ ਔਸਤ ਆਮਦਨ ਨਿਗੁਣੀ ਭਾਵ 2।6 ਡਾਲਰ ਹੈ। ਇਸ ਆਮਦਨ ਵਿੱਚ ਉਹ ਕਿਵੇਂ ਗੁਜ਼ਾਰਾ ਕਰਦਾ ਹੈ, ਤੇ ਉਸਦੀ ਬੱਚਤ ਕਿੰਨੀ ਹੈ, ਇਸ ਗੱਲ ਦਾ ਅੰਦਾਜ਼ਾ ਤਾਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਪਰ ਕੇਂਦਰ ਸਰਕਾਰ ਨੇ ਆਮ ਆਦਮੀ ਲਈ ਹਵਾਈ ਕਿਲੇ ਉਸਾਰਦਿਆਂ ਪ੍ਰਧਾਨ ਮੰਤਰੀ ਜਨ ਧਨ ਯੋਜਨਾ 28 ਅਗਸਤ 2014 'ਚ ਸ਼ੁਰੂ ਕੀਤੀ ਸੀ। ਇਸ ਯੋਜਨਾ ਤਹਿਤ ਹੁਣ ਤੱਕ 49।63 ਕਰੋੜ ਜ਼ੀਰੋ ਖਾਤੇ ਖੋਲ੍ਹੇ ਗਏ। ਇਹਨਾ ਖਾਤਿਆਂ ਵਿੱਚ ਲਗਭਗ ਦੋ ਲੱਖ ਕਰੋੜ ਰੁਪਏ ਜਮ੍ਹਾਂ ਹਨ, ਪਰ ਪਿਛਲੇ ਸਾਲ ਦੀ ਰਿਪੋਰਟ ਅਨੁਸਾਰ 20 ਫੀਸਦੀ ਖਾਤਿਆਂ 'ਚ ਕੋਈ ਲੈਣ-ਦੇਣ ਨਹੀਂ ਹੋਇਆ ਭਾਵ 10।36 ਕਰੋੜ ਖਾਤਿਆਂ 'ਚ ਨਾ ਕੋਈ ਪੈਸਾ ਜਮ੍ਹਾਂ ਹੋਇਆ, ਨਾ ਕਢਾਇਆ ਗਿਆ। ਹੈਰਾਨੀ ਦੀ ਗੱਲ ਤਾਂ ਇਹ ਕਿ ਇਹਨਾ ਬੈਂਕ ਖਾਤਾ ਧਾਰਕਾਂ ਨੂੰ ਇੱਕ ਲੱਖ ਤੱਕ ਦੁਰਘਟਨਾ ਬੀਮਾ ਦੀ ਸੁਵਿਧਾ ਹੈ ਅਤੇ ਇਹਨਾ 49।63 ਕਰੋੜ ਖਾਤਾ ਧਾਰਕਾਂ ਵਿਚੋਂ ਚਾਰ ਸਾਲਾਂ 'ਚ ਸਿਰਫ 2416 ਧਾਰਕਾਂ ਨੂੰ ਬੀਮਾ ਰਾਸ਼ੀ ਦਿੱਤੀ ਗਈ।

ਆਖ਼ਰ ਇਸ ਯੋਜਨਾ ਦਾ ਆਮ ਆਦਮੀ ਨੂੰ ਕੀ ਲਾਭ ਹੋਇਆ? ਉਲਟਾ ਉਹਨਾ ਦੀ ਵੱਡੀ ਰਾਸ਼ੀ ਬੈਂਕ ਖਾਤਿਆਂ ਵਿੱਚ ਜਾਮ ਕਰ ਦਿੱਤੀ ਗਈ ਹੈ। ਸਰਕਾਰ ਨੇ ਗਰੀਬਾਂ ਦੀ ਨਿਗੁਣੀ ਬਚਤ ਉਤੋਂ ਵੀ ਬੈਂਕਾਂ ਰਾਹੀਂ ਕਮਾਈ ਕੀਤੀ ਹੈ। ਕੀ ਇਹ ਅੰਕੜਿਆਂ ਦਰਮਿਆਨ ਸਿਆਸੀ ਖੇਡ ਨਹੀਂ?

ਕੇਂਦਰ ਵਲੋਂ ਕਿਸਾਨ ਨਿਧੀ ਯੋਜਨਾ ਚੱਲਦੀ ਹੈ, ਜਿਸ ਤਹਿਤ ਕਿਸਾਨਾਂ ਨੂੰ ਤਿੰਨ ਕਿਸ਼ਤਾਂ 'ਚ 6000 ਰੁਪਏ ਸਲਾਨਾ ਸਹਾਇਤਾ ਦਿੱਤੀ ਜਾਂਦੀ ਹੈ। ਚਲੋ, ਗੱਲ ਪੰਜਾਬ ਦੀ ਕਰ ਲੈਂਦੇ ਹਾਂ, ਇਸਦੇ ਅੰਕੜਿਆਂ ਦੀ ਸਮੀਖਿਆ ਕਰ ਲੈਂਦੇ ਹਾਂ। ਦਸੰਬਰ 2019 ਤੋਂ ਮਾਰਚ 2020 ਤੱਕ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਗਿਣਤੀ, ਇੱਕ ਛਪੀ ਰਿਪੋਰਟ ਅਨੁਸਾਰ, 23,01,313 ਸੀ, ਜੋ ਅਪ੍ਰੈਲ-ਜੁਲਾਈ 2023 'ਚ ਘਟਕੇ 8,53,900 ਰਹਿ ਗਈ ਹੈ। ਭਾਵ ਤਿੰਨ ਵਰ੍ਹਿਆਂ 'ਚ ਕੇਂਦਰੀ ਸਕੀਮ ਵਿੱਚ ਕਿਸਾਨ ਲਾਭਪਾਤਰੀਆਂ ਦੀ ਗਿਣਤੀ 'ਚ ਪੰਜਾਬ 'ਚ 63 ਫੀਸਦੀ ਕਮੀ ਆ ਗਈ ਹੈ। ਸਕੀਮ ਤਹਿਤ 13 ਵੀਂ ਅਤੇ 14ਵੀਂ ਕਿਸ਼ਤ ਜਾਰੀ ਹੋਈ ਹੈ ਅਤੇ ਇਸ ਕਮੀ ਦਾ ਦੋਸ਼ ਕਿਸਾਨਾਂ ਉਤੇ ਥੱਪਿਆ ਜਾ ਰਿਹਾ ਹੈ ਕਿ ਉਹਨਾ ਵਲੋਂ ਬੈਂਕ ਖਾਤਿਆਂ 'ਚ ਲੋੜੀਂਦੇ ਦਸਤਾਵੇਜ਼ ਅਪਲੋਡ ਨਹੀਂ ਕੀਤੇ ਗਏ। ਜੇਕਰ ਸਰਕਾਰ ਪੰਜਾਬ ਦੇ ਕਰਜ਼ਾ ਮਾਰੇ ਕਿਸਾਨਾਂ ਦੀ ਸਚਮੁੱਚ



ਮਦਦ ਕਰਨ ਦੇ ਰਉਂ 'ਚ ਹੈ ਜਾਂ ਸੀ ਤਾਂ ਇਹ ਰਕਮਾਂ ਕਿਸੇ ਹੋਰ ਢੰਗ ਨਾਲ ਕਿਉਂ ਨਹੀਂ ਵੰਡੀਆਂ ਜਾ ਰਹੀਆਂ?

ਕੀ ਪੰਜਾਬ ਦੇ ਕਿਸਾਨਾਂ ਨੂੰ ਸਕੀਮ ਵਿਚੋਂ "ਆਊਟ" ਕਰਕੇ "ਖੇਤੀ ਕਾਨੂੰਨਾਂ" 'ਚ ਸਰਕਾਰ ਨੂੰ ਹੋਈ ਹਾਰ ਦਾ ਬਦਲਾ ਤਾਂ ਨਹੀਂ ਕੇਂਦਰ ਸਰਕਾਰ ਲੈ ਰਹੀ? ਇਸ ਸਕੀਮ ਸਬੰਧੀ ਦੇਸ਼ ਭਰ 'ਚ ਦੱਸਣ ਲਈ ਅੰਕੜੇ ਤਾਂ ਹੋਰ ਹਨ, ਪਰ ਜ਼ਮੀਨੀ ਪੱਧਰ 'ਤੇ ਕਿਸਾਨਾਂ ਤੱਕ ਪਹੁੰਚਦੀਆਂ ਸਹੂਲਤਾਂ ਦੀ ਦਰ ਕੁਝ ਹੋਰ ਹੀ ਕਹਿੰਦੀ ਹੈ। ਇਹੋ ਹਾਲ ਪੇਂਡੂ ਸਕੀਮ ਮਗਨਰੇਗਾ ਦਾ ਹੈ।

ਬਿਨ੍ਹਾਂ ਸ਼ੱਕ ਕਿਸਾਨਾਂ ਦੀ ਦੇਸ਼ 'ਚ ਵਿੱਤੀ ਹਾਲਾਤ ਠੀਕ ਨਹੀਂ ਹੈ, ਬਹੁਤੇ ਕਿਸਾਨ ਪਿੰਡਾਂ 'ਚ ਵਸਦੇ ਹਨ ਅਤੇ ਪਿੰਡਾਂ ਦੇ ਵਿਕਾਸ ਦੀਆਂ ਗੱਲਾਂ ਆਜ਼ਾਦੀ ਤੋਂ ਬਾਅਦ ਲਗਾਤਾਰ ਹੁੰਦੀਆਂ ਹਨ ਅਤੇ ਹੋ ਰਹੀਆਂ ਹਨ। ਪਰ ਪਿੰਡਾਂ 'ਚ ਲੋੜੀਂਦੀਆਂ ਸਿਹਤ, ਸਿੱਖਿਆ ਅਤੇ ਬੁਨਿਆਦੀ ਸਹੂਲਤਾਂ ਦੀ ਵੱਡੀ ਕਮੀ ਹੈ, ਜਿਸਨੂੰ ਅੰਕੜਿਆਂ ਨਾਲ ਢਕਣ ਦਾ ਯਤਨ ਹੁੰਦਾ ਹੈ। ਸਰਕਾਰੀ ਅੰਕੜੇ ਕਹਿੰਦੇ ਹਨ, ਕਿ ਪੇਂਡੂ ਇਲਾਕਿਆਂ 'ਚ 6।74 ਕਰੋੜ ਘਰ ਇਹੋ ਜਿਹੇ ਹਨ, ਜਿਹਨਾ ਨੂੰ ਨਲ ਰਾਹੀਂ ਪੀਣ ਦਾ ਸਾਫ ਪਾਣੀ ਨਹੀਂ ਮਿਲਦਾ। ਸਾਲ 2019 ਤੱਕ 65।33 ਫੀਸਦੀ ਘਰਾਂ ਵਿੱਚ ਹੀ ਸਾਫ ਪੀਣ ਵਾਲਾ ਪਾਣੀ ਮਿਲਦਾ ਸੀ।

ਅੱਜ ਜਦੋਂ ਅਸੀਂ ਵਿਸ਼ਵ ਗੁਰੂ ਬਨਣ ਦਾ ਦਾਅਵਾ ਕਰਦੇ ਹਾਂ, ਤਾਂ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਸਿਰਫ ਅੰਕੜਿਆਂ ਦੇ ਅਧਾਰ ਉਤੇ ਵਿਸ਼ਵ ਪੱਧਰੀ ਦਾਅਵੇ, ਤਲਖ ਹਕੀਕਤਾਂ ਦੇ ਮੱਦੇ ਨਜ਼ਰ ਕਿਸ ਅਧਾਰ 'ਤੇ ਕਰਦੇ ਹਾਂ। ਕੀ ਸਿਰਫ ਅੰਕੜੇ ਲੋਕਾਂ ਦਾ ਢਿੱਡ ਭਰ ਸਕਦੇ ਹਨ? ਕੀ ਸਿਰਫ "ਦੋ ਕਰੋੜੀ" ਹਰ ਸਾਲ ਨੌਕਰੀਆਂ ਦੇਣ ਦੇ ਦਾਅਵੇ ਸਾਡੀ ਵਿਸ਼ਵ ਪੱਧਰੀ ਸਾਖ ਬਣਾ ਸਕਦੇ ਹਨ, ਜੋ ਵਿਕਾਸ ਦੇ ਵੱਡੇ ਦਾਅਵਿਆਂ, ਦੇਸ਼ 'ਚ ਨਫਰਤੀ ਰਾਜਨੀਤੀ ਕਾਰਨ ਖੇਰੂੰ-ਖੇਰੂੰ ਹੋ ਰਹੀ ਹੈ।ਭਾਰਤ ਦੇ 14 ਵੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਦੇਸ਼ ਨੂੰ ਵਿਸ਼ਵ ਪੱਧਰੀ ਪਹੁੰਚਾਉਣ ਲਈ ਆਰਥਿਕ ਵਿਕਾਸ, ਸਮਾਜਿਕ ਕਲਿਆਣ ਅਤੇ ਸਮਾਜਿਕ ਯੋਜਨਾਵਾਂ ਵਿਚੋਂ 9 ਪ੍ਰਮੁੱਖ ਯੋਜਨਾਵਾਂ ਨੂੰ ਪਹਿਲ ਦੇ ਰਹੇ ਹਨ। ਇਹਨਾ 'ਚ ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ, ਡਿਜੀਟਲ ਇੰਡੀਆ, ਸਮਾਰਟ ਸਿਟੀ ਮਿਸ਼ਨ, ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਬੰਦੇ ਭਾਰਤ ਮਿਸ਼ਨ, ਸਕਿੱਲ ਇੰਡੀਆ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸ਼ਾਮਲ ਹਨ।

ਕੀ ਦੇਸ਼ 'ਚ 2015 'ਚ ਲਾਂਚ ਕੀਤੇ 100 ਸਮਾਰਟ ਸ਼ਹਿਰਾਂ ਦਾ ਵਿਕਾਸ ਹੋਇਆ? ਜਿਸ ਅਧੀਨ ਸਸਤੇ ਘਰ ਦੇਣ ਦੀ ਯੋਜਨਾ ਸ਼ਾਮਲ ਸੀ। ਕੀ ਸ਼ਹਿਰਾਂ 'ਚ ਝੁੱਗੀ, ਝੋਪੜੀ ਵਾਲਿਆਂ ਦੀ ਗਿਣਤੀ 'ਚ ਵਾਧਾ ਨਹੀਂ ਹੋਇਆ? ਕੀ ਜਨ ਧਨ ਯੋਜਨਾ ਨਾਲ ਗਰੀਬੀ ਘਟੀ? ਕਿੰਨੇ ਕ ਨੌਜਵਾਨ ਸਕਿੱਲ ਇੰਡੀਆ ਅਧੀਨ ਸਿਕਸ਼ਿਤ ਕੀਤੇ ਗਏ? ਕੀ ਅਵਾਸ ਯੋਜਨਾ ਅਧੀਨ ਗਰੀਬ ਲੋਕ ਘਰਾਂ ਦਾ ਲਾਹਾ ਲੈ ਸਕੇ। ਡਿਜੀਟਲ ਇੰਡੀਆ ਦਾ ਲਾਭ ਆਮ ਲੋਕ ਕਿਥੋਂ ਤੱਕ ਲੈ ਸਕੇ ਹਨ। ਇਸ ਸਹੂਲਤ ਦੀ ਪਿੰਡਾਂ 'ਚ ਅਣਹੋਂਦ ਕਾਰਨ ਕਿਸਾਨ ਅਤੇ ਹੋਰ ਲੋਕ ਸਬਸਿਡੀਆਂ ਅਤੇ ਸਹਾਇਤਾ ਤੱਕ ਗੁਆ ਰਹੇ ਹਨ।

ਭਾਰਤ ਦੇ 2022 ਦੇ ਬਜ਼ਟ ਅਨੁਸਾਰ 740 ਕੇਂਦਰੀ ਸੈਕਟਰ ਸਕੀਮਾਂ ਅਤੇ 65 ਕੇਂਦਰੀ ਆਸ਼ਰਿਤ ਸਕੀਮਾਂ ਦੇਸ਼ ਭਰ 'ਚ ਲਾਗੂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਅਰਬਾਂ ਰੁਪਏ ਇਹਨਾ ਸਕੀਮਾਂ ਲਈ ਵੰਡੇ ਜਾਂਦੇ ਹਨ। ਪਰ ਇਹ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹਨ, ਇਹ ਉਹਨਾ ਲੋਕਾਂ ਦੇ ਲਾਗੇ-ਚਾਗੇ ਵੀ ਨਹੀਂ ਪਹੁੰਚਦੇ, ਜਿਹੜੇ ਇਹਨਾ ਸਕੀਮਾਂ 'ਚ ਲਾਭਪਾਤਰੀ ਹੋ ਸਕਦੇ ਹਨ, ਕਿਉਂਕਿ ਉਹ ਅਨਪੜ੍ਹ ਹਨ, ਉਹਨਾ ਕੋਲ ਆਧਾਰ ਕਾਰਡ ਨਹੀਂ, ਉਹਨਾ ਕੋਲ ਇਹ ਸੁਵਿਧਾਵਾਂ ਤੱਕ ਪਹੁੰਚਣ ਲਈ ਸਾਧਨ ਨਹੀਂ।

ਅੰਕੜਿਆਂ ਦੀ ਇੱਕ ਖੇਡ ਹੋਰ ਵੀ ਨਿਰਾਲੀ ਹੈ। ਕਿਹਾ ਜਾ ਰਿਹਾ ਹੈ ਕਿ ਦੇਸ਼ 'ਚ 2015-16 ਜੋ 24।85 ਫੀਸਦੀ ਆਬਾਦੀ ਗਰੀਬ ਸੀ, ਉਹ ਘਟਕੇ 2019-21 'ਚ 14।96 ਰਹਿ ਗਈ ਭਾਵ 9।89 ਫੀਸਦੀ ਘਟ ਗਈ। ਪਰ ਕੀ ਸਚਮੁੱਚ ਗਰੀਬੀ ਘਟੀ ਹੈ? ਜੇਕਰ ਗਰੀਬੀ ਘਟੀ ਹੈ ਤਾਂ ਪ੍ਰਧਾਨ ਮੰਤਰੀ ਕਲਿਆਣ ਅੰਨ ਯੋਜਨਾ 'ਚ 80 ਕਰੋੜ ਲੋਕਾਂ ਨੂੰ ਭੋਜਨ ਮੁਫ਼ਤ ਕਿਉਂ ਦਿੱਤਾ ਜਾ ਰਿਹਾ ਹੈ? ਅਸਲ 'ਚ ਤਾਂ ਗਰੀਬ-ਅਮੀਰ ਦਾ ਪਾੜਾ ਵਧਿਆ ਹੈ ਅਤੇ ਕਰੋਨਾ ਕਾਲ 'ਚ ਤਾਂ ਕਾਰਪੋਰੇਟਾਂ ਨੇ ਆਪਣੀ ਪਕੜ ਭਾਰਤੀ ਬਜ਼ਾਰ ਕਾਰੋਬਾਰ ਉਤੇ ਪੀਡੀ ਕੀਤੀ, ਸਰਕਾਰ ਨੇ ਨਿ-ੱਜੀਕਰਨ ਪਾਲਿਸੀਆਂ ਦੀ ਖੁੱਲ੍ਹ ਦਿੱਤੀ ਅਤੇ ਗਰੀਬ ਇਸ ਵੱਡੀ ਗਰੀਬੀ ਚੱਕੀ 'ਚ ਪੀਸੇ ਗਏ।

ਅੰਕੜਿਆਂ ਦੀ ਇੱਕ ਖੇਡ ਫਿਰਕੂ ਹਿੰਸਾ ਦੇ ਮਾਮਲੇ ਵਿੱਚ ਵੀ ਚੱਲ ਰਹੀ ਹੈ। ਜਦੋਂ ਦੇਸ਼ ਦਾ ਮਹੱਤਵਪੂਰਨ ਅੰਗ "ਮਨੀਪੁਰ" ਜਲ ਰਿਹਾ ਸੀ, ਦੇਸ਼ ਦਾ ਪ੍ਰਧਾਨ ਮੰਤਰੀ ਅਮਰੀਕਾ ਦੇ ਜਹਾਜ਼ੇ ਚੜ੍ਹਿਆ, ਰੱਖਿਆ ਅਤੇ ਹੋਰ ਸਮਝੌਤੇ ਕਰ ਰਿਹਾ ਸੀ ਅਤੇ ਵਿਸ਼ਵੀ ਅਖ਼ਬਾਰਾਂ 'ਚ ਦੇਸ਼ ਦੇ ਨਫ਼ਰਤੀ ਵਰਤਾਰੇ, ਘੱਟ ਗਿਣਤੀਆਂ ਉਤੇ ਹੋ ਰਹੇ ਅਤਿਆਚਾਰ ਦੀ ਚਰਚਾ ਹੋ ਰਹੀ ਸੀ। ਸਰਕਾਰੀ ਅੰਕੜੇ ਆਂਹਦੇ ਸਨ ਕਿ ਦੋਸ਼ੀਆਂ ਖਿਲਾਫ ਮੁਢਲੀਆਂ ਰਿਪੋਰਟਾਂ ਦਰਜ਼ ਕੀਤੀਆਂ ਗਈਆਂ ਹਨ, ਪਰ ਦੇਸ਼ ਦੀ ਸੁਪਰੀਮ ਕੋਰਟ ਕਹਿੰਦੀ ਹੈ ਕਿ ਸੂਬੇ ਦੀ ਪੁਲਿਸ ਹੱਥ 'ਤੇ ਹੱਥ ਧਰਕੇ ਬੈਠੀ ਹੈ। ਮਾਨਯੋਗ ਸੁਪਰੀਮ ਕੋਰਟ ਅਦਾਲਤ ਵਲੋਂ ਸੂਬੇ ਦੇ ਪੁਲਿਸ ਮੁੱਖੀ ਨੂੰ ਰਿਪੋਰਟ ਲਈ ਤਲਬ ਕੀਤਾ ਗਿਆ ਹੈ। ਹਾਲੇ ਇਹ ਅੱਗ ਮੱਠੀ ਨਹੀਂ ਹੋ ਰਹੀ, ਜਦਕਿ ਚੋਣਾਂ ਤੋਂ ਪਹਿਲਾਂ ਹਰਿਆਣਾ ਦੇ ਘੱਟ ਗਿਣਤੀ ਕਸਬੇ ਨੂਹ 'ਚ ਫਿਰਕੂ ਘਟਨਾਵਾਂ ਨੇ ਵਿਸ਼ੇਸ਼ ਰੰਗ ਫੜਿਆ ਹੈ, ਜਿਸ ਨਾਲ ਸੂਬਾ ਹਰਿਆਣਾ ਨਹੀਂ, ਨਾਲ ਲਗਦਾ ਯੂਪੀ ਪ੍ਰਭਾਵਤ ਹੋਇਆ ਹੈ। ਅੰਕੜੇ ਦਸਦੇ ਹਨ ਕਿ ਐਫ।ਆਈ। ਆਰ। ਦਰਜ਼ ਕੀਤੀਆਂ ਗਈਆਂ ਹਨ, ਦੋਸ਼ੀ ਫੜੇ ਗਏ ਹਨ, ਫਿਰਕੂਆਂ ਵਿਰੁੱਧ ਬੁਲਡੋਜ਼ਰ ਵਰਤੇ ਗਏ ਹਨ। ਪਰ ਕੀ ਇਹ ਸਭ ਕੁਝ ਫਿਰਕਿਆਂ ਦਰਮਿਆਨ ਦਰਾੜ ਪਾਉਣ ਦਾ ਕਾਰਜ਼ ਨਹੀਂ ਹੈ? ਕੀ ਇਹ ਸਿਆਸੀ ਖੇਡ ਨਹੀਂ ਹੈ?

ਇੱਕ ਫਿਰਕੇ ਦੇ ਲੋਕਾਂ ਨੂੰ ਦੂਜੇ ਫਿਰਕਿਆਂ ਵਿਰੁੱਧ ਭੜਕਾਕੇ, ਇੱਕ ਫਿਰਕੇ ਦੇ ਲੋਕਾਂ ਨੂੰ ਡਰਾਕੇ ਇਕੱਠੇ ਕਰਨ ਦਾ ਇਹ ਤਰੀਕਾ ਵੋਟ ਅੰਕੜਿਆਂ ਦੀ ਸਿਆਸੀ ਖੇਡ ਨਹੀਂ ਹੈ ਕੀ? ਜਿਹੜੀ ਲਗਾਤਾਰ ਪਿਛਲੇ ਅਰਸੇ ਤੋਂ ਉਦੋਂ ਵਰਤੀ ਜਾ ਰਹੀ ਹੈ, ਜਦੋਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ, ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ। ਇਹ ਸਿਆਸੀ ਅੰਕੜਾ ਖੇਡ ਕਰਨਾਟਕ 'ਚ ਵੀ ਵਰਤੀ ਗਈ, ਪਰ ਦੇਸ਼ ਦੀ ਰਾਜ ਕਰਨ ਵਾਲੀ ਧਿਰ ਨੂੰ ਪੁੱਠੀ ਪੈ ਗਈ। ਇਹੋ ਖੇਡ, ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਪੂਰੇ ਦੇਸ਼ ਵਿੱਚ ਵਰਤੇ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ।

ਅੰਕੜਿਆਂ ਦੀ ਇਸ ਸਿਆਸੀ ਖੇਡ ਨੇ ਭਾਰਤ ਵਿੱਚ ਆਮ ਲੋਕਾਂ, ਘੱਟ ਗਿਣਤੀਆਂ ਦਾ ਜੀਊਣਾ ਦੁਭਰ ਕੀਤਾ ਹੋਇਆ ਹੈ, ਜਿਹੜੇ ਸਿਰਫ ਰੋਟੀ ਨਾਲ ਢਿੱਡ ਨੂੰ ਝੁਲਕਾ ਦੇਣ ਤੱਕ ਸੀਮਤ ਕਰ ਦਿੱਤੇ ਗਏ ਹਨ। ਅਸਲ 'ਚ ਨਫ਼ਰਤੀ ਸਿਆਸਤ ਦੀ ਚੱਲ ਰਹੀ ਵੋਟ ਰਾਜਨੀਤੀ ਦੀ ਖੇਡ ਦੇਸ਼ ਨੂੰ ਧਰਮ, ਫਿਰਕੇ, ਜਾਤ, ਇਲਾਕਾਵਾਦ ਤੱਕ ਸੀਮਤ ਕਰ ਰਹੀ ਹੈ ਜੋ ਕਿ ਕਦਾਚਿਤ ਵੀ ਭਾਰਤ ਦੇ ਹਿੱਤ 'ਚ ਨਹੀਂ ਹੈ।

# ਆਜ਼ਾਦੀ ਦਿਹਾੜਾ : ਦੇਸ਼ ਦੀ ਵੰਡ ਲੱਖਾਂ ਲੋਕਾਂ ਦੇ ਕਤਲ ਅਤੇ ਉਜਾੜੇ ਦਾ ਕਾਰਨ ਬਣਿਆ



ਮੇਜਰ ਸਿੰਘ ਨਾਭਾ
91-94635-53962

ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ।ਬ੍ਰਿਟਿਸ਼ ਇੰਡੀਆ ਨੂੰ ਲਾਰਡ ਮਾਊਂਟਬੇਟਨ ਨੇ 3 ਜੂਨ 1947 ਨੂੰ ਦੇਸ਼ ਨੂੰ ਦੋ ਭਾਗਾਂ 'ਚ ਵੰਡਣ ਦੀ ਤਜ਼ਵੀਜ ਅਨਾਊਂਸ ਕਰ ਦਿੱਤੀ। ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਤਜ਼ਵੀਜ਼ ਨੂੰ, ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ, ਦੇਸ਼ ਨੂੰ ਦੋ ਹਿੱਸਿਆਂ 'ਚ ਵੰਡ ਕੇ ਕਮਜੋਰ ਕਰਨ ਦਾ ਕੰਮ ਕਰ ਗਏ ,ਜਿਸ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜਿਆਦਾ ਭੁਗਤਣਾ ਪਿਆ। ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ ਜੋ ਸ਼ਬਦਾਂ 'ਚ ਬਿਆਨ ਕਰਨਾ ਸੰਭਵ ਨਹੀਂ। ਇਨ੍ਹਾਂ ਦਿਨਾਂ ਵਿੱਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ, ਹੱਸਦੇ ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ, ਕਈ ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ਤੇ ਆ ਕੇ ਵਸੇ। ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ਤੇ ਇੱਕਠੇ ਨਹੀਂ ਹੋ ਸਕੇ ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ, ਨੇ ਹੱਸਦੇ ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ ਜੋ ਕਿ ਬੜਾ ਹੀ ਕਠਿਨ ਸੀ, ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ। ਜ਼ਮੀਨਾਂ, ਘਰ, ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ 'ਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ ।ਰੇਲ ਗੱਡੀਆਂ ਵਿੱਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ। ਧੀਆਂ, ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ, ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਆਪ ਹੀ ਇਸ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ ਪਹਿਲਾਂ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ। ਕਈਆਂ ਨੇ ਖੂਹਾਂ, ਨਹਿਰਾਂ ਆਦਿ 'ਚ ਛਾਲਾਂ ਮਾਰ ਕੇ ਆਪ ਹੀ ਮੌਤ ਨੂੰ ਗਲੇ ਲਾਇਆ ।ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਨਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ



ਰਹੀ ਹੈ। ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ, ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ ਦੇਸ਼ ਦੀ ਵੰਡ ਦਾ ਫੈਸ਼ਲਾ ਮਾਰਚ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ। ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿੱਚ ਬਚ ਗਏ ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ ਉਹ ਤਾਂ ਉਹੀ ਹੀ ਜਾਣਦੇ ਹਨ। ਬਹੁਤੇ ਇਸ ਸਮੇਂ ਇਸ ਦੁਨੀਆ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ। ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ 'ਚ ਪ੍ਰਗਟ ਕੀਤਾ ਹੈ ।ਔਰਤਾਂ ਨੂੰ ਜਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ, ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ/ਨਿਕਾਹ ਕਰਵਾ ਲਏ। ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ 'ਚ ਆ ਗਈ ਸੀ। ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿੱਚ ਵਾਹਵਾ ਸੀ, ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ 'ਚ ਸ਼ਰਨ ਦੇ ਕੇ ਰੱਖਿਆ ਕੀਤੀ। ਭਾਵੇਂ ਇਹ ਘਿਨਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ 'ਚ ਜਾ ਕੇ ਸਾਂਤ ਹੋਇਆ । ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ 'ਤੇ ਕਾਬਜ਼ ਹੋਣ ਦੀ ਤਾਕ ਸੀ, ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ। ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ ਜਿਸ ਲਈ ਉਹ ਪੀੜ੍ਹਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ ।ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ 'ਚ ਸਰੀਕ ਹੁੰਦੇ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਿਫਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ।

ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 'ਚ ਦੁਆਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ਤੇ ਹੰਢਾਇਆ, ਜਿਸ 'ਚ ਉਨ੍ਹਾਂ ਦੇ ਘਰਾਂ ਨੂੰ ਕਾਰੋਬਾਰਾਂ ਨੂੰ ਅੱਗਾਂ ਲਾਕੇ, ਲੁੱਟ ਕੇ ਪ੍ਰਸਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ ਜਿੰਨ੍ਹਾਂ ਦੇ ਜਖਮ ਅਜੇ ਤੱਕ ਅੱਲ੍ਹੇ ਨੇ, ਸਰਕਾਰ ਨੇ ਉਨ੍ਹਾਂ ਪੀੜ੍ਹਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ। ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ। ਪਰ ਦੂਸਰੇ ਪਾਸੇ ਸ਼ਜਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ। ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ। ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦ ਭਾਵ ਦੇ ਮਦਦ ਕਰਨ ਦੀ ਪਰੰਪਰਾ ਜਾਰੀ ਰੱਖੀ ਹੋਈ ਹੈ। ਦੋਹਰੀ ਮਾਰ ਝੱਲਣ ਵਾਲੇ ਇਹ ਵਾਰ ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ। ਸਰਕਾਰ 15 ਅਗਸਤ 'ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱ.ਲ ਕਿਉਂ ਨਹੀਂ ਕਰਦੀ । ਇਨ੍ਹਾਂ ਪਰਿਵਾਰਾਂ ਦਾ ਸਨਮਾਨ ਇਸ ਦਿਨ ਸਰਕਾਰੀ ਪੱਧਰ ਉੱਪਰ ਹੋਣਾ ਚਾਹੀਦਾ ਹੈ ਅਤੇ ਹਮਦਰਦੀ ਪ੍ਰਗਟ ਕਰਨੀ ਚਾਹੀਦੀ ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਹਿਰਦੇ ਕੁਝ ਸਾਂਤ ਹੋ ਜਾਣ ਜਿਹੜੇ ਅਜੇ ਜਿਊਂਦੇ ਹਨ ।ਹੋਲੀ ਹੋਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ 'ਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ। ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ, ਸਰਕਾਰ ਨੂੰ ਇਸ ਵੱਲ ਧਿਆਨ ਦੇਂਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ। ਇੰਟਰਨੈਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ। ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ 'ਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ। ਬਾਰਡਰ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ਤੇ ਅਜੇ ਵੀ ਮੂਹਰਲੀ ਕਤਾਰ 'ਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ। ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ਼ ਮਿਲਣ ਕਾਰਨ ਹੋਣਾ ਚਾਹੀਦਾ ਸੀ ਉਹ ਨਹੀਂ ਮਿਲੇ, ਜਿਸ ਸਦਕਾ ਓਨਾ ਵਿਕਾਸ ਨਹੀਂ ਹੋਇਆ, ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਰਹੇ ਹਨ।

# ਔਰਤਾਂ ਦੀ ਸੁਰੱਖਿਆ ਅਤੇ ਵਧ ਰਹੀ ਔਰਤਾਂ ਵਿਰੁੱਧ ਹਿੰਸਾ



ਗੁਰਮੀਤ ਪਲਾਹੀ
91-98158-02070

ਦੁਨੀਆਂ ਭਰ ਵਿੱਚ ਔਰਤਾਂ ਨੂੰ ਦਿੱਤੇ ਹੱਕਾਂ 'ਚ ਲਗਭਗ ਸਮਾਨਤਾ ਹੈ। ਬਹੁਗਿਣਤੀ ਦੇਸ਼ਾਂ ਵਿੱਚ ਔਰਤਾਂ ਨੂੰ ਗੁਲਾਮੀ ਅਤੇ ਹਿੰਸਾ ਮੁਕਤੀ, ਸਿੱਖਿਆ, ਮਰਦਾਂ ਬਰੋਬਰ ਤਨਖ਼ਾਹ, ਮਾਲਕੀ ਦੇ ਹੱਕ, ਆਜ਼ਾਦੀ ਨਾਲ ਖਿਆਲ ਪ੍ਰਗਟ ਕਰਨ ਅਤੇ ਵੋਟ ਜਿਹੇ ਹੱਕ ਪ੍ਰਾਪਤ ਹਨ। ਭਾਰਤ ਵਿੱਚ ਵੀ ਔਰਤ ਨੂੰ ਸੰਵਿਧਾਨ ਦੀ ਧਾਰਾ 14 ਅਧੀਨ ਬਰਾਬਰੀ, ਧਾਰਾ 15 (1) ਅਧੀਨ ਵਿਤਕਰੇ ਵਿਰੁੱਧ, ਧਾਰਾ 16 ਅਧੀਨ ਬਰਾਬਰ ਦੇ ਮੌਕੇ ਅਤੇ ਆਰਟੀਕਲ 39 (ਡੀ) ਅਤੇ ਧਾਰਾ 42 ਅਧੀਨ ਮਰਦਾਂ ਬਰਾਬਰ ਤਨਖ਼ਾਹ ਜਿਹੇ ਅਧਿਕਾਰ ਹਨ।

ਐਡੇ ਵੱਡੇ ਅਧਿਕਾਰ ਸੰਵਿਧਾਨ ਵਿੱਚ ਲਿਖੇ ਹੋਣ ਦੇ ਬਾਵਜੂਦ ਵੀ ਭਾਰਤ ਦੀਆਂ ਲਗਭਗ 70 ਫੀਸਦੀ ਔਰਤਾਂ, ਬੀਬੀਆਂ, ਘਰੇਲੂ ਹਿੰਸਾ ਦੀ ਮਾਰ ਹੇਠ ਹਨ ਜਾਂ ਸ਼ਿਕਾਰ ਹਨ। ਜਿਸ ਨਾਲ ਉਹ ਡਿਪਰੇਸ਼ਨ (ਮਾਨਸਿਕ ਤਣਾਅ) ਅਤੇ ਆਤਮ ਹਤਿਆ ਵੱਲ ਵਧਦੀਆਂ ਹਨ। ਇਹ ਸਿੱਧੇ ਤੌਰ ਤੇ ਔਰਤਾਂ ਦਾ ਕਤਲ ਨਹੀਂ, ਪਰ ਸਵੈ-ਕਤਲ ਦਾ ਇੱਕ ਵੱਡਾ ਕਾਰਨ ਹੈ।

ਇਹੋ ਗੱਲ ਔਰਤਾਂ ਦੀ ਸਮਾਜ ਵਿੱਚ ਸੁਰੱਖਿਆ ਦੇ ਮਾਮਲੇ 'ਤੇ ਹੈ, ਜਿਥੇ ਘਰ ਵਿੱਚ ਅਤੇ ਘਰੋਂ ਬਾਹਰ ਨਿਕਲਦਿਆਂ, ਉਹ ਡਰ, ਅਸੁਰੱਖਿਆ ਨਾਲ ਸੜਕ 'ਤੇ, ਕੰਮ ਵਾਲੀਆਂ ਥਾਵਾਂ 'ਤੇ, ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਅਤੇ ਹੋਰ ਸਿੱਖਿਆ ਸੰਸਥਾਵਾਂ 'ਚ ਵਿਚਰਦੀਆਂ ਹਨ ਅਤੇ ਆਜ਼ਾਦ ਵਿਚਰਨ ਦੀ ਥਾਂ ਕਿਸੇ ਆਸਰੇ ਦੀ ਭਾਲ 'ਚ ਰਹਿੰਦੀਆਂ ਹਨ, ਅਤੇ ਕਈ ਹਲਾਤਾਂ 'ਚ ਇਹੋ "ਆਸਰੇ" ਉਹਨਾ ਦੀ ਅਸੁਰੱਖਿਆ ਅਤੇ ਤਬਾਹੀ ਦਾ ਕਾਰਨ ਬਣ ਜਾਂਦੇ ਹਨ।

ਕੀ ਘਰੋਂ ਦੁਕਾਨ 'ਤੇ ਇਕੱਲੀ ਨਿਕਲੀ ਔਰਤ ਲੜਕੀ, ਖਰੀਦਦਾਰੀ ਕਰਨ ਵੇਲੇ ਸੁਰੱਖਿਅਤ ਹੈ? ਕੀ ਕਦੇ ਰਾਤ -ਬਰਾਤੇ ਉਸ ਨੂੰ ਇਕੱਲਿਆ ਸਫ਼ਰ ਕਰਨਾ ਪੈ ਜਾਵੇ ਤਾਂ ਉਹ ਸੁਰੱਖਿਅਤ ਹੈ? ਕੀ ਘਰ ਵਿੱਚ ਲੜਕੀ ਇਕੱਲੀ ਸੁਰੱਖਿਅਤ ਹੈ, ਭਾਵੇਂ ਉਹਦੇ ਆਲੇ-ਦੁਆਲੇ ਭਰਵੀਂ ਅਬਾਦੀ ਹੋਵੇ, ਆਪਣੇ ਰਿਸ਼ਤੇਦਾਰ ਹੋਣ। ਇਹੋ ਜਿਹੇ ਭਰਵੇਂ ਮਾਹੌਲ ਵਿੱਚ ਵੀ ਲੜਕੀ ਅਸੁਰੱਖਿਅਤ ਹੋ ਜਾਂਦੀ ਹੈ। ਕੀ ਬਸ, ਗੱਡੀ 'ਚ ਸਫ਼ਰ ਵੇਲੇ ਉਹ ਸੁਰੱਖਿਅਤ ਹੈ?

ਅਸਲ ਵਿੱਚ ਭਾਰਤ ਵਿੱਚ ਘਰ ਤੋਂ ਲੈ ਕੇ ਦਫ਼ਤਰ ਤੱਕ, ਪਬਲਿਕ ਥਾਵਾਂ ਉਤੇ, ਬੇਗਾਨਿਆਂ ਅਤੇ ਆਪਣਿਆਂ ਵਿੱਚ ਵੀ ਕਈ ਵੇਰ ਔਰਤ, ਲੜਕੀ ਸੁਰੱਖਿਅਤ ਨਹੀਂ। ਡਰ ਅਤੇ ਅਸੁਰੱਖਿਆ ਦੀ ਇਹ ਭਾਵਨਾ ਔਰਤ ਦੀ ਨਿੱਜੀ ਮਾਨਸਿਕ ਕਮਜ਼ੋਰੀ ਦਾ ਕਾਰਨ ਬਣਦੀ ਹੈ ਅਤੇ ਸਮਾਜ 'ਚ ਕਈ ਹਾਲਤਾਂ ਵਿੱਚ ਉਹਦੀ ਹੋਂਦ ਖੇਰੂ-ਖੇਰੂ ਹੁੰਦੀ ਜਾਪਦੀ ਹੈ।

ਭਾਰਤ 'ਚ ਔਰਤਾਂ ਵਿਰੁੱਧ ਪੰਜ ਅਪਰਾਧ, ਇੰਡੀਅਨ ਪੀਨਲ ਕੋਡ 'ਚ ਦਰਜ ਹਨ, ਜਿਹਨਾ 'ਚ ਬਲਾਤਕਾਰ ਸਭ ਤੋਂ ਵੱਡਾ ਹੈ। ਅਗਵਾ, ਦਾਜ ਪ੍ਰਤੀ ਜਬਰਦਸਤੀ, ਘਰੇਲੂ ਹਿੰਸਾ ਅਤੇ ਤਸ਼ੱਦਦ ਆਦਿ ਹੋਰ ਅਪਰਾਧ ਹਨ। ਇਹ ਅਪਰਾਧ ਵਧਦੇ ਜਾ ਰਹੇ ਹਨ ਅਤੇ ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ। ਇਸਦਾ ਮੁੱਖ ਕਾਰਨ ਔਰਤਾਂ ਦੀ ਸੁਰੱਖਿਆ ਲਈ ਬਣੇ ਹੋਏ ਕਾਨੂੰਨ ਲਾਗੂ ਨਾ ਕਰਨਾ ਵੀ ਹੈ।

ਦਾਜ ਦਹੇਜ ਵਿਰੁੱਧ ਕਾਨੂੰਨ ਬਣੇ ਹੋਏ ਹਨ ਪਰ ਉਹ ਕਿੰਨੇ ਕੁ ਲਾਗੂ ਹੋ ਰਹੇ ਹਨ? ਬਲਾਤਕਾਰੀਆਂ ਨੂੰ ਕਿੰਨੀਆਂ ਕੁ ਸਜ਼ਾਵਾਂ ਹੋ ਰਹੀਆਂ ਹਨ? ਘਰੇਲੂ ਹਿੰਸਾ ਵਿਰੁੱਧ ਬਣੇ ਕਾਨੂੰਨ ਕਿਥੇ ਤੇ ਕਦੋਂ ਲਾਗੂ ਹੁੰਦੇ ਹਨ? ਭਾਰਤੀ ਸਮਾਜ 'ਚ ਬਣਤਰ ਹੀ ਕੁਝ ਇਹੋ ਜਿਹੀ ਹੈ ਕਿ ਮਰਦ ਦਾ ਹੈਂਕੜਪੁਣਾ, ਰੰਘਰਊਪੁਣਾ ਅਤੇ ਸਮਾਜ ਵਿਚਲਾ ਔਰਤ ਵਿਰੋਧੀ ਵਰਤਾਰਾ ਔਰਤਾਂ ਨੂੰ ਜੀਣ-ਥੀਣ ਲਈ ਸੌਖਿਆ ਸਾਹ ਹੀ ਨਹੀਂ ਲੈਣ ਦੇ ਰਿਹਾ। ਉਹਨਾ ਲਈ ਨਿੱਤ ਨਵੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਇਹ ਸਭ ਕੁਝ ਔਰਤਾਂ ਵਿਰੁੱਧ ਅਪਰਾਧਾਂ 'ਚ ਲਗਾਤਾਰ ਵੱਡਾ ਵਾਧਾ ਕਰ ਰਿਹਾ ਹੈ, ਬਾਵਜੂਦ ਇਸ ਗੱਲ ਦੇ ਵੀ ਕਿ ਲੜਕੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਹਰ ਖੇਤਰ 'ਚ ਮੋਹਰੀ ਰੋਲ ਅਦਾ ਕਰਨ ਲੱਗੀਆਂ ਹਨ।

ਸਾਲ 2016 ਤੋਂ 2021 ਤੱਕ ਲਗਭਗ 22.8 ਲੱਖ ਔਰਤਾਂ ਵਿਰੁੱਧ ਅਪਰਾਧ ਭਾਰਤ ਵਿੱਚ ਸਰਕਾਰੀ ਰਿਕ-ਾਰਡ 'ਚ ਦਰਜ ਹਨ। ਇਹਨਾ ਵਿਚੋਂ 7 ਲੱਖ, ਧਾਰਾ 498 ਏ ਆਫ, ਆਈ ਪੀ ਸੀ ਅਧੀਨ ਹਨ। ਇਹ ਧਾਰਾ ਔਰਤ ਵਲੋਂ ਆਪਣੇ ਮਰਦ ਅਤੇ ਰਿਸ਼ਤੇਦਾਰਾਂ ਵਲੋਂ ਕੀਤੀ ਹਿੰਸਾ ਅਤੇ ਕੁੱਟਮਾਰ, ਨਫਰਤੀ ਵਰਤਾਰੇ ਸਬੰਧੀ ਹੈ।

ਰਾਸ਼ਟਰੀ ਕਰਾਈਮ ਰਿਕਾਰਡ ਬਿਓਰੋ ਅਨੁਸਾਰ 2021 ਵਿੱਚ ਦੇਸ਼ ਭਰ 'ਚ 6589 ਕੇਸ ਦਾਜ ਦਹੇਜ ਸਬੰਧੀ ਕਤਲ ਦੇ ਰਿਕਾਰਡ ਹੋਏ। ਨੈਸ਼ਨਲ ਕਮਿਸ਼ਨ ਫਾਰ ਵੂਮੈਨ ਅਨੁਸਾਰ 2021 ਨਾਲੋਂ 2022 'ਚ ਔਰਤਾਂ ਉਤੇ ਅਤਿਆਚਾਰ ਦੀਆਂ ਘਟਨਾਵਾਂ 'ਚ 30 ਫੀਸਦੀ ਵਾਧਾ ਦਰਜ ਕੀਤਾ ਗਿਆ।



ਨੈਸ਼ਨਲ ਕਰਾਈਮ ਰਿਕਾਰਡ ਬਿਓਰੋ ਅਨੁਸਾਰ ਔਰਤਾਂ ਉਤੇ ਅਤਿਆਚਾਰ ਹਿੰਸਾ ਆਦਿ ਦੇ 2021 ਵਿੱਚ 4,28,278 ਕੇਸ ਦਰਜ਼ ਹੋਏ ਜੋ 2020 ਨਾਲੋਂ 56,775 ਵਧ ਸਨ। ਇਹਨਾ ਵਿੱਚ ਔਰਤਾਂ ਨੂੰ ਅਗਵਾ ਕਰਨ ਅਤੇ ਬਲਾਤਕਾਰ ਦੇ ਕੇਸ 20.8 ਫੀਸਦੀ ਸਨ ਅਤੇ ਮਰਦਾਂ ਵਲੋਂ ਔਰਤਾਂ ਉਤੇ ਘਰੇਲੂ ਹਿੰਸਾ ਦੇ 31.8 ਫੀਸਦੀ ਘਰੇਲੂ ਹਿੰਸਾ ਅਤੇ ਔਰਤਾਂ ਵਿਰੁੱਧ ਅਪਰਾਧ ਵਿਸ਼ਵ ਵਿਆਪੀ ਹਨ।

ਔਰਤਾਂ ਵਿਰੁੱਧ ਅਪਰਾਧ, ਹਿੰਸਾ ਅਤੇ ਅਸੁਰੱਖਿਆ ਦੀ ਭਾਵਨਾ ਵਧਦੀ ਹੀ ਜਾ ਰਹੀ ਹੈ। ਭਾਰਤ ਸਹਿਤ ਦੱਖਣੀ ਏਸ਼ੀਆਂ ਦੇ ਤਿੰਨ ਮੁਲਕਾਂ ਵਿੱਚ 1,95,000 ਪੁਰਸ਼ਾਂ ਨਾਲ ਰਹਿਣ ਵਾਲੀਆਂ ਔਰਤਾਂ 'ਤੇ ਕੀਤੇ ਇੱਕ ਸਰਵੇਖਣ ਅਨੁਸਾਰ ਹਿੰਸਾ ਦੀਆਂ ਘਟਨਾਵਾਂ 'ਚ ਵਾਧਾ ਹੋ ਰਿਹਾ ਹੈ। ਇਸ ਸਰਵੇਖਣ 'ਚ ਘਰੇਲੂ ਹਿੰਸਾ 'ਚ ਵਾਧੇ ਦਾ ਇੱਕ ਕਾਰਨ ਵਾਤਾਵਰਨ ਵਿੱਚ ਵਧ ਰਿਹਾ ਤਾਪਮਾਨ ਹੈ। ਜਿਸ ਅਨੁਸਾਰ ਇਕ ਡਿਗਰੀ ਤਾਪਮਾਨ ਦੇ ਵਧਣ ਨਾਲ 4.5 ਫੀਸਦੀ ਹਿੰਸਾ 'ਚ ਵਾਧਾ ਹੁੰਦਾ ਹੈ। ਅਨੁਮਾਨ ਇਹ ਵੀ ਇਸ ਸਰਵੇਖਣ ਵਿੱਚ ਲਗਾਇਆ ਗਿਆ ਹੈ ਕਿ ਭਾਰਤ, ਨੇਪਾਲ, ਪਾਕਿਸਤਾਨ 'ਚ ਪਰਿਵਾਰ ਹਿੰਸਾ 'ਚ ਇਸ ਸਦੀ ਦੇ ਅੰਤ ਤੱਕ 21.5 ਫੀਸਦੀ ਵਾਧਾ ਹੋਏਗਾ ਅਤੇ ਇਸਦਾ ਸ਼ਿਕਾਰ ਮਹਿਲਾਵਾਂ ਹੋਣਗੀਆਂ। ਪਰਿਵਾਰਕ ਹਿੰਸਾ ਵਿੱਚ ਸਰੀਰਕ ਹਿੰਸਾ, ਭਾਵਨਾਤਮਕ ਹਿੰਸਾ, ਯੌਨ ਹਿੰਸਾ ਸ਼ਾਮਲ ਹੈ। ਸਰਵੇ ਮੁਤਾਬਕ ਭਾਰਤ ਅਤੇ ਨੇਪਾਲ ਦੇਸ਼ਾਂ ਦੇ ਮੁਕਾਬਲੇ 2 ਫੀਸਦੀ ਵਾਧਾ ਔਰਤਾਂ ਵਿਰੁੱਧ ਅਪਰਾਧ 'ਚ ਹੋਏਗਾ।

ਸਰਕਾਰਾਂ ਵਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਲੜਕੀਆਂ ਅਤੇ ਮਹਿਲਾਵਾਂ ਦੇ ਨਾਲ ਹੋ ਰਹੇ ਅਪਰਾਧ ਘਟ ਕੀਤੇ ਜਾਣਗੇ, ਪਰੰਤੂ ਹਾਲਾਤ ਇਹ ਹਨ ਕਿ ਹਰ ਦਿਨ ਕਈ-ਕਈ ਬੱਚੀਆਂ ਅਤੇ ਮਹਿਲਾਵਾਂ ਗਾਇਬ ਹੋ ਰਹੀਆਂ ਹਨ। ਔਰਤਾਂ ਨਾਲ ਗਲਤ ਵਿਵਹਾਰ, ਬਲਾਤਕਾਰ ਆਦਿ ਦੀਆਂ ਮਨੀਪੁਰ ਵਿੱਚ ਜਿਸ ਕਿਸਮ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਉਹ ਤਾਂ ਸ਼ਰਮਨਾਕ ਹਨ ਹੀ, ਪਰ ਦੇਸ਼ ਦੇ ਹੋਰ ਭਾਗਾਂ ਵਿੱਚ ਇਸ ਤੋਂ ਵੱਖਰੀ ਕਿਸਮ ਦੇ ਮਹਿਲਾਵਾਂ ਨਾਲ ਅਪਰਾਧ ਦਿਲ ਟੁੰਬਣ ਵਾਲੇ ਅਤੇ ਦਿਲ ਕੰਬਾਊ ਹਨ।

ਪਿਛਲੇ ਦਿਨੀ ਰਾਜ ਸਭਾ ਵਿੱਚ ਮਨਿਸਟਰ ਆਫ ਸਟੇਟ ਫਾਰ ਹੋਮ ਅਫੇਅਰ ਅਜੈ ਕੁਮਾਰ ਮਿਸ਼ਰਾ ਨੇ ਪੂਰੇ ਦੇਸ਼ ਵਿੱਚ ਗਾਇਬ ਲੜਕੀਆਂ ਅਤੇ ਔਰਤਾਂ ਸਬੰਧੀ ਇਹ ਰਿਪੋਰਟ ਸਦਨ ਵਿੱਚ ਰੱਖੀ ਹੈ। 2019 ਤੋਂ 2021 ਦੌਰਾਨ ਹੋਈਆਂ ਅਪਰਾਧਿਕ ਘਟਨਾਵਾਂ ਦੇ ਮਾਮਲੇ ਇਸ ਵਿੱਚ ਦਰਜ ਹਨ। ਦਿੱਲੀ, ਜੰਮੂ ਕਸ਼ਮੀਰ, ਚੰਡੀਗੜ੍ਹ ਵਿੱਚ ਗਾਇਬ ਔਰਤਾਂ ਦੇ ਕੇਸ ਸਭ ਤੋਂ ਵੱਧ ਹਨ। 2019 ਤੋਂ 2021 ਤੱਕ ਤਿੰਨ ਸਾਲਾਂ ਵਿੱਚ 18 ਸਾਲਾਂ ਤੋਂ ਘੱਟ ਉਮਰ ਦੀਆਂ 22,919 ਬੱਚੀਆਂ ਅਤੇ 18 ਸਾਲ ਤੋਂ ਜਿਆਦਾ ਉਮਰ ਦੀਆਂ 61,050 ਔਰਤਾਂ ਗਾਇਬ ਹੋਈਆਂ ਜਦਕਿ ਜੰਮੂ ਕਸ਼ਮੀਰ 'ਚ ਇਹ ਗਿਣਤੀ 18 ਸਾਲ ਤੋਂ ਘੱਟ ਲੜਕੀਆਂ ਦੀ 1,148 ਅਤੇ 18 ਸਾਲ ਤੋਂ ਵੱਧ ਦੀ 8,617 ਸੀ। ਚੰਡੀਗੜ੍ਹ 'ਚ ਗਾਇਬ ਹੋਣ ਵਾਲੀਆਂ 18 ਸਾਲ ਤੋਂ ਘੱਟ ਬੱਚੀਆਂ 921 ਸਨ ਅਤੇ ਜਦਕਿ 18 ਸਾਲ ਤੋਂ ਵਧ ਉਮਰ ਦੀਆਂ ਮਹਿਲਾਵਾਂ 3,669 ਸਨ। ਪੰਜਾਬ ਵਾਲੀ ਰਿਪੋਰਟ ਵੀ ਚਿੰਤਾਜਨਕ ਹੈ ਜਿਥੇ ਹਰ ਰੋਜ਼ 2019 ਤੋਂ 2021 ਦੌਰਾਨ 11 ਤੋਂ 15 ਔਰਤਾਂ ਗਾਇਬ ਹੋਈਆਂ ਭਾਵ 18,908 ਔਰਤਾਂ ਗਾਇਬ ਹੋਈਆਂ ਹਨ। ਰਿਪੋਰਟ ਵੇਖਣ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ ਦੇ ਰੂੜੀਵਾਦੀ ਸਮਾਜ ਵਿੱਚ ਮਹਿਲਾਵਾਂ ਨਾਲ ਨਾ ਬਰਾਬਰ ਦਾ ਸਲੂਕ ਹੁੰਦਾ ਹੈ ਅਤੇ ਨਾ ਹੀ ਉਹਨਾ ਨੂੰ ਬਣਦੇ ਹੱਕ ਦਿੱਤੇ ਜਾਂਦੇ ਹਨ।

ਘਰਾਂ ਵਿੱਚ ਮਹਿਲਾਵਾਂ ਉਤੇ ਕੁੱਟਮਾਰ ਦੀਆਂ ਘਟਨਾਵਾਂ ਆਮ ਵੇਖਣ ਨੂੰ ਮਿਲਦੀਆਂ ਹਨ ਅਤੇ ਉਹ ਮਰਦਾਂ ਦੀ ਰੰਘਰਊ ਸੋਚ ਦਾ ਸ਼ਿਕਾਰ ਹੁੰਦੀਆਂ ਹਨ।

ਮਹਿਲਾਵਾਂ ਦੇ ਦੇਹ ਵਪਾਰ ਦੀਆਂ ਘਟਨਾਵਾਂ ਸੁਰਖੀਆਂ 'ਚ ਰਹਿੰਦੀਆਂ ਹਨ। ਵੱਡੇ ਸ਼ਹਿਰਾਂ ਦੇ ਹੋਟਲਾਂ ਅਤੇ ਕੁਝ ਇੱਕ ਵਿਸ਼ੇਸ਼ ਥਾਵਾਂ ਉਤੇ ਉਹਨਾ ਦੀ ਦੇਹ ਵੇਚਣ ਦਾ ਧੰਦਾ ਸ਼ਰੇਆਮ ਹੁੰਦਾ ਹੈ। ਇਵੇਂ ਜਾਪਦਾ ਹੈ ਜਿਵੇਂ ਔਰਤਾਂ ਦੇ ਸਰੀਰ ਨੂੰ ਇੱਕ ਵਸਤੂ ਸਮਝ ਕੇ ਸਮਾਜ ਦੇ ਭੈੜੀ ਸੋਚ ਵਾਲੇ ਦਰਿੰਦੇ ਵਪਾਰ ਕਰਦੇ ਹਨ, ਕਾਲੀ ਕਮਾਈ ਕਰਦੇ ਹਨ। ਇਸੇ ਤਹਿਤ ਹੀ ਵੱਡੇ ਸ਼ਹਿਰਾਂ 'ਚ ਕੰਮ ਕਰਨ ਵਾਲੇ ਦੇਹ ਵਪਾਰੀ ਪਿੰਡਾਂ, ਛੋਟੇ ਸ਼ਹਿਰਾਂ 'ਚੋਂ ਬੱਚੀਆਂ ਨੂੰ ਵਰਗਲਾਕੇ ਲੈ ਜਾਂਦੇ ਹਨ ਅਤੇ ਇਹਨਾ ਸ਼ਹਿਰਾਂ 'ਚ ਚਲ ਰਹੇ "ਕੋਠਿਆਂ" 'ਚ ਉਹਨਾਂ ਨੂੰ ਵੇਚਦੇ ਹਨ।

ਦੇਸ਼ ਵਿੱਚ ਔਰਤਾਂ ਨਾਲ ਹੁੰਦੇ ਵਿਭਚਾਰ, ਬਲਾਤਕਾਰ, ਅਪਰਾਧਾਂ ਸਬੰਧੀ ਰਿਪੋਰਟ ਤਾਂ ਦਰਦਨਾਕ ਹੈ ਹੀ, ਪਰ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਉਤੇ ਉਹਨਾ ਨਾਲ ਹੋ ਰਹੇ ਦੁਪਰਿਆਰੇ ਸਲੂਕ ਅਤੇ ਅਪਰਾਧਾਂ ਦੀ ਰਿਪੋਰਟ ਬਹੁਤ ਸ਼ਰਮਨਾਕ ਹੈ।

ਔਰਤਾਂ, ਬੱਚੀਆਂ ਨੂੰ ਜਿਸ ਸਤਿਕਾਰ ਨਾਲ ਪੰਜਾਬ ਵਿੱਚ ਵੇਖਿਆ ਜਾਂਦਾ ਹੈ ਅਤੇ ਗੁਰੂ ਸਾਹਿਬਾਨ ਵਲੋਂ "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮੇ ਰਾਜਾਨ" ਦਾ ਫੁਰਮਾਨ ਹੈ, ਉਥੇ ਔਰਤਾਂ ਦੀ ਇਹ ਦਸ਼ਾ ਦਰਦਨਾਕ ਹੈ।

ਕੀ ਨਿੱਤ 15-18 ਮਹਿਲਾਵਾਂ ਦਾ ਪੰਜਾਬ 'ਚੋਂ ਗਾਇਬ ਹੋਣਾ ਸ਼ਰਮਨਾਕ ਨਹੀਂ? ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਜਿਥੇ ਲੋਕਾਂ ਤੋਂ ਵਧੇਰੇ ਨੈਤਿਕ ਕਦਰਾਂ ਕੀਮਤਾਂ ਦੀ ਤਵੱਜੋ ਕੀਤੀ ਜਾਂਦੀ ਹੈ, ਉਥੇ ਔਰਤਾਂ ਦੀ ਵੱਡੀ ਗਿਣਤੀ ਦਾ ਅਗਵਾ ਤੇ ਗਾਇਬ ਹੋਣਾ ਕੀ ਸਭਿਅਕ ਸ਼ਹਿਰ ਦੇ ਮੱਥੇ ਉਤੇ ਕਲੰਕ ਨਹੀਂ ਹੈ?

ਵੈਸੇ ਤਾ ਦੇਸ਼ ਭਾਰਤ ਸਭਿਆਕ ਹੋਣ ਦਾ ਦਾਅਵਾ ਕਰਦਾ ਹੈ, ਵਿਸ਼ਵ ਗੁਰੂ ਬਨਣ ਦੇ ਸੁਪਨੇ ਲੈਂਦਾ ਹੈ, ਪਰ ਭਾਰਤੀ ਸਮਾਜ ਵਿੱਚ ਛੂਆ- ਛੂਤ ਸਿਰੇ ਦੀ ਹੈ। ਅਛੂਤ ਸਮਝਕੇ ਕੁਝ ਮੰਦਰਾਂ 'ਚ ਉਹਨਾ ਦਾ ਦਾਖ਼ਲਾ ਨਹੀਂ ਹੋਣ ਦਿੱਤਾ ਜਾਂਦਾ। ਔਰਤਾਂ ਨੂੰ ਤਾਂ ਕੁਝ ਧਾਰਮਿਕ ਸਥਾਨਾਂ ਉਤੇ ਅੰਦਰ ਜਾਕੇ ਦਰਸ਼ਨ ਕਰਨ ਦੀ ਮਨਾਹੀ ਹੈ।

ਔਰਤ ਨੂੰ "ਪੈਰ ਦੀ ਜੁਤੀ" ਸਮਝਣ ਦਾ ਵਰਤਾਰਾ ਦੇਸ਼ ਦੇ ਕਈ ਭਾਗਾਂ 'ਚ ਹੈ। ਇਸ ਵਰਤਾਰੇ ਵਿਚੋਂ ਹੀ ਔਰਤਾਂ ਉਤੇ ਤਸ਼ੱਦਦ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਉਹਨਾ ਉਤੇ ਜ਼ੁਲਮ ਹੁੰਦੇ ਹਨ। ਵੈਸੇ ਵੀ ਧਰਮ ਦੇ ਨਾਮ ਉਤੇ, ਦੇਸ਼ਾਂ ਦੇ ਨਾਅ ਉਤੇ ਜਦੋਂ ਜੰਗਾਂ ਹੁੰਦੀਆਂ ਹਨ, ਨਫ਼ਰਤੀ ਅੱਗ ਫੈਲਦੀ ਹੈ, ਉਦੋਂ ਵੀ ਔਰਤਾਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਵਧ ਨਿਸ਼ਾਨਾ ਬਣਦੀਆਂ ਹਨ। ਉਹਨਾ ਉਤੇ ਹੁੰਦੇ ਜਾਂ ਕੀਤੇ ਜਾਂਦੇ ਜ਼ੁਲਮਾਂ ਦਾ ਚਿੱਠਾਂ ਐਡਾ ਵੱਡਾ ਹੈ ਕਿ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਰਹੀ ਔਰਤਾਂ ਅਤੇ ਲੜਕੀਆਂ ਦੀ ਸੁਰੱਖਿਆ ਦੀ ਗੱਲ, ਅੱਜ ਵੀ ਉਹ ਸੜਕਾਂ ਉਤੇ ਬੇਖੌਫ ਨਹੀਂ ਘੁੰਮ ਸਕਦੀਆਂ। ਕਾਲਜਾਂ, ਸਕੂਲਾਂ ਬਾਹਰ ਖੜ੍ਹੇ ਮਨਚਲੇ ਤੰਨਜ ਕੱਸਦੇ ਹਨ। ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਆਪਣੀਆਂ ਲੜਕੀਆਂ ਨੂੰ ਸੜਕਾਂ ਤੋਂ ਛੇੜਖਾਨੀਆਂ ਤੋਂ ਬਚਾਉਣ ਲਈ ਭਰਾਵਾਂ ਜਾਂ ਪਿਓ ਨੂੰ ਮੌਤ ਦੇ ਮੂੰਹ ਜਾਣਾ ਪਿਆ ਹੈ। ਇਸ ਕਿਸਮ ਦੀਆਂ ਵਾਪਰ ਰਹੀਆਂ ਘਟਨਾਵਾਂ ਸਾਡੇ ਲਾਅ ਐਂਡ ਆਰਡਰ ਦੀ ਸਥਿਤੀ ਉਤੇ ਸਵਾਲ ਚੁੱਕਦੀਆਂ ਹਨ।


ਸਰਕਾਰਾਂ ਨੂੰ ਔਰਤਾਂ ਦੀ ਸੁਰੱਖਿਆ ਪ੍ਰਤੀ ਵਧੇਰੇ ਚੇਤੰਨ ਹੋਣ ਦੀ ਲੋੜ ਹੈ ਤਾਂ ਕਿ ਉਹ ਬੇਝਿਜਕ ਹੋਕੇ ਸਮਾਜ 'ਚ ਵਿਚਰ ਸਕਣ।

## ਪੁਸਤਕ ਸਮੀਖਿਆ

**ਬਾਈਕਾਟ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਹਾਣੀਕਾਰ: ਰਾਜਿੰਦਰ ਸਿੰਘ ਢੱਡਾ**
**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ ਜਲੰਧਰ, ਪੰਨੇ: 136, ਮੁੱਲ: 200/-**

ਕਹਾਣੀਕਾਰ ਰਾਜਿੰਦਰ ਸਿੰਘ ਢੱਡਾ ਨੇ ਜਿਵੇਂ ਸਿੱਖਿਆ ਜਗਤ ਵਿਚ ਡੂੰਘੀਆਂ ਪੈੜਾਂ ਪਾਈਆਂ ਹਨ ਉਸੇ ਤਰ੍ਹਾਂ ਅਜਕਲ ਸਾਹਿਤ ਜਗਤ ਵਿਚ ਸਰਗਰਮ ਹਨ। ਤਿੜਕਦੇ ਅਹਿਸਾਸ, ਅਤੇ ਠੰਡੀ ਰਾਖ ਕਹਾਣੀ ਸੰਗ੍ਰਹਿ ਤੋਂ ਬਾਅਦ ਹੁਣ ਇਹ ਤੀਸਰਾ ਕਹਾਣੀ ਸੰਗ੍ਰਹਿ 'ਬਾਈਕਾਟ; ਪਾਠਕਾਂ ਦੇ ਹੱਥਾਂ ਵਿਚ ਪੁੱਜਾ ਹੈ। ਇਸ ਤੋਂ ਪਹਿਲਾਂ ਇਕ ਨਾਵਲ ਵਾਰਿਸ ਵੀ ਛਪ ਚੁੱਕਾ ਹੈ। ਉਹਨਾਂ ਦੀਆਂ ਕਹਾਣੀਆਂ ਅਖ਼ਬਾਰਾਂ ਰਸਾਲਿਆਂ ਵਿਚ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਉਹਨਾਂ ਦੀ ਸਿਰਜਣਾ ਦਾ ਮਨੋਰਥ ਇਕ ਨਰੋਏ ਸਮਾਜ ਦੀ ਸਿਰਜਣਾ ਕਰਨਾ ਹੈ। ਇਸ ਵਾਸਤੇ ਉਹ ਆਪਣੀ ਕਹਾਣੀ ਰਾਹੀਂ ਸਮਾਜ ਦੇ ਮਸਲਿਆਂ ਨੂੰ ਸਿਰਫ ਉਭਾਰਦੇ ਹੀ ਨਹੀਂ ਸਗੋਂ ਵਿਚਾਰਦੇ ਹੋਏ ਨਿਖਾਰਦੇ ਵੀ ਹਨ। ਉਹਨਾਂ ਕੋਲ ਕਹਾਣੀ ਨੂੰ ਘੜਨ ਦੀਆਂ ਨਿਵੇਕਲੀਆਂ ਜੁਗਤਾਂ ਹਨ ਜਿਨ੍ਹਾਂ ਦੇ ਇਸਤੇਮਾਲ ਨਾਲ ਕਹਾਣੀ ਨੂੰ ਪਾਠਕਾਂ ਦੇ ਦਿਲ ਦੀਆਂ ਤਹਿਆਂ ਤਕ ਲੈ ਜਾਂਦੇ ਹਨ। ਉਹ ਇਕ ਮਾਹਿਰ ਡਾਕਟਰ ਵਾਂਗ ਮਨੁੱਖੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦੇ ਚੰਗੇ ਮਨੁੱਖ ਦੀ ਪਹਿਚਾਣ ਕਰਦੇ ਹਨ।

'ਬਾਈਕਾਟ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਦਸ ਕਹਾਣੀਆਂ ਸਾਨੂੰ ਜੀਵਨ ਦੇ ਵੰਨ-ਸੁਵੰਨੇ ਪਹਿਲੂਆਂ ਬਾਰੇ ਜਾਗ੍ਰਤ ਕਰਦੀਆਂ ਹਨ। ਇਹਨਾਂ ਦੀ ਚੁਸਤ ਤੇ ਦਰੁਸਤ ਵਾਰਤਾਲਾਪ ਕਹਾਣੀ ਨੂੰ ਆਪਣੇ ਨਿਸ਼ਾਨੇ ਵੱਲ ਨੂੰ ਤੋਰਦੀ ਹੈ। ਕਹਾਣੀਆਂ ਦੇ ਨਾਟਕੀ ਤਤ ਪਾਠਕ ਅੰਦਰ ਅੱਗੇ ਤੋਂ ਹੋਰ ਅੱਗੇਰੇ ਪੜ੍ਹਨ ਦੀ ਜਗਿਆਸਾ ਪੈਦਾ ਕਰਦੇ ਹਨ। ਪਾਠਕ ਇਕ ਫਿਲਮ ਵਾਂਗ ਸਭ ਕੁੱਝ ਆਪਣੇ ਸਾਹਮਣੇ ਵਾਪਰਦਾ ਮਹਿਸੂਸ ਕਰਦਾ ਹੈ। ਕਹਾਣੀਕਾਰ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਕਥਾ ਰਸ ਨਾਲ ਇਹ ਕਹਾਣੀਆਂ ਲਬੋ ਲਬ ਭਰੀਆਂ ਹੋਈਆਂ ਹਨ। ਸਮਾਜ ਅਤੇ ਦੇਸ਼ ਦੀ ਹਾਲਤ ਨੂੰ ਬੜੀ ਮਹੀਨ ਨਜ਼ਰ ਨਾਲ ਦੇਖਿਆ ਤੇ ਫਿਰ ਆਪਣੀ ਕਲਾਤਮਿਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਮੁਹਾਵਰੇਦਾਰ ਬੋਲੀ ਹਰ ਕਿਸੇ ਨੂੰ ਭਾਉਂਦੀ ਹੈ। ਸਮਾਜ ਦੇ ਕਈ ਕੌੜੇ ਸੱਚ ਇਹਨਾਂ ਕਹਾਣੀਆਂ ਵਿਚ ਬਿਆਨੇ ਗਏ ਹਨ। ਪਹਿਲੀ ਕਹਾਣੀ ਵਿਚ ਇਕ ਵਿਦਿਆਰਥੀ ਆਪਣੀ ਅਧਿਆਪਕਾ ਦੇ ਜੀਵਨ ਸਾਥੀ ਨੂੰ ਗੁਰਦਾ ਦੇ ਕੇ ਕਮਾਲ ਦੀ ਉਦਾਹਰਣ ਪੇਸ਼ ਕਰਦਾ ਹੈ। ਨਸ਼ਿਆਂ ਨਾਲ ਉਜੜ ਰਹੇ ਘਰਾਂ ਦਾ ਹਾਲ ਵੀ ਦਰਸਾਇਆ ਗਿਆ ਹੈ। ਪਿਆਰ ਦੀ ਪਹਿਲੀ ਨਿਸ਼ਾਨੀ ਵਿਚ ਪੋਤਾ ਆਪਣੀ ਦਾਦੀ ਦੀ ਜਾਨ ਇਸ ਕਰਕੇ ਲੈ ਲੈਂਦਾ ਹੈ ਕਿ ਉਹ ਉਸਨੂੰ ਨਸ਼ਿਆਂ ਵਾਸਤੇ ਪੈਸੇ ਨਹੀਂ ਦਿੰਦੀ। ਜੋ ਰਿਸ਼ਤਿਆਂ ਵਿਚ ਆਏ ਨਿਘਾਰ ਅਤੇ ਨਸ਼ਿਆਂ ਕਾਰਨ ਬਰਬਾਦ ਹੋ ਰਹੇ ਘਰਾਂ ਦੀ ਇਹ ਇਕ ਮਹੱਤਵਪੂਰਨ ਉਦਾਹਰਨ ਹੈ। ਮਾਂ ਨੇ ਆਤਮ ਹੱਤਿਆ ਕਿਉਂ ਕੀਤੀ ਇਕ ਗੁੰਝਲਦਾਰ ਕਹਾਣੀ ਹੈ ਜਿਸ ਵਿਚ ਰਾਜ ਦੇ ਪਿਤਾ ਦੇ ਕੁਕਰਮ ਦੀ ਸਜਾ ਉਸਦੀ ਪੁੱਤਰੀ ਨੂੰ ਦਿੱਤੀ ਜਾਂਦੀ ਹੈ। ਪਰ ਉਸਦਾ ਜੀਵਨ ਸਾਥੀ ਹਰਸ਼ ਇਸ ਵਾਸਤੇ ਹਰਗਿਜ਼ ਤਿਆਰ ਨਹੀਂ ਹੁੰਦਾ। ਟਾਈਟਲ ਕਹਾਣੀ ਬਾਈਕਾਟ ਵਿਚ ਇਕ ਪੁਲੀਸ ਮੁਲਾਜ਼ਮ ਕੁਲਵੰਤ ਸਿੰਘ ਦੇ ਹੈਂਕੜ ਭਰੇ ਅਤੇ ਗਿਰੇ ਹੋਏ ਰਵਈਏ ਕਾਰਨ ਉਸਦਾ ਬਾਈਕਾਟ ਕੀਤਾ ਜਾਂਦਾ ਹੈ ਜੋ ਬਾਅਦ ਵਿਚ ਆਪਣੀ ਭੈਣ ਦੀ ਹੱਤਿਆ ਕਰਦਾ ਹੋਇਆ ਖੁਦ ਵੀ ਟਰੱਕ ਹੇਠ ਕੁਚਲਿਆ ਜਾਂਦਾ ਹੈ। ਨੋ ਐਂਟਰੀ ਕਹਾਣੀ ਵਿਚ ਮਾਂ ਕਹਿਣ ਵਾਲੇ ਨਿਰਮਲ ਸਿੰਘ ਦੇ ਨਾਮ ਉਹ ਅਜਨਬੀ ਔਰਤ ਸਾਰੀ ਜ਼ਮੀਨ ਜਾਇਦਾਦ ਲਿਖਕੇ ਤੀਰਥ ਯਾਤਰਾ ਤੇ ਚਲੀ ਜਾਂਦੀ ਹੈ।




ਅਹਿਸਾਸ ਨਾਮੀ ਕਹਾਣੀ ਵਿਚ ਸੁਪਰਡੈਂਟ ਸੋਹਣ ਲਾਲ ਆਪਣੇ ਸਾਥੀਆਂ ਦੀਆਂ ਚਾਲਾ ਦਾ ਸ਼ਿਕਾਰ ਹੋ ਕੇ ਆਪਣੇ ਘਰ ਨੂੰ ਹੀ ਨਰਕ ਬਣਾ ਲੈਂਦਾ ਹੈ। ਉਹ ਝਿੜਕਾਂ, ਕਹਾਣੀਕਾਰ ਦੇ ਸਵੈ ਜੀਵਨ ਨੂੰ ਬਿਆਨ ਕਰਦੀ ਕਹਾਣੀ ਹੈ ਜਿਸ ਵਿਚ ਅਧਿਆਪਕ ਦੀਆਂ ਝਿੜਕਾ ਵਿਦਿਆਰਥੀ ਦੇ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਬਸ਼ੀਰੇ ਦਾ ਪੋਤਾ ਰਾਹੀਂ ਭਾਰਤ ਪਾਕਿਸਤਾਨ ਦੇ ਵੰਡ ਦੇ ਦਰਦ ਨੂੰ ਬਸ਼ੀਰੇ ਦੇ ਪੋਤੇ ਨੇ ਆਪਣੇ ਪਿੰਡ ਪੁੱਜ ਕੇ ਬਿਆਨ ਕੀਤਾ ਹੈ। ਕਹਾਣੀਆਂ ਦੀ ਸਰਲਤਾ ਇਹਨਾਂ ਦਾ ਨੁਮਾਇਆ ਗੁਣ ਹੈ। ਰੌਚਕ ਢੰਗ ਨਾਲ ਕਹਾਣੀ ਸਿਰਜਣ ਦੀ ਕਲਾ ਕਹਾਣੀਕਾਰ ਕੋਲ ਮੌਜੂਦ ਹੈ। ਬਾਈਕਾਟ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਸਭ ਕਹਾਣੀਆਂ ਵਲੇਵੇਂ ਖਾਂਦੀਆਂ ਚਲਦੀਆਂ ਹਨ। ਕਈ ਥਾਈਂ ਤਾਂ ਕਹਾਣੀਕਾਰ ਅਤਕਥਨੀ ਵੀ ਕਰ ਦਿਖਾਈ ਹੈ। ਜਿਵੇਂ ਮਾਂ ਸ਼ਬਦ ਨਾਲ ਸੰਬੋਧਨ ਕਰਨ ਤੇ ਸਾਰੀ ਜ਼ਮੀਨ ਜਾਇਦਾਦ ਨਿਰਮਲ ਸਿੰਘ ਦੇ ਨਾਮ ਕਰ ਦੇਣੀ। ਦੂਜੇ ਬੰਨੇ ਕੁਲਵੰਤ ਸਿੰਘ ਦੀ ਲਾਸ਼ ਨੂੰ ਲਾਵਾਰਿਸ ਕਰਨਾ ਜਦਕਿ ਉਹ ਪੁਲੀਸ ਵਿਚ ਮੁਲਾਜ਼ਮ ਹੈ। ਇਸੇ ਤਰ੍ਹਾਂ ਕੁਝ ਥਾਵਾਂ ਤੇ ਕਹਾਣੀਕਾਰ ਨੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਲੋੜੋਂ ਵੱਧ ਕੀਤੀ ਹੈ ਜਦਕਿ ਸਾਡੇ ਕੋਲ ਪੰਜਾਬੀ ਦੇ ਸ਼ਬਦ ਮੌਜੂਦ ਹਨ। ਇਸ ਸਭ ਕਾਸੇ ਦੇ ਬਾਵਜੂਦ ਇਹ ਕਿਹਾ ਜਾਣਾ ਬਣਦਾ ਹੈ ਕਿ ਇਸ ਕਹਾਣੀ ਸੰਗ੍ਰਹਿ ਨਾਲ ਕਹਾਣੀਕਾਰ ਰਾਜਿੰਦਰ ਸਿੰਘ ਢੱਡਾ ਦਾ ਕਦ ਸਾਹਿਤਕ ਹਲਕਿਆਂ ਵਿਚ ਬੁਲੰਦ ਹੋਇਆ ਹੈ। ਜੇਕਰ ਇਸ ਸੰਗ੍ਰਹਿ ਦੀ ਇਕ ਨੰਬਰ ਕਹਾਣੀ ਚੁਣਨੀ ਹੋਵੇ ਤਾਂ ਉਹ 'ਚਾਹ ਦਾ ਕੱਪ' ਹੈ। ਜਿਸ ਵਿਚ ਅੰਤਰ ਜਾਤੀ ਪਿਆਰ, ਸੰਘਰਸ਼ ਅਤੇ ਹੱਕਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ।

# ਪੰਜਾਬ ਸਿਆਂ! ਤੇਰਾ ਕੋਈ ਨਾ ਬੇਲੀ



ਪ੍ਰਿੰਸੀਪਲ ਸਰਵਣ ਸਿੰਘ

ਜਸਵੰਤ ਸਿੰਘ ਕੰਵਲ ਕੂਕਦਾ ਇਸ ਦੁਨੀਆ ਤੋਂ ਚਲਾ ਗਿਆ, 'ਪੰਜਾਬ ਸਿਆਂ! ਤੇਰਾ ਕੋਈ ਨਾ ਬੇਲੀ।' ਉਸ ਨੇ ਪੰਜਾਬ ਨਾਲ ਹੁੰਦੇ ਵਿਤਕਰੇ ਬਾਰੇ ਕੇਂਦਰੀ ਹਾਕਮਾਂ ਨੂੰ ਬੇਅੰਤ ਚਿੱਠੀਆਂ ਲਿਖੀਆਂ, ਜੋ ਹੁਣ ਵੀ ਉਹਦੀਆਂ ਕਿਤਾਬਾਂ 'ਚੋਂ ਪੜ੍ਹੀਆਂ ਜਾ ਸਕਦੀਆਂ ਹਨ। ਤੀਹ ਕੁ ਸਾਲ ਪਹਿਲਾਂ ਮੈਂ ਵੀ ਇਕ ਲੇਖ ਲਿਖਿਆ ਸੀ, 'ਦੁੱਖ ਦਰਿਆਵਾਂ ਦੇ।' ਉਹਦਾ ਤੱਤਸਾਰ ਸੀ ਕਿ ਦਰਿਆਈ ਪਾਣੀ ਜੇ ਸੋਕੇ ਸਮੇਂ ਅੰਮ੍ਰਿਤ ਹੈ ਤਾਂ ਹੜ੍ਹ ਸਮੇਂ ਮੁਸੀਬਤ ਤੇ ਮੌਤ ਹੈ। ਤਦੇ ਰਿਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਸਮਝੇ ਜਾਂਦੇ ਹਨ, ਜਿਹੜੇ ਰਾਜ ਵਿਚ ਵਗਦੇ ਹੋਣ। ਇਹ ਅਨਿਆਂ ਹੈ ਕਿ ਰਿਪੇਰੀਅਨ ਰਾਜ ਹੜ੍ਹਾਂ ਦਾ ਦੁੱਖ ਤਾਂ ਭੋਗੀ ਜਾਵੇ ਪਰ ਆਪਣੇ ਦਰਿਆਈ ਪਾਣੀ ਕਿਸੇ ਹੋਰ ਰਾਜ ਨੂੰ ਮੁਫ਼ਤ ਦੇਈ ਜਾਵੇ। ਸਤਲੁਜ, ਬਿਆਸ, ਰਾਵੀ ਤੇ ਘੱਗਰ ਪੰਜਾਬ ਰਾਜ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਮੱਲੀ ਬੈਠੇ ਹਨ, ਜਿਸ ਦੀ ਕੀਮਤ ਦਾ ਕੋਈ ਲੇਖਾ ਨਹੀਂ। ਉੱਥੇ ਨਾ ਕੋਈ ਫ਼ਸਲ ਹੁੰਦੀ ਹੈ, ਨਾ ਘਰ ਪਾਇਆ ਜਾ ਸਕਦੈ ਤੇ ਨਾ ਰੁਜ਼ਗਾਰ ਲਈ ਕੋਈ ਕਾਰਖਾਨਾ ਲਾਇਆ ਜਾ ਸਕਦੈ। ਉਤੋਂ ਹੜ੍ਹਾਂ ਨਾਲ ਅਰਬਾਂ ਖਰਬਾਂ ਦਾ ਨੁਕਸਾਨ ਹੋ ਜਾਂਦੈ। ਇਸ ਨੁਕਸਾਨ ਦੀ ਪੂਰਤੀ ਤਦੇ ਹੋ ਸਕਦੀ ਹੈ, ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਵਾਲੇ ਨਾਨ ਰਿਪੇਰੀਅਨ ਰਾਜ ਹੜ੍ਹਾਂ ਦੇ ਨੁਕਸਾਨ ਦਾ ਵੀ ਹਿੱਸਾ ਵੰਡਾਉਣ ਜਾਂ ਦਰਿਆਵਾਂ ਦੇ ਪਾਣੀ ਵਰਤਣ ਦਾ ਬਾਜ਼ਾਰ ਅਨੁਸਾਰ ਮੁੱਲ ਤਾਰਨ। ਰਿਪੇਰੀਅਨ ਸਿਧਾਂਤ ਅਨੁਸਾਰ ਗੰਗਾਨਗਰ ਦਾ ਮਹਾਰਾਜਾ ਗੰਗ ਨਹਿਰ ਦੇ ਪਾਣੀ ਦਾ ਮੁੱਲ ਤਾਰਦਾ ਸੀ। ਇਹ ਕਿਧਰਲਾ ਨਿਆਂ ਹੈ ਕਿ ਰਾਜਸਥਾਨ ਆਪਣੀ ਮਿੱਟੀ ਯਾਨੀ ਪੱਥਰ ਤਾਂ ਪੰਜਾਬ ਨੂੰ ਮੁੱਲ ਵੇਚੇ ਪਰ ਪੰਜਾਬ ਦਾ ਦਰਿਆਈ ਪਾਣੀ ਮੁਫ਼ਤ ਵਰਤੇ। ਜੇ ਕੋਲੇ ਦੀਆਂ ਖਾਣਾਂ ਵਾਲਾ ਰਾਜ ਕੋਲਾ ਵੇਚਦਾ, ਤੇਲ ਦੇ ਖੂਹਾਂ ਵਾਲਾ ਤੇਲ, ਜੰਗਲ ਵਾਲਾ ਲੱਕੜ, ਧਾਤਾਂ ਵਾਲਾ ਧਾਤ ਤਾਂ ਜਿਹੜੇ ਰਾਜ ਦੀ ਜ਼ਮੀਨ ਘੇਰੀ/ਦੱਬੀ ਦਰਿਆ ਤੇ ਨਾਲੇ ਵਗਦੇ ਹੋਣ ਉਹ ਪਾਣੀ ਕਿਉਂ ਨਾ ਵੇਚਣ?

ਦਰਿਆਵਾਂ ਕਰਕੇ ਹੀ ਪੰਜਾਬ ਵਿਚ ਅਕਸਰ ਹੜ੍ਹ ਆਉਂਦੇ ਹਨ ਜੋ ਜਾਨ-ਮਾਲ ਦੀ ਤਬਾਹੀ ਕਰਦੇ ਹਨ। ਹੜ੍ਹ 'ਚ ਬੰਦੇ ਮਰਦੇ, ਪਸ਼ੂ ਰੁੜ੍ਹਦੇ, ਮਕਾਨ ਢਹਿੰਦੇ, ਸੜਕਾਂ ਟੁੱਟਦੀਆਂ, ਪੁਲ ਡਿਗਦੇ, ਸੇਮ ਹੁੰਦੀ, ਟਿਊਵੈੱਲ ਬਹਿੰਦੇ ਤੇ ਫ਼ਸਲਾਂ ਮਾਰੀਆਂ ਜਾਂਦੀਆਂ ਹਨ। ਹੜ੍ਹ ਦੇ ਪਾਣੀ ਨਾਲ ਲੱਗੀਆਂ ਲਾਗ ਦੀਆਂ ਬਿਮਾਰੀਆਂ ਵੱਖ ਲੈ ਬਹਿੰਦੀਆਂ ਹਨ। ਢਹੀਆਂ ਉਸਾਰੀਆਂ ਮੁੜ ਉਸਾਰਨੀਆਂ ਪੈਂਦੀਆਂ ਹਨ। ਜੇ ਦਰਿਆਈ ਪਾਣੀਆਂ ਦੀ ਕੀਮਤ ਵਸੂਲੀ ਗਈ ਹੋਵੇ ਤਾਂ ਕਿਸੇ ਹੱਦ ਤੱਕ ਘਾਟੇ ਪੂਰੇ ਕੀਤੇ ਜਾ ਸਕਦੇ ਹਨ। ਵਰਨਾ ਕਰਜ਼ਈ ਹੋਇਆ ਰਾਜ ਹੋਰ ਕਰਜ਼ਈ ਹੁੰਦਾ ਰਹਿੰਦਾ ਹੈ। ਕਿੱਡਾ ਅਨਿਆਂ ਹੈ ਕਿ ਸੋਕੇ ਵੇਲੇ ਤਾਂ ਪੰਜਾਬ ਤੋਂ ਪਾਣੀ ਖੋਹ ਲਿਆ ਜਾਂਦਾ ਹੈ ਪਰ ਬਾਰਿਸ਼ਾਂ ਤੇ ਹੜ੍ਹਾਂ ਵੇਲੇ ਆਖਿਆ ਜਾਂਦਾ ਹੈ ਆਪਣਾ ਪਾਣੀ ਆਪੇ ਸਾਂਭੋ ਤੇ ਸਾਡੇ ਵੱਲ ਆਉਂਦੀਆਂ ਨਹਿਰਾਂ ਦਾ ਪਾਣੀ ਬੰਦ ਕਰ ਦਿਓ। ਇਸੇ ਨੂੰ ਕਹਿੰਦੇ ਹਨ, ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!

ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਹੀ ਕੇਂਦਰੀ ਸਰਕਾਰਾਂ ਪੰਜਾਬ ਨਾਲ ਧਰੋਹ ਕਮਾਉਂਦੀਆਂ ਆ ਰਹੀਆਂ ਹਨ। ਪਹਿਲਾਂ ਪੰਜਾਬ ਨੂੰ ਪੰਜਾਬੀ ਬੋਲਦੇ ਪੂਰੇ ਇਲਾਕੇ ਨਾ ਦਿੱਤੇ, ਫਿਰ ਰਾਜਧਾਨੀ ਚੰਡੀਗੜ੍ਹ ਨੱਪ ਲਈ, ਭਾਖੜਾ ਡੈਮ ਦਾ ਪ੍ਰਬੰਧਕੀ ਅਧਿਕਾਰ ਵੀ ਖੋਹ ਲਿਆ, ਸੰਵਿਧਾਨ ਵਿਚ ਦਿੱਤੇ ਰਾਜ ਅਧਿਕਾਰ ਛਿੱਕੇ ਟੰਗ ਦਿੱਤੇ, ਟੈਕਸਾਂ ਦੇ ਅਧਿਕਾਰ ਦੀ ਕਾਣੀ ਵੰਡ ਕੀਤੀ, ਗੱਲ ਕੀ ਪੰਜਾਬ ਨੂੰ ਚੂੰਡਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਹੁਣ ਨਾ ਪੰਜਾਬ ਕੋਲ ਆਪਣੀ ਖੇਤੀਬਾੜੀ ਦੀਆਂ ਫ਼ਸਲਾਂ ਦੇ ਵਪਾਰ ਦਾ ਸੁਤੰਤਰ ਅਧਿਕਾਰ ਹੈ ਤੇ ਨਾ ਆਪਣੀ ਸਿੱਖਿਆ ਦੇਣ ਦਾ ਸੁਤੰਤਰ ਅਧਿਕਾਰ। ਹੋਰ ਤਾਂ ਹੋਰ ਪੰਜਾਬੀਆਂ ਦੇ ਆਪਣੇ ਸੱਭਿਆਚਾਰ ਦੀਆਂ ਰਹੁਰੀਤਾਂ ਦਾ ਅਧਿਕਾਰ ਵੀ ਕੇਂਦਰ ਸਰਕਾਰ ਹੜੱਪਣ ਨੂੰ ਫਿਰਦੀ ਹੈ।



ਪੰਜਾਬੀਆਂ ਨੂੰ ਤਾਂ ਅਜੇ ਤੱਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇ ਪਾਣੀਆਂ 'ਚ ਉਮਰਾਂ ਗਾਲ਼ੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।

ਪੱਛਮੀ ਪੰਜਾਬ ਵਿਚੋਂ ਪੰਜਾਹ ਲੱਖ ਹਿੰਦੂ ਸਿੱਖ ਵਸਦੇ ਰਸਦੇ ਘਰਾਂ 'ਚੋਂ ਉੱਜੜ ਕੇ ਮਰਦੇ ਖਪਦੇ ਤੇ ਅਸਮਤਾਂ ਲੁਟਾਉਂਦੇ ਹੋਏ ਭਾਰਤ ਵਿਚ ਆਏ ਸਨ। ਘੱਟੋ-ਘੱਟ ਦਸ ਲੱਖ ਪੰਜਾਬੀ ਅਨਿਆਈ ਮੌਤੇ ਮਾਰੇ ਗਏ। ਹਮਦਰਦੀ ਵਿਚ ਕੇਂਦਰੀ ਸਰਕਾਰਾਂ ਨੇ ਕੀ ਦਿੱਤਾ ਪੰਜਾਬੀਆਂ ਨੂੰ? ਉਲਟਾ ਲਾਹੌਰ, ਫਿਰ ਸ਼ਿਮਲੇ ਤੇ ਚੰਡੀਗੜ੍ਹ ਦੀ ਰਾਜਧਾਨੀ ਤੋਂ ਵੀ ਪੰਜਾਬੀਆਂ ਨੂੰ ਵਿਰਵੇ ਕਰ ਦਿੱਤਾ। ਇਕਰਾਰ ਸੀ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ। ਕਿੱਥੇ ਗਏ ਉਹ ਇਕਰਾਰ? ਉਲਟਾ ਹਰਿਆਣੇ ਨੂੰ ਚੰਡੀਗੜ੍ਹ 'ਚ ਇਕ ਹੋਰ ਵਿਧਾਨ ਸਭਾ ਉਸਾਰਨ ਲਈ ਦਸ ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਹ ਗੁੱਝੀ ਚਾਲ ਹੈ, ਜਿਸ ਨਾਲ ਨਾ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ ਅਤੇ ਨਾ ਕਦੇ ਪੰਜਾਬ ਨੂੰ ਚੰਡੀਗੜ੍ਹ ਦਿੱਤਾ ਜਾਵੇਗਾ। ਇਹ ਮਿਲਿਆ ਹੈ ਦੇਸ਼ ਦੀ ਆਜ਼ਾਦੀ ਤੇ ਰਾਖੀ ਕਰਨ ਲਈ ਪੰਜਾਬੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਨਾਮ!

ਪੰਜਾਬੀਆਂ ਨੇ 'ਆਜ਼ਾਦੀ' ਦੀ ਕੀਮਤ ਤਾਰਦਿਆਂ ਪੱਛਮੀ ਪੰਜਾਬ 'ਚ 67 ਲੱਖ ਏਕੜ ਜ਼ਮੀਨ ਛੱਡੀ ਸੀ, ਜਿਸ ਵਿਚ ਬਹੁਤੀ ਸੇਂਜੂ ਸੀ। ਉਹਦੇ ਬਦਲੇ ਪੂਰਬੀ ਪੰਜਾਬ 'ਚ 47 ਲੱਖ ਏਕੜ ਜ਼ਮੀਨ ਮਿਲੀ, ਜਿਸ ਵਿਚ ਬਹੁਤੀ ਬਰਾਨੀ ਸੀ। ਦੂਹਰਾ ਘਾਟਾ ਸੀ। ਜੋ ਵਣਜ ਵਪਾਰ, ਦੁਕਾਨਾਂ ਤੇ ਘਰ-ਬਾਰ ਓਧਰ ਛੱਡਿਆ, ਏਧਰ ਉਹਦਾ ਅੱਧਾ ਵੀ ਨਹੀਂ ਮਿਲਿਆ। ਪਰ ਪੰਜਾਬੀ ਫਿਰ ਵੀ ਆਪਣੀ ਹਿੰਮਤ ਤੇ ਮਿਹਨਤ ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਏ। ਮਤਰੇਈ ਮਾਂ ਵਾਲਾ ਸਲੂਕ ਕਰਨ ਵਾਲੀਆਂ ਕੇਂਦਰੀ ਸਰਕਾਰਾਂ ਨੇ ਕਦੇ ਵੀ ਪੰਜਾਬ ਲਈ ਖੁੱਲ੍ਹਦਿਲੀ ਤੇ ਦਿਆਲਤਾ ਨਹੀਂ ਵਿਖਾਈ। ਪਰ ਆਫਰੀਨ ਪੰਜਾਬੀਆਂ ਦੇ ਕਿ ਉੱਜੜ ਪੁੱਜੜ ਜਾਣ ਦੇ ਬਾਵਜੂਦ ਉਹ ਕਦੇ ਭਿਖਾਰੀ ਨਹੀਂ ਬਣੇ। ਵੈਸੇ ਕੇਂਦਰ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਕੇਂਦਰ ਕਦੇ ਗਿਣਾਵੇ ਤਾਂ ਸਹੀ ਕਿ ਉਸ ਨੇ ਪੰਜਾਬ ਨੂੰ ਕੀ ਦਿੱਤਾ ਹੈ? ਉਲਟਾ ਪੰਜਾਬੀ ਗਿਣਾ ਸਕਦੇ ਹਨ ਕਿ ਕਿਵੇਂ ਉਨ੍ਹਾਂ ਨੇ ਅਨਾਜ ਦੇ ਖੇਤਰ ਵਿਚ ਦੇਸ਼ ਨੂੰ ਸਵੈ-ਨਿਰਭਰ ਬਣਾਇਆ। ਸਰਹੱਦਾਂ ਦੀ ਰਾਖੀ ਕਰਦਿਆਂ ਬੇਅੰਤ ਲਹੂ ਡੋਲ੍ਹਿਆ ਤੇ ਸਭਨਾਂ ਤੋਂ ਵੱਧ ਸਿਰ ਦਿੱਤੇ।

ਪਤਾ ਨਹੀਂ ਅਜੇ ਪੰਜਾਬ ਨੇ ਕੇਂਦਰ ਦੇ ਹੋਰ ਕਿਹੜੇ-ਕਿਹੜੇ ਧੱਕੇ ਸਹਿਣੇ ਹਨ ਤੇ ਪੰਜਾਬ ਦਾ ਕੀ ਕੁਝ ਹੋਰ ਖੋਹਿਆ ਜਾਣਾ ਹੈ? ਅਜੋਕੇ ਹਾਲਾਤ ਵੇਖ ਲਓ। ਹਾਲਾਂਕਿ ਪੰਜਾਬ 'ਚ ਕੋਈ ਬਹੁਤੇ ਮੀਂਹ ਨਹੀਂ ਪਏ। ਪਰ ਪਹਾੜਾਂ 'ਤੇ ਹੋਈ ਭਾਰੀ ਬਾਰਿਸ਼ ਨੇ ਪੰਜਾਬ ਦੇ ਦਰਿਆਵਾਂ ਤੇ ਨਦੀਆਂ-ਨਾਲਿਆਂ ਰਾਹੀਂ ਅਜਿਹੀ ਤਬਾਹੀ ਲਿਆਂਦੀ, ਜੋ ਕਿਸੇ ਦੇ ਚਿੱਤ-ਚੇਤੇ ਨਹੀਂ ਸੀ। ਖੜ੍ਹੇ ਪੈਰ ਪੰਜਾਬ ਦਾ ਅਰਬਾਂ ਖਰਬਾਂ ਦਾ ਨੁਕਸਾਨ ਹੋ ਗਿਆ। ਕੀ ਕੇਂਦਰ ਸਰਕਾਰ ਖੁੱਲ੍ਹੇ ਦਿਲ ਨਾਲ ਪੰਜਾਬ ਦੀ ਆਰਥਿਕ ਮਦਦ ਕਰੇਗੀ ਤੇ ਵਿਸ਼ੇਸ਼ ਆਰਥਿਕ ਪੈਕਜ ਦੇਵੇਗੀ? ਕੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਬਿਨਾਂ ਦੇਰ ਕੀਤੇ ਮੋੜੇਗੀ? ਪੰਜਾਬੀ ਬੋਲਦੇ ਬਾਹਰ ਰੱਖ ਲਏ ਗਏ ਇਲਾਕੇ ਪੰਜਾਬ ਨੂੰ ਪਰਤਾਏਗੀ? ਪੰਜਾਬ ਦੇ ਸੰਵਿਧਾਨਕ ਅਧਿਕਾਰ ਬਹਾਲ ਕਰੇਗੀ? ਵੱਡੀ ਸਨਅਤ ਖ਼ਾਸ ਕਰ ਐਗਰੋ-ਇੰਡਸਟਰੀ ਸਥਾਪਿਤ ਕਰਨ ਵਿਚ ਸਹਾਇਤਾ ਕਰੇਗੀ? ਪੰਜਾਬ ਦਾ ਵਪਾਰ ਪੰਜਾਬ ਦੇ ਨਾਲ ਲਗਦੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸ਼ੁਰੂ ਕਰਨ ਦੀ ਹਰੀ ਝੰਡੀ ਦੇਵੇਗੀ? ਪੰਜਾਬ ਦੇ ਦਰਿਆਈ ਪਾਣੀ ਵਰਤਣ ਵਾਲੇ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਦੁਆਏਗੀ? ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ 'ਚ ਪੰਜਾਬ ਦੀ ਕਿੰਨੀ ਮਦਦ ਕਰੇਗੀ ਤੇ ਕਰਵਾਏਗੀ? ਸ਼ੁਕਰ ਹੈ ਪਾਕਿਸਤਾਨ ਨੇ ਹੜ੍ਹ ਦਾ ਪ੍ਰਕੋਪ ਮੱਠਾ ਕਰਨ ਲਈ ਸੁਲੇਮਾਨਕੀ ਹੈੱਡ ਵਰਕਸ ਦੇ ਸਾਰੇ ਗੇਟ ਖੋਲ੍ਹ ਕੇ ਪੂਰਬੀ ਪੰਜਾਬ ਦੇ ਅੱਧੇ ਮਾਲਵੇ ਨੂੰ ਡੁੱਬਣੋਂ ਤੇ ਰੁੜ੍ਹਨੋਂ ਬਚਾ ਲਿਆ। ਆਪਣੇ ਪਿੰਡਾਂ ਦਾ ਨੁਕਸਾਨ ਕਰਵਾ ਲਿਆ। ਪਰ ਏਧਰ ਕੇਂਦਰ ਦੇ ਕਾਰਕੁਨਾਂ ਨੂੰ ਅਜੇ ਚਾਲੀ ਪੰਜਾਹ ਫੁੱਟ ਊਣੇ ਭਾਖੜੇ ਡੈਮ ਦੇ ਗੇਟ ਖੋਲ੍ਹਣ ਦੀ ਕਾਹਲੀ ਪਈ ਹੋਈ ਸੀ ਤਾਂ ਕਿ ਪੰਜਾਬ ਦਾ ਕੋਈ ਵੀ ਪਿੰਡ ਡੁੱਬਣੋਂ ਨਾ ਬਚ ਜਾਏ!

ਮਾਮੂਲੀ ਗੱਲਾਂ 'ਤੇ ਆਪਸ ਵਿਚ ਖਹਿਬੜਦੇ ਸਿਆਸਤਦਾਨੋਂ, ਕੋਝੀਆਂ ਸਿਆਸਤਾਂ ਛੱਡ ਦਿਓ ਹੁਣ। ਪੰਜਾਬ ਦੇ ਹਰੇਕ ਵਾਸੀ, ਰਾਜਸੀ ਪਾਰਟੀਆਂ, ਬੁੱਧੀਮਾਨਾਂ, ਕਿਸਾਨਾਂ, ਮਜ਼ਦੂਰਾਂ, ਕਾਰੋਬਾਰੀਆਂ ਤੇ ਪੰਜਾਬ ਦੀਆਂ ਸਮੇਂ-ਸਮੇਂ ਬਣਦੀਆਂ ਪਾਰਟੀਆਂ ਦੇ ਲੀਡਰਾਂ ਸਮੇਤ ਸਭ ਦੇ ਜਾਗਣ ਦਾ ਵੇਲਾ ਹੈ। ਜਾਗੋ ਤੇ ਹੋਰ ਲੁੱਟੇ ਜਾਣ ਤੋਂ ਬਚੋ! ਅੱਖਾਂ ਖੋਲ੍ਹੋ ਤੇ ਵੇਖੋ ਕਿ ਕੌਣ ਤੁਹਾਡਾ ਦਰਦੀ ਹੈ ਤੇ ਕੌਣ ਬੇਦਰਦ? ਜਿਹੜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇ ਹਨ, ਪੰਜਾਬ ਦਾ ਲੱਖਾਂ ਕਰੋੜਾਂ ਟਨ ਅਨਾਜ ਤੇ ਹੋਰ ਫ਼ਸਲਾਂ ਭੋਂ ਦੇ ਭਾਅ ਲੁੱਟਦੇ ਹਨ, ਪਰ ਪੰਜ1ਾਬ ਸਿਰ ਪਈ ਬਿਪਤਾ ਸਮੇਂ ਅੱਖਾਂ ਫੇਰ ਲੈਂਦੇ ਹਨ, ਕੀ ਉਹ ਪੰਜਾਬ ਨੂੰ ਆਪਣੀ ਜ਼ਰਖਰੀਦ ਬਸਤੀ ਸਮਝਦੇ ਹਨ? ਹਾਲ ਦੀ ਘੜੀ ਤਾਂ ਹਕੀਕਤ ਇਹੋ ਹੈ ਕਿ ਕੇਂਦਰੀ ਹਾਕਮਾਂ ਨੂੰ ਪੰਜਾਬ ਨਾਲੋਂ ਦਿੱਲੀ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਹਿਤ ਵਧੇਰੇ ਪਿਆਰੇ ਹਨ। ਬਾਰਡਰ ਦੇ ਸਤਾਏ ਪੰਜਾਬ ਦਾ ਕੀ ਐ? ਰੁੜ੍ਹਦਾ ਪਿਆ ਹੈ ਤਾਂ ਰੁੜ੍ਹੀ ਜਾਵੇ, ਗਰਕਦਾ ਪਿਆ ਹੈ ਗਰਕੀ ਜਾਵੇ!

# ਅਫਸਰ ਵੀ ਉੱਤਮ, ਗਾਇਕ ਵੀ ਹਰਮਨ-ਪਿਆਰਾ ਏ-ਪੰਮਾ ਮੱਲ੍ਹੀ



ਪੰਜਾਬ ਦਾ ਵੇਲੇ ਦਾ ਮੁੱਖ ਮੰਤਰੀ ਓਹ ਵੀ ਕੈਪਟਨ ਅਮਰਿੰਦਰ ਸਿੰਘ ਜਿਸ ਕਲਾਕਾਰ ਦਾ ਸੰਗੀਤ ਟਰੈਕ ਜਾਰੀ ਕਰੇ ਤੇ ਖੁਦ ਪੰਜਾਬ ਸਰਕਾਰ, ਮੁੱਖ ਮੰਤਰੀ ਪੰਜਾਬ ਤੇ ਆਪਣੇ ਟਵਿੱਟਰ, ਫੇਸਬੁੱਕ ਤੇ ਸਾਂਝਾ ਕਰੇ ਤਾਂ ਇਹ ਆਸਕਰ ਐਵਾਰਡ ਜਿੰਨੀ ਖੁਸ਼ੀ ਸੀ ਗਾਇਕ ਪੰਮਾ ਮੱਲ੍ਹੀ ਲਈ ਜਿਹੜਾ ਇਸ ਵੇਲੇ ਇੰਸਪੈਕਟਰ ਪੰਜਾਬ ਪੁਲਿਸ ਏ ਤੇ ਗੁਰਲੇਜ਼ ਅਖ਼ਤਰ ਨਾਲ "ਸਲੂਟ" ਦੋਗਾਣਾ ਕਰਕੇ ਚਰਚਾ ਵਿਚ ਹੈ।

ਪੰਜਾਬੀ ਗਾਇਕੀ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਸੁਰ ਤਾਲ ਦੀ ਵਿਦਿਆ ਵਾਲੇ ਗਾਇਕ 20-20 ਸਾਲ ਤੱਕ ਰਾਜ ਕਰਦੇ ਹਨ। ਅੱਜ ਜਿਸ ਗਾਇਕ ਦੀ ਮੁਲਾਕਾਤ ਤੁਸਾਂ ਨਾਲ ਕਰਵਾ ਰਹੇ ਹਾਂ ਓਸ ਦੀ ਖੂਬੀ ਇਹ ਵੀ ਹੈ ਕਿ ਓਹ ਪੰਜਾਬ ਪੁਲਿਸ ਵਿੱਚ ਅਫਸਰ ਵੀ ਹੈ,ਡਿਊਟੀ ਦੇ ਨਾਲ ਗਾਇਕੀ ਨਿਭਾ ਰਿਹਾ ਹੈ। ਨਾਮ ਓਸ ਦਾ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਹੈ ਤੇ ਇਸ ਸਮੇਂ ਥਾਣਾ ਮਾਹਿਲਪੁਰ ਦਾ ਅਫਸਰ ਓਹ ਹੈ। ਤਾਜ਼ਾ ਗੀਤ "ਸਲੂਟ" ਆ ਕਿ ਕਾਮਯਾਬੀਆਂ ਦੀ ਕਤਾਰ ਵਿੱਚ ਸ਼ਾਮਿਲ ਹੈ। ਪੰਮਾ ਮੱਲ੍ਹੀ ਨਾਲ ਫੀਲਡ ਵਿੱਚ ਗੱਲ ਹੋਈ ਤਾਂ ਅਮਨ ਕਾਨੂੰਨ ਲਈ ਓਹ ਨਾਕੇ ਤੇ ਸੀ।ਗੱਲ ਚਲੀ ਕਿ ਪੁਲਿਸ ਦਾ ਕੰਮ ਬਹੁਤ ਏ ਸ਼ਾਂਤੀ ਦੇਖਣੀ, ਕਦੇ ਮੰਤਰੀ ਜੀ ਆ ਗਏ ਹੋਰ ਕੰਮ ਤੇ ਗੌਣ ਅਲੱਗ ਜਿਹਾ ਕੰਮ ਤਾਂ ਪੰਮਾ ਮੱਲ੍ਹੀ ਨੇ ਕਿਹਾ ਸਹੀ ਏ ਕਿ ਡੰਡਾ ਪੀਰ ਕੰਮ ਤੋ ਫਾਰਗ ਹੋ ਰਿਆਜ਼ ਹੁੰਦਾ ਹੈ ਤੇ ਕੰਮ ਦੋਵੇਂ ਵੱਖਰੇ ਪਰ ਤਾਲਮੇਲ ਆਪ ਬੈਠਾਉਣਾ ਪੈਂਦਾ ਹੈ। ਪੰਮਾ ਨੇ ਸਾਨੂੰ ਦੱਸਿਆ ਕਿ ਗੁਰਦਾਸਪੁਰ ਨਾਲ ਓਹ ਸੰਬੰਧਿਤ ਹੈ ਤੇ "ਗੇੜੀਆਂ "ਐਲਬਮ ਬਾਅਦ "ਮੋਰਨੀ "ਐਲਬਮ ਨੇ ਧਰੂਹ ਪਾ ਦਿੱਤੀ। ਇਥੋਂ ਹੀ ਪੰਮਾ ਮੱਲ੍ਹੀ ਸਟਾਰ ਗਾਇਕ ਬਣ ਗਿਆ। ਕਦੇ ਪ੍ਰੋਗਰਾਮ ਕਾਰਣ ਡਿਊਟੀ ਤੇ ਫਰਕ ਨਹੀਂ ਤਾਂ ਓਹ ਕਹਿਣ ਲੱਗਾ ਕਿ ਨਹੀਂ ਜਿਸ ਦਿਨ ਪ੍ਰੋਗਰਾਮ ਹੋਏ ਪਹਿਲਾਂ ਲਗਾਤਾਰ ਡਿਊਟੀ ਕਰ ਲਈਦੀ ਹੈ। ਪੰਜਾਬ ਪੁਲਿਸ ਦੇ ਅਫਸਰ ਸਾਹਿਬਾਨ ਦਾ ਧੰਨਵਾਦ ਓਹ ਬਹੁਤ ਸਹਿਯੋਗ ਦਿੰਦੇ ਹਨ। ਤਾਂ ਹੀ ਵਿਦੇਸ਼ ਵਿਖੇ ਵੀ ਓਸ ਨੇ ਸ਼ੋ ਦਿੱਤੇ ਹਨ। ਸਹਿ ਗਾਇਕਾਵਾਂ ਤਾਂ ਜਵਾਬ ਸੀ ਕਿ ਹਰਲੀਨ ਤੇ ਗੁਰਲੇਜ਼ ਨਾਲ ਗਾਇਆ ਹੈ। ਬਾਕੀ ਗਾਇਕ ਨੂੰ ਭੰਗੜਾ ਆਉਣਾ ਜਰੂਰੀ ਹੈ, ਸਟੇਜ ਤੇ ਗੱਲਾਂ ਕਰਨ ਦਾ ਵੱਲ ਜਰੂਰੀ ਹੈ। "ਕੈਸਟ "ਮੋਰਨੀ "ਦੀ ਕਾਮਯਾਬੀ ਨੇ ਵਿਦੇਸ਼ ਵੀ ਸ਼ੋ ਲੁਆਏ ਹਨ। ਹਾਂ ਫਿਲਮ ਗਾਇਕੀ ਦੀ ਰੀਝ ਹੈ।ਯਾਦਗਾਰੀ ਪਲ ਗਾਇਕੀ ਦੇ ਤਾਂ ਜਵਾਬ ਸੀ ਕਿ ਕਰੋਨਾ ਤੇ ਓਸ ਨੇ ਆਪਣਾ ਫਰਜ਼ ਸਮਝ ਗੀਤ ਗਾਇਆ, ਮਹਿਕਮੇ ਨੇ ਸਹਿਯੋਗ ਦਿੱਤਾ ਤੇ ਕੈਪਟਨ ਅਮਰਿੰਦਰ ਸਿੰਘ ਤਦ ਮੁੱਖ ਮੰਤਰੀ ਪੰਜਾਬ ਸਨ ਓਹਨਾਂ ਨੇ ਖੁਦ ਗਾਣਾ ਟਵੀਟ ਕੀਤਾ ਇਸ ਨੂੰ ਸ਼ੇਅਰ ਕੀਤਾ ਤੇ ਅਸ਼ੀਰਵਾਦ ਦਿੱਤਾ। ਭਗਵੰਤ ਸਰਕਾਰ ਕਲਾਕਾਰ ਅਫਸਰ ਦੀ ਇੱਜ਼ਤ ਕਰਦੀ ਸਰਕਾਰ ਹੈ ਤੇ ਮੌਜੂਦਾ ਡੀਜੀਪੀ ਗੌਰਵ ਯਾਦਵ ਬਹੁਤ ਪਿਆਰ ਕਲਾਕਾਰ ਨੂੰ ਕਰਦੇ ਹਨ। ਪੰਮਾ ਮੱਲ੍ਹੀ ਦੀ ਤਮੰਨਾ ਮਹਿਕਮੇ ਦੇ ਵਧ ਤੋ ਵਧ ਗੀਤ ਗਾਇਣ ਕਰਨ ਦੀ ਹੈ।ਨਾਲ ਹੀ ਡਿਊਟੀ ਸਮੇਂ ਆਪਣੇ ਇਲਾਕੇ ਨੂੰ ਅਮਨਪਸੰਦ ਇਲਾਕਾ ਬਣਾਈਂ ਰੱਖਣ ਦੀ ਹੈ। ਗਾਇਕ ਤੇ ਅਫਸਰ ਪੰਮਾ ਮੱਲ੍ਹੀ ਦੇ ਗੀਤ ,ਮਹਿਕਮੇ ਲਈ ਕੰਮ ਦੋਵਾਂ ਨੂੰ ਦੇਖ ਕਿਹਾ ਜਾ ਸਕਦਾ ਹੈ ਕਿ ਪੰਮਾ ਮੱਲ੍ਹੀ ਨੇ ਬਹੁਤ ਕੁਝ ਕੀਤਾ ਏ ਤੇ ਕਰਨਾ ਹੈ।




**- ਅੰਮ੍ਰਿਤ ਪਵਾਰ**

# ਭਾਰਤੀ ਵਿਦਿਆਰਥਣ ਕਤਲਕਾਂਡ ਦੇ ਦੋਸ਼ੀ ਨੂੰ ਹੋਈ 22 ਸਾਲ ਦੀ ਸਜ਼ਾ

**ਸਿਡਨੀ-** ਬੀਤੇ ਮਹੀਨੇ ਦੋਸ਼ੀ ਤਾਰਿਕਜੋਤ ਸਿੰਘ ਨੂੰ ਭਾਰਤੀ ਵਿਦਿਆਰਥਣ ਜੈਸਮੀਨ ਕੌਰ ਦੇ ਕਤਲ ਮਾਮਲੇ ਵਿਚ ਉਮਰਕੈਦ ਦੀ ਸਜ਼ਾ ਸੁਣਾਈ ਗਈ ਸੀ। ਹੁਣ ਅਦਾਲਤ ਨੇ ਦੱਖਣੀ ਆਸਟ੍ਰੇਲੀਆ ਦੇ ਫਲਿੰਡਰ ਰੇਂਜ ਵਿੱਚ ਆਪਣੀ ਸਾਬਕਾ ਪ੍ਰੇਮਿਕਾ ਜੈਸਮੀਨ ਕੌਰ ਨੂੰ ਅਗਵਾ ਕਰਨ ਅਤੇ ਜ਼ਿੰਦਾ ਦਫ਼ਨਾਉਣ ਦੇ ਦੋਸ਼ ਵਿੱਚ ਤਾਰਿਕਜੋਤ ਸਿੰਘ ਨੂੰ 22 ਸਾਲ ਅਤੇ 10 ਮਹੀਨਿਆਂ ਦੀ ਗੈਰ-ਪੈਰੋਲ ਮਿਆਦ ਦੇ ਨਾਲ ਆਪਣਾ ਅਪਰਾਧ ਸਵੀਕਾਰ ਕਰ ਲਿਆ।

ਮੰਗਲਵਾਰ ਨੂੰ ਸਿੰਘ ਨੂੰ ਲਾਜ਼ਮੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ 22 ਸਾਲ ਅਤੇ 10 ਮਹੀਨਿਆਂ ਬਾਅਦ ਪੈਰੋਲ ਲਈ ਯੋਗ ਹੋਵੇਗਾ। ਦੱਖਣੀ ਆਸਟ੍ਰੇਲੀਆ ਵਿੱਚ ਕਤਲ ਲਈ ਘੱਟੋ-ਘੱਟ ਗੈਰ-ਪੈਰੋਲ ਦੀ ਮਿਆਦ 20 ਸਾਲ ਹੈ। ਜਸਟਿਸ ਐਡਮ ਕਿੰਬਰ ਨੇ ਮੰਗਲਵਾਰ ਨੂੰ ਸਜ਼ਾ ਸੁਣਾਉਣ ਦੌਰਾਨ ਇਸ ਕਤਲ ਨੂੰ





ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਪੂਰੀ ਹੋਣ ਮਗਰੋਂ ਤਾਰਿਜੋਤ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਜੈਸਮੀਨ ਦੀ ਲਾਸ਼ ਬਾਅਦ ਵਿੱਚ ਫਲਿੰਡਰ ਰੇਂਜ ਵਿੱਚ ਇੱਕ ਖੋਖਲੀ ਕਬਰ ਵਿੱਚ ਕੇਬਲ ਟਾਈ ਅਤੇ ਗੈਫਰ ਟੇਪ ਨਾਲ ਬੰਨ੍ਹੀ ਪਾਈ ਗਈ ਸੀ।

ਨਰਸਿੰਗ ਦੀ ਵਿਦਿਆਰਥਣ ਜੈਸਮੀਨ ਕੌਰ ਭਾਰਤ ਤੋਂ ਪੰਜਾਬ ਦੇ ਪਿੰਡ ਨਰੈਣਗੜ੍ਹ ਨਾਲ ਸਬੰਧਤ ਸੀ। ਜੈਸਮੀਨ ਕੌਰ ਨੂੰ ਮਾਰਚ 2021 ਵਿੱਚ ਤਾਰਿਕਜੋਤ ਸਿੰਘ ਨੇ ਪਿੱਛਾ ਕਰਦਿਆਂ ਅਗਵਾ ਕਰਕੇ ਮਾਰ ਦਿੱਤਾ ਸੀ। ਫਿਰ ਉਸਨੂੰ 400 ਕਿਲੋਮੀਟਰ ਤੋਂ ਵੱਧ ਦੂਰ ਇੱਕ ਖੋਖਲੀ ਕਬਰ ਵਿੱਚ ਜ਼ਿੰਦਾ ਦਫ਼ਨਾਇਆ ਗਿਆ ਸੀ, ਜਿੱਥੋਂ ਉਸਨੂੰ ਆਖਰੀ ਵਾਰ ਐਡੀਲੇਡ ਵਿੱਚ ਕੰਮ ਤੋਂ ਪਰਤਦੇ ਦੇਖਿਆ ਗਿਆ ਸੀ। ਸਿੰਘ ਨੇ ਪਹਿਲਾਂ ਕਤਲ ਤੋਂ ਇਨਕਾਰ ਕੀਤਾ ਸੀ ਪਰ ਬਾਅਦ ਅਤਿਅੰਤ ਭਿਆਨਕ ਦੱਸਿਆ। ਜਸਟਿਸ ਨੇ ਕਿਹਾ ਕਿ ਸਿੰਘ ਨੇ ਜੈਸਮੀਨ ਕੌਰ ਦੁਆਰਾ ਉਸ ਦੇ ਪ੍ਰਸਤਾਵ ਨੂੰ ਠੁਕਰਾਉਣ ਮਗਰੋਂ ਸਜ਼ਾ ਦੇਣ ਦੀ ਇੱਛਾ ਨਾਲ ਬੇਰਹਿਮੀ ਨਾਲ ਕਤਲ ਕੀਤਾ ਸੀ। ਉਸ ਨੇ ਕਿਹਾ ਕਿ "ਮੈਨੂੰ ਇਹ ਬਿਆਨ ਕਰਨ ਲਈ ਸ਼ਬਦ ਨਹੀਂ ਲੱਭ ਰਹੇ ਕਿ ਜਦੋਂ ਤੁਸੀਂ ਉਸ ਨੂੰ ਕਬਰ ਵਿੱਚ ਰੱਖਿਆ ਅਤੇ ਦਫ਼ਨਾਇਆ ਤਾਂ ਕੌਰ ਨੂੰ ਕਿਵੇਂ ਮਹਿਸੂਸ ਹੋਇਆ ਹੋਵੇਗਾ। "ਮੈਂ ਉਸ ਦਹਿਸ਼ਤ ਦਾ ਵਰਣਨ ਨਹੀਂ ਕਰ ਸਕਦਾ ਜੋ ਕੌਰ ਨੇ ਅਨੁਭਵ ਕੀਤੀ ਹੋਵੇਗੀ ਜਦੋਂ ਉਸਨੂੰ ਅਹਿਸਾਸ ਹੋਇਆ ਕਿ ਤੁਸੀਂ ਉਸਨੂੰ ਜ਼ਿੰਦਾ ਦਫ਼ਨਾ ਰਹੇ ਹੋ।" ਜੁਲਾਈ ਵਿੱਚ ਸਜ਼ਾ ਸੁਣਾਉਣ ਦੌਰਾਨ ਅਦਾਲਤ ਨੇ ਸੁਣਿਆ ਕਿ ਸਿੰਘ ਨੇ ਕੁਝ ਘੰਟੇ ਪਹਿਲਾਂ ਬਨਿੰਗਸ ਤੋਂ ਦਸਤਾਨੇ, ਕੇਬਲ ਟਾਈ ਅਤੇ ਇੱਕ ਬੇਲਚਾ ਖਰੀਦਣ ਤੋਂ ਬਾਅਦ ਕੌਰ ਨੂੰ ਉਸਦੇ ਕੰਮ ਵਾਲੀ ਥਾਂ ਤੋਂ ਅਗਵਾ ਕਰ ਲਿਆ ਸੀ।

# ਜਾਤ-ਪਾਤ ਕੋਈ ਬੁਰੀ ਵਿਵਸਥਾ ਨਹੀਂ- ਐਮ. ਕੇ. ਗਾਂਧੀ

## ਸਵੈ-ਸਹਾਇਤਾ ਅਤੇ ਸਵੈ-ਮਾਣ ਵਿੱਚ ਵਿਸ਼ਵਾਸ



ਹਰਦੀਪ ਸਿੰਘ ਚੁੰਬਰ
91-94636-01616

1931 ਦਾ ਸਾਲ ਚੱਲ ਰਿਹਾ ਸੀ, ਇਸ ਸਮੇਂ ਗਾਂਧੀ ਭਾਰਤੀ ਰਾਜਨੀਤੀ ਦਾ ਬੌਸ, ਤਾਨਾਸ਼ਾਹ, ਬੇਤਾਜ ਬਾਦਸ਼ਾਹ ਬਣਿਆ ਹੋਇਆ ਸੀ, ਉਸ ਦੀਆਂ ਗਤੀਸ਼ੀਲ ਕਾਰਵਾਈਆਂ ਨੇ ਕਾਂਗਰਸ ਵਿੱਚ ਹੈਰਾਨੀ ਜਨਕ ਬਿਜਲੀ ਵਰਗੀ ਸ਼ਕਤੀ ਭਰ ਦਿੱਤੀ ਸੀ। ਗਾਂਧੀ ਦੀ ਗੱਲ ਨੂੰ ਮੋੜਨਾ ਜਾ ਉਸ ਨੂੰ ਜਵਾਬ ਦੇਣਾ ਹਮੇਸ਼ਾ ਲਈ ਬਹੁਤ ਵੱਡੀ ਨਾਰਾਜ਼ਗੀ ਮੁੱਲ ਲੈਣਾ ਸੀ।

ਡਾ. ਅੰਬੇਡਕਰ ਵੱਲੋਂ ਅਜਿਹਾ ਕਰਨਾ ਗਾਂਧੀ ਦੀ ਕਲਪਨਾ ਤੋਂ ਬਾਹਰ ਦੀ ਗੱਲ ਸੀ! ਉਸ ਦੀ ਗਾਂਧੀ ਨਾਲ ਮੁਲਾਕਾਤ ਹੋਈ ਗੱਲਬਾਤ ਤੋਂ ਗਾਂਧੀ ਦੀ ਭਾਰਤ ਦੇ ਅਛੂਤਾਂ ਨੂੰ ਹਮੇਸ਼ਾ ਗੁਲਾਮ ਬਣਾਕੇ ਰੱਖਣ ਦੀ ਨੀਤੀ ਅਤੇ ਨੀਯਤ ਤੋਂ ਪੜਦਾ ਹਟਾ ਦਿੱਤਾ ਸੀ। ਮੁਲਾਕਾਤ ਨੇ ਦੋਨਾਂ ਨੇਤਾਵਾਂ ਦੀਆਂ ਨੀਤੀਆਂ ਨੂੰ ਨੰਗਾ ਕੀਤਾ। ਇੰਟਰਵਿਊ ਨੇ ਗਾਂਧੀ ਅਤੇ ਅੰਬੇਡਕਰ ਵਿਚਕਾਰ ਜੰਗ ਦੀ ਸ਼ੁਰੂਆਤ ਕੀਤੀ।

ਗਾਂਧੀ ਨੇ , 6 ਅਗਸਤ 1931 ਨੂੰ ਡਾ. ਅੰਬੇਡਕਰ ਨੂੰ ਪੱਤਰ ਲਿਖਿਆ,

"ਡਾ. ਅੰਬੇਡਕਰ ਜੀ,

ਮੈਂ ਅੱਜ ਰਾਤ 8 ਵਜੇ ਤੁਹਾਨੂੰ ਮਿਲਣ ਆਵਾਂਗਾ। ਜੇ ਤੁਸੀਂ ਸਮਾਂ ਕੱਢ ਸਕਦੇ ਹੋ, ਜੇਕਰ ਤੁਹਾਡੇ ਆਉਣ ਵਿੱਚ ਅਸੁਵਿਧਾ ਹੋਵੇਗੀ, ਤਾਂ ਮੈਂ ਖੁਸ਼ੀ ਨਾਲ ਤੁਹਾਡੇ ਘਰ ਆਵਾਂਗਾ।

ਬੰਬਈ:

ਤੁਹਾਡਾ ਇਮਾਨਦਾਰੀ ਨਾਲ,

6-8-31. ਐਮ. ਕੇ. ਗਾਂਧੀ।"

ਡਾ. ਅੰਬੇਡਕਰ ਨੇ ਸੁਨੇਹਾ ਭੇਜਿਆ ਕਿ ਉਹਨਾਂ ਨੂੰ ਬੁਖ਼ਾਰ ਹੈ, ਉਹ ਬੁਖ਼ਾਰ ਉਤਰਨ ਤੋਂ ਬਾਅਦ ਮਿਲਣ ਆਉਣਗੇ। 106 ਬੁਖ਼ਾਰ ਸੀ। ਡਾ. ਅੰਬੇਡਕਰ 14 ਅਗਸਤ 1931 ਨੂੰ ਦੁਪਹਿਰ 2 ਵਜੇ ਮਨੀਭੁਵਨ ਵਿਖੇ ਗਾਂਧੀ ਨੂੰ ਮਿਲਣ ਗਏ।

ਹਾਲਾਂਕਿ, ਇੱਥੇ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਗਾਂਧੀ ਜੀ ਇਸ ਮੁਲਾਕਾਤ ਤੋਂ ਪਹਿਲਾਂ ਇਹ ਸੋਚਦੇ ਸਨ ਕਿ ਡਾ. ਅੰਬੇਡਕਰ ਅਛੂਤ ਨਹੀਂ ਸਨ। ਲੰਦਨ ਜਾਣ ਤੱਕ, ਉਸਨੇ ਸੋਚਿਆ ਕਿ ਉਹ ਇੱਕ ਬ੍ਰਾਹਮਣ ਹੈ ਜੋ ਹਰੀਜਨਾਂ ਵਿੱਚ ਡੂੰਘੀ ਦਿਲਚਸਪੀ ਰੱਖਦਾ ਸੀ ਅਤੇ ਇਸ ਲਈ ਖੁੱਲ੍ਹ ਕੇ ਬੋਲਦਾ ਸੀ।

14 ਅਗਸਤ ਨੂੰ ਹੋਈ ਮੁਲਾਕਾਤ ਨਿਰਾਸ਼ਾਜਨਕ ਮਾਹੌਲ ਵਿੱਚ ਸਮਾਪਤ ਹੋਈ ਸੀ। ਡਾ. ਅੰਬੇਡਕਰ ਨੇ ਇਸ ਮੁੱਦੇ ਨੂੰ ਆਪਣੀ ਪੂਰੀ ਤਾਕਤ ਨਾਲ ਲੜਨ ਅਤੇ ਆਪਣੇ ਦੱਬੇ-ਕੁਚਲੇ ਲੋਕਾਂ ਲਈ ਮਨੁੱਖੀ ਅਧਿਕਾਰ ਜਿੱਤਣ ਦੇ ਦ੍ਰਿੜ ਇਰਾਦੇ ਨਾਲ ਰੌਸ਼ਨ ਕਰਦੇ ਹੋਏ, ਹਾਲ ਤੋਂ ਬਾਹਰ ਚਲੇ ਗਏ ਸਨ। ਗਾਂਧੀ, ਡਾ. ਅੰਬੇਡਕਰ ਦੇ ਆਪਣੇ ਸਾਥੀਆਂ ਨਾਲ ਪਹੁੰਚਣ ਉੱਤੇ ਉਹਨਾਂ ਵੱਲ ਬੇਧਿਆਨੀ ਕਰਨ ਦਾ ਦਿਖਾਵਾ ਕੀਤਾ, ਕਿਸੇ ਹੋਰ ਨਾਲ ਗੱਲਾਂ ਵਿੱਚ ਲਗੇ ਰਹੇ, ਫੇਰ ਉਹਨਾ ਵੱਲ ਮੁੜਦੇ ਸਵਾਲ ਕੀਤਾ :

ਗਾਂਧੀ: ਅੱਛਾ, ਡਾਕਟਰ, ਤੁਸੀਂ ਕਿਸ ਮਾਮਲੇ ਵਿੱਚ ਗੱਲ ਕਰਨਾ ਚਾਹੁੰਦੇ ਹੋ?

ਅੰਬੇਡਕਰ: ਤੁਸੀਂ ਮੈਨੂੰ ਆਪਣੇ ਵਿਚਾਰ ਸੁਣਾਉਣ ਲਈ ਬੁਲਾਇਆ ਸੀ। ਕਿਰਪਾ ਕਰਕੇ ਮੈਨੂੰ ਦੱਸੋ ਕਿ ਤੁਹਾਡਾ ਕੀ ਕਹਿਣਾ ਹੈ। ਜਾਂ ਤੁਸੀਂ ਮੈਨੂੰ ਕੁਝ ਸਵਾਲ ਪੁੱਛ ਸਕਦੇ ਹੋ ਅਤੇ ਮੈਂ ਜਵਾਬ ਦਿਆਂਗਾ।

ਗਾਂਧੀ: (ਅੰਬੇਡਕਰ ਵੱਲ ਵੇਖਦੇ ਹੋਏ): ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਅਤੇ ਕਾਂਗਰਸ ਪ੍ਰਤੀ ਕੁਝ ਸ਼ਿਕਾਇਤਾਂ ਹਨ। ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਮੈਂ ਆਪਣੇ ਸਕੂਲ ਦੇ ਦਿਨਾਂ ਤੋਂ ਹੀ ਅਛੂਤਾਂ ਦੀ ਸਮੱਸਿਆ ਬਾਰੇ ਸੋਚਦਾ ਰਿਹਾ ਹਾਂ - ਜਦੋਂ ਤੂੰ ਜੰਮਿਆ ਵੀ ਨਹੀਂ ਸੀ। ਤੁਸੀਂ ਸ਼ਾਇਦ ਜਾਣਦੇ ਹੋਵੋਗੇ ਕਿ ਮੈਂ ਇਸ ਸਮੱਸਿਆ ਨੂੰ ਕਾਂਗਰਸ ਦੇ ਪ੍ਰੋਗਰਾਮ ਵਿਚ ਸ਼ਾਮਲ ਕਰਨ ਅਤੇ ਇਸ ਨੂੰ ਕਾਂਗਰਸ ਦੇ ਪਲੇਟਫਾਰਮ ਦਾ ਮੁੱਦਾ ਬਣਾਉਣ ਲਈ ਕਿੰਨੀ ਕੋਸ਼ਿਸ਼ ਕੀਤੀ। ਕਾਂਗਰਸੀ ਨੇਤਾਵਾਂ ਨੇ ਇਸ ਦਲੀਲ 'ਤੇ ਇਸ ਦਾ ਵਿਰੋਧ ਕੀਤਾ ਕਿ ਇਹ ਇਕ ਧਾਰਮਿਕ ਅਤੇ ਸਮਾਜਿਕ ਸਵਾਲ ਹੈ ਅਤੇ ਇਸ ਤਰ੍ਹਾਂ ਇਸ ਨੂੰ ਸਿਆਸਤ ਨਾਲ ਨਹੀਂ ਮਿਲਾਉਣਾ ਚਾਹੀਦਾ। ਇਹੋ ਹੀ ਸਭ ਕੁਝ ਨਹੀਂ ਹੈ। ਕਾਂਗਰਸ ਨੇ ਘੱਟੋ-ਘੱਟ ਵੀਹ ਲੱਖ ਰੁਪਏ ਅਛੂਤਾਂ ਦੇ ਉਥਾਨ 'ਤੇ ਖਰਚ ਕੀਤੇ ਹਨ। ਅਤੇ ਇਹ ਸੱਚਮੁੱਚ ਹੈਰਾਨੀ ਦੀ ਗੱਲ ਹੈ ਕਿ ਤੁਹਾਡੇ ਵਰਗੇ ਲੋਕ ਮੇਰਾ ਅਤੇ ਕਾਂਗਰਸ ਦਾ ਵਿਰੋਧ ਕਰਦੇ ਹਨ। ਜੇਕਰ ਤੁਹਾਡੇ ਕੋਲ ਆਪਣੇ ਸਟੈਂਡ ਨੂੰ ਸਹੀ ਠਹਿਰਾਉਣ ਲਈ ਕੁਝ ਕਹਿਣਾ ਹੈ, ਤਾਂ ਤੁਸੀਂ ਅਜਿਹਾ ਕਹਿਣ ਦੇ ਲਈ ਆਜ਼ਾਦ ਹੋ।

### ਵਿਚਾਰ ਅਤੇ ਤਰਕ ਕਮਜ਼ੋਰ ਹੋਣ 'ਤੇ ਵੱਡੀ ਉਮਰ ਹੋਣ ਦਾ ਸਹਾਰਾ

ਅੰਬੇਡਕਰ: ਇਹ ਸੱਚ ਹੈ, ਮਹਾਤਮਾ ਜੀ, ਤੁਸੀਂ ਮੇਰੇ ਜਨਮ ਤੋਂ ਪਹਿਲਾਂ ਹੀ ਅਛੂਤਾਂ ਦੀ ਸਮੱਸਿਆ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਸਾਰੇ ਬਜ਼ੁਰਗ ਅਤੇ ਵੱਡੀ ਉਮਰ ਦੇ ਲੋਕ ਹਮੇਸ਼ਾ ਉਮਰ ਦੀ ਗੱਲ 'ਤੇ ਜ਼ੋਰ ਦੇਣਾ ਪਸੰਦ ਕਰਦੇ ਹਨ। ਇਹ ਵੀ ਸੱਚ ਹੈ ਕਿ ਤੁਹਾਡੇ ਕਾਰਨ ਹੀ ਕਾਂਗਰਸ ਪਾਰਟੀ ਨੇ ਇਸ ਸਮੱਸਿਆ ਨੂੰ ਪਛਾਣਿਆ ਹੈ। ਪਰ ਤੁਹਾਨੂੰ ਸਾਫ਼ ਦੱਸ ਦੇਈਏ ਕਿ ਕਾਂਗਰਸ ਨੇ ਇਸ ਸਮੱਸਿਆ ਨੂੰ ਰਸਮੀ ਮਾਨਤਾ ਦੇਣ ਤੋਂ





ਇਲਾਵਾ ਕੁਝ ਨਹੀਂ ਕੀਤਾ। ਤੁਸੀਂ ਕਹਿੰਦੇ ਹੋ ਕਿ ਕਾਂਗਰਸ ਨੇ ਅਛੂਤਾਂ ਦੇ ਉਥਾਨ 'ਤੇ ਵੀਹ ਲੱਖ ਰੁਪਏ ਤੋਂ ਵੱਧ ਖਰਚ ਕੀਤੇ। ਮੈਂ ਕਹਿੰਦਾ ਹਾਂ ਕਿ ਇਹ ਸਭ ਵਿਅਰਥ ਸੀ।

ਇਸ ਤਰ੍ਹਾਂ ਦੇ ਸਹਿਯੋਗ ਨਾਲ, ਮੈਂ ਆਪਣੇ ਲੋਕਾਂ ਦੇ ਨਜ਼ਰੀਏ ਅਤੇ ਆਰਥਿਕ ਸਥਿਤੀਆਂ ਵਿੱਚ ਸ਼ਾਨਦਾਰ ਬਦਲਾਅ ਲਿਆ ਸਕਦਾ ਹਾਂ। ਅਤੇ ਉਸ ਸਥਿਤੀ ਵਿੱਚ ਤੁਹਾਡੇ ਲਈ ਬਹੁਤ ਪਹਿਲਾਂ ਮੈਨੂੰ ਮਿਲਣਾ ਜ਼ਰੂਰੀ ਸੀ, ਪਰ ਤੁਹਾਨੂੰ ਦੱਸ ਦੇਈਏ ਕਿ ਕਾਂਗਰਸ ਆਪਣੇ ਪੇਸ਼ੇ ਪ੍ਰਤੀ ਸੁਹਿਰਦ ਨਹੀਂ ਹੈ।

ਜੇਕਰ ਉਹ ਇਮਾਨਦਾਰ ਹੁੰਦੇ ਤਾਂ ਅਛੂਤਤਾ ਦੇ ਖਾਤਮੇ ਨੂੰ ਕਾਂਗਰਸ ਦੇ ਮੈਂਬਰ ਬਣਨ ਲਈ ਖੱਦਰ ਪਹਿਨਣ ਵਰਗੀ ਸ਼ਰਤ ਜ਼ਰੂਰ ਬਣਾ ਦਿੰਦੇ। ਕੋਈ ਵੀ ਵਿਅਕਤੀ ਜਿਸ ਨੇ ਆਪਣੇ ਘਰ ਵਿੱਚ ਅਛੂਤ ਔਰਤਾਂ ਜਾਂ ਮਰਦਾਂ ਨੂੰ ਨੌਕਰੀ ਨਹੀਂ ਦਿੱਤੀ, ਜਾਂ ਕਿਸੇ ਅਛੂਤ ਵਿਦਿਆਰਥੀ ਨੂੰ ਪਾਲਿਆ ਜਾਂ ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਕਿਸੇ ਅਛੂਤ ਵਿਦਿਆਰਥੀ ਨਾਲ ਘਰ ਵਿਚ ਖਾਣਾ ਨਹੀਂ ਖਾਧਾ, ਤਾਂ ਉਸ ਨੂੰ ਕਾਂਗਰਸ ਦਾ ਮੈਂਬਰ ਬਣਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਜੇਕਰ ਅਜਿਹਾ ਕੀਤਾ ਹੁੰਦਾ ਤਾਂ ਤੁਸੀਂ ਉਸ ਹਾਸੋਹੀਣੇ ਹਾਲਾਤਾਂ ਤੋਂ ਬਚ ਸਕਦੇ ਸੀ ਜਿਸ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਛੂਤਾਂ ਦੇ ਮੰਦਰ ਪ੍ਰਵੇਸ਼ ਦਾ ਵਿਰੋਧ ਕਰਦੇ ਨਜ਼ਰ ਆਏ ਸਨ!

ਤੁਸੀਂ ਕਹਿ ਸਕਦੇ ਹੋ ਕਿ ਕਾਂਗਰਸ ਸੱਤਾ ਚਾਹੁੰਦੀ ਸੀ ਅਤੇ ਇਸ ਲਈ ਅਜਿਹੀ ਸ਼ਰਤ ਲਗਾਉਣਾ ਬੇਸਮਝੀ ਵਾਲੀ ਗੱਲ ਸੀ। ਫਿਰ ਮੇਰੀ ਗੱਲ ਇਹ ਹੈ ਕਿ ਕਾਂਗਰਸ ਸਿਧਾਂਤਾਂ ਨਾਲੋਂ ਸੱਤਾ ਦੀ ਜ਼ਿਆਦਾ ਪਰਵਾਹ ਕਰਦੀ ਹੈ। 'ਤੁਹਾਡੇ' ਉੱਤੇ ਅਤੇ ਕਾਂਗਰਸ ਉੱਤੇ ਇਹ ਮੇਰਾ ਦੋਸ਼ ਹੈ।

ਤੁਸੀਂ ਕਹਿੰਦੇ ਹੋ ਕਿ ਬ੍ਰਿਟਿਸ਼ ਸਰਕਾਰ ਨੇ ਦਿਲ ਨਹੀਂ ਬਦਲਿਆ। ਮੈਂ ਇਹ ਵੀ ਕਹਿੰਦਾ ਹਾਂ ਕਿ ਹਿੰਦੂਆਂ ਨੇ ਸਾਡੀ ਸਮੱਸਿਆ ਨੂੰ ਲੈ ਕੇ ਕੋਈ ਦਿਲ ਨਹੀਂ ਬਦਲਿਆ, ਅਤੇ ਜਦੋਂ ਤੱਕ ਉਹ ਕਾਇਮ ਰਹਿਣਗੇ ਅਸੀਂ ਨਾ ਤਾਂ ਕਾਂਗਰਸ 'ਤੇ ਭਰੋਸਾ ਕਰਾਂਗੇ ਅਤੇ ਨਾ ਹੀ ਹਿੰਦੂਆਂ 'ਤੇ। ਅਸੀਂ ਸਵੈ-ਸਹਾਇਤਾ ਅਤੇ ਸਵੈ-ਮਾਣ ਵਿੱਚ ਵਿਸ਼ਵਾਸ ਕਰਦੇ ਹਾਂ। ਅਸੀਂ ਮਹਾਨ ਨੇਤਾਵਾਂ ਅਤੇ ਮਹਾਤਮਾਵਾਂ ਨੂੰ ਮੰਨਣ ਲਈ ਤਿਆਰ ਨਹੀਂ ਹਾਂ।

ਮੈਨੂੰ ਇਸ ਬਾਰੇ ਸਥਿਤੀ ਬਿਲਕੁਲ ਸਪੱਸ਼ਟ ਕਰ ਦੇਣ ਦਿਓ। ਇਤਿਹਾਸ ਦੱਸਦਾ ਹੈ ਕਿ ਮਹਾਤਮਾ ਭੂਤਾਂ ਦੇ ਮਿੱਟੀ ਦੀ ਧੂੜ ਉਡਾਉਣ ਵਾਂਗ ਕੇਵਲ ਸ਼ਬਦਾਂ ਦੀ ਧੂੜ ਉਡਾਉਂਦੇ ਰਹੇ ਹਨ, ਹਕੀਕਤ ਵਿੱਚ ਅਛੂਤਾਂ ਦੇ ਜੀਵਨ ਦੇ ਪੱਧਰ ਨੂੰ ਉੱਚਾ ਨਹੀਂ ਕਰਦੇ।

### ਸਾਡੇ ਨਾਲ ਕੁੱਤਿਆਂ ਅਤੇ ਬਿੱਲੀਆਂ ਤੋਂ ਵੀ ਭੈੜਾ ਸਲੂਕ

ਕਾਂਗਰਸੀਆਂ ਨੇ ਸਾਡੇ ਅੰਦੋਲਨ ਦਾ ਵਿਰੋਧ ਕਰਕੇ ਮੈਨੂੰ ਗੱਦਾਰ ਕਿਉਂ ਕਿਹਾ? ਡਾ. ਅੰਬੇਡਕਰ ਹੁਣ ਥੋੜੇ ਤੈਸ਼ ਵਿੱਚ ਆਏ, ਉਸ ਦਾ ਚਿਹਰਾ ਖਿੜ ਗਿਆ ਅਤੇ ਅੱਖਾਂ ਚਮਕ ਗਈਆਂ। ਉਹ ਇੱਕ ਪਲ ਲਈ ਰੁਕੇ ਅਤੇ ਫਿਰ ਕੌੜੇ, ਗੁੱਸੇ ਭਰੇ ਲਹਿਜੇ ਵਿੱਚ ਬੋਲਣਾ ਜਾਰੀ ਰਖਿਆ।

ਅੰਬੇਡਕਰ: ਗਾਂਧੀ ਜੀ, ਮੇਰੀ ਕੋਈ ਮਾਤ ਭੂਮੀ ਨਹੀਂ ਹੈ।

ਗਾਂਧੀ: (ਹੈਰਾਨ ਹੁੰਦੇ ਅਤੇ ਗੱਲ ਵਿੱਚ ਵਿਘਨ ਪਾਉਂਦੇ ਹੋਏ): ਤੁਹਾਨੂੰ ਇੱਕ ਮਾਤ ਭੂਮੀ ਮਿਲੀ ਹੈ, ਅਤੇ ਮੈਂ ਗੋਲਮੇਜ਼ ਕਾਨਫਰੰਸ ਵਿੱਚ ਤੁਹਾਡੇ ਕੰਮ ਦੀ ਰਿਪੋਰਟ ਤੋਂ ਜਾਣਦਾ ਹਾਂ ਜੋ ਮੇਰੇ ਤੱਕ ਪਹੁੰਚੀ ਹੈ ਕਿ ਤੁਸੀਂ ਇੱਕ ਸੱਚੇ ਦੇਸ਼ ਭਗਤ ਹੋ।

ਅੰਬੇਡਕਰ: ਤੁਸੀਂ ਕਹਿੰਦੇ ਹੋ ਕਿ ਮੈਨੂੰ ਆਪਣੀ ਮਾਤ ਭੂਮੀ ਮਿਲੀ ਹੋਈ ਹੈ, ਪਰ ਫਿਰ ਵੀ ਮੈਂ ਦੁਹਰਾਉਂਦਾ ਹਾਂ ਕਿ ਮੈਂ ਇਸ ਤੋਂ ਵਾਂਝਾ ਹਾਂ। ਮੈਂ ਇਸ ਧਰਤੀ ਨੂੰ ਆਪਣੀ ਮਾਤ ਭੂਮੀ ਅਤੇ ਇਸ ਧਰਮ ਨੂੰ ਆਪਣਾ ਕਿਵੇਂ ਕਹਿ ਸਕਦਾ ਹਾਂ ਜਿਸ ਵਿੱਚ ਸਾਡੇ ਨਾਲ ਕੁੱਤਿਆਂ ਅਤੇ ਬਿੱਲੀਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਹੈ, ਜਿੱਥੇ ਸਾਨੂੰ ਪੀਣ ਲਈ ਪਾਣੀ ਨਹੀਂ ਮਿਲਦਾ? ਕੋਈ ਵੀ ਸਵੈ-ਮਾਣ ਵਾਲਾ ਅਛੂਤ ਇਸ ਧਰਤੀ 'ਤੇ ਮਾਣ ਨਹੀਂ ਕਰੇਗਾ। ਇਸ ਧਰਤੀ ਨਾਲ ਸਾਡੇ ਨਾਲ ਹੋਈ ਬੇਇਨਸਾਫ਼ੀ ਅਤੇ ਤਕਲੀਫ਼ ਇੰਨੀ ਵੱਡੀ ਹੈ ਕਿ ਜੇਕਰ ਅਸੀਂ ਜਾਣੇ-ਅਣਜਾਣੇ ਵਿਚ ਇਸ ਦੇਸ਼ ਨਾਲ ਵਿਸ਼ਵਾਸਘਾਤ ਦਾ ਸ਼ਿਕਾਰ ਹੋ ਜਾਂਦੇ ਹਾਂ, ਤਾਂ ਉਸ ਸਾਰੇ ਕੰਮ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਇਸ ਦੇਸ਼ ਦੀ ਹੋਵੇਗੀ।

### ਮੇਰੀ ਸ਼ੁੱਧ ਜ਼ਮੀਰ ਹੋਣ ਦਾ ਕਾਰਨ ਕਿਸੇ ਦਾ ਨੁਕਸਾਨ ਨਹੀਂ ਹੁੰਦਾ

ਮੈਨੂੰ ਦੇਸ ਧ੍ਰੋਹੀ ਹੋਣ ਦਾ ਕੋਈ ਇਤਰਾਜ਼ ਨਹੀਂ ਹੈ; ਕਿਉਂਕਿ ਸਾਡੇ ਕੰਮਾਂ ਦੀ ਜ਼ਿੰਮੇਵਾਰੀ ਉਸ ਦੇਸ਼ 'ਤੇ ਹੈ ਜੋ ਮੈਨੂੰ ਵੰਚਿਤ ਅਛੂਤ ਅਪਰਾਧੀ ਆਖਦੀ ਹੈ। ਜੇਕਰ ਮੈਂ ਇਸ ਦੇਸ਼ ਦੀ ਦੇਸ਼ਭਗਤੀ ਲਈ ਕੋਈ ਲਾਭਦਾਇਕ ਜਾਂ ਰਾਸ਼ਟਰ ਭਲਾਈ ਦੀ ਸੇਵਾ ਕੀਤੀ ਹੈ, ਜਿਵੇਂ ਕਿ ਤੁਸੀਂ ਕਹਿੰਦੇ ਹੋ, ਉਹ ਮੇਰੀ ਸ਼ੁੱਧ ਜ਼ਮੀਰ ਹੋਣ ਦਾ ਕਾਰਨ ਹੈ, ਨਾ ਕਿ ਮੇਰੇ ਅੰਦਰ ਦੇਸ਼ ਭਗਤੀ ਦੀ ਭਾਵਨਾ ਕਾਰਨ।

ਆਪਣੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਵਿੱਚ, ਜਿਨ੍ਹਾਂ ਨੂੰ ਇਸ ਦੇਸ਼ ਵਿੱਚ ਸਦੀਆਂ ਤੋਂ ਲਤਾੜਿਆ ਜਾ ਰਿਹਾ ਹੈ ਜੇ ਮੈਂ ਇਸ ਦੇਸ਼ ਦਾ ਕੋਈ ਨੁਕਸਾਨ ਕਰਾਂ, ਤਾਂ ਇਹ ਪਾਪ ਨਹੀਂ ਹੋਵੇਗਾ; ਅਤੇ ਜੇ ਮੇਰੇ ਕੰਮ ਨਾਲ ਇਸ ਦੇਸ਼ ਨੂੰ ਕੋਈ ਨੁਕਸਾਨ ਨਹੀਂ ਹੁੰਦਾ, ਤਾਂ ਇਹ ਮੇਰੀ ਜ਼ਮੀਰ ਦੇ ਕਾਰਨ ਹੈ ਕਿ ਇਹ ਨੁਕਸਾਨ ਨਹੀਂ ਹੁੰਦਾ ਹੈ। ਆਪਣੀ ਜ਼ਮੀਰ ਤੋਂ ਸੇਧ ਲੈ ਕੇ, ਮੈਂ ਇਸ ਦੇਸ਼ ਨੂੰ ਬਿਨਾਂ ਕਿਸੇ ਮਤਲਬ ਦੇ ਜਾਂ ਨੁਕਸਾਨ ਦੇ ਆਪਣੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

### ਅਛੂਤਾਂ ਗੁਲਾਮ ਬਣਾਕੇ ਰੱਖਣ ਲਈ

ਮਾਹੌਲ ਗ਼ਮਗੀਨ ਹੋ ਗਿਆ। ਚਿਹਰਿਆਂ ਦਾ ਰੰਗ ਬਦਲ ਗਿਆ। ਗਾਂਧੀ ਬੇਚੈਨ ਹੋ ਰਿਹਾ ਸੀ। ਉਹ ਡਾ. ਅੰਬੇਡਕਰ ਦੇ ਸ਼ਬਦਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਚਾਹੁੰਦਾ ਸੀ। ਉਦੋਂ ਹੀ ਡਾ. ਅੰਬੇਡਕਰ ਨੇ ਉਸ ਨੂੰ ਸਭ ਤੋਂ ਢੁੱਕਵਾਂ ਸਵਾਲ ਪੁੱਛਿਆ ਜੋ ਮੁਲਾਕਾਤ ਦਾ ਉਦੇਸ਼ ਸੀ। ਮੁਸਲਿਮ ਮੰਗਾਂ ਨੂੰ ਸਿਆਸੀ ਮਾਨਤਾ ਦਿੱਤੀ, ਕਾਂਗਰਸ ਦੀ ਸਹਿਮਤੀ ਸੀ, ਪਰ ਅਛੂਤਾਂ ਗੁਲਾਮ ਬਣਾਕੇ ਰੱਖਣ ਲਈ ਉਹਨਾ ਦੀ ਇਹੇ ਮੰਗ ਦਾ ਵਿਰੋਧ ਕੀਤਾ। ਅਛੂਤਾਂ ਨੂੰ ਹਿੰਦੂਆਂ ਤੋਂ ਸਿਆਸੀ ਤੌਰ ਤੇ ਅਜ਼ਾਦ ਕਰਨ ਦਾ ਵਿਰੁੱਧ ਸਨ

ਅੰਬੇਡਕਰ: ਹਰ ਕੋਈ ਜਾਣਦਾ ਹੈ ਕਿ ਮੁਸਲਮਾਨ ਅਤੇ ਸਿੱਖ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਅਛੂਤਾਂ ਨਾਲੋਂ ਵੱਧ ਉੱਨਤ ਹਨ। ਗੋਲਮੇਜ਼ ਕਾਨਫਰੰਸ ਦੇ ਪਹਿਲੇ ਸੈਸ਼ਨ ਵਿੱਚ ਮੁਸਲਿਮ ਮੰਗਾਂ ਨੂੰ ਸਿਆਸੀ ਮਾਨਤਾ ਦਿੱਤੀ ਗਈ ਹੈ ਅਤੇ ਉਨ੍ਹਾਂ ਲਈ ਸਿਆਸੀ ਸੁਰੱਖਿਆ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਾਂਗਰਸ ਨੇ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਹਨ। ਪਹਿਲੇ ਸੈਸ਼ਨ ਵਿੱਚ ਦੱਬੇ-ਕੁਚਲੇ ਵਰਗ ਦੇ ਸਿਆਸੀ ਹੱਕਾਂ ਨੂੰ ਵੀ ਮਾਨਤਾ ਦਿੱਤੀ ਗਈ ਹੈ। ਅਤੇ ਉਨ੍ਹਾਂ ਲਈ ਸਿਆਸੀ ਸੁਰੱਖਿਆ ਅਤੇ ਢੁੱਕਵੀਂ ਪ੍ਰਤੀਨਿਧਤਾ ਦੀ ਸਿਫ਼ਾਰਸ਼ ਕੀਤੀ ਗਈ ਹੈ। ਸਾਡੇ ਅਨੁਸਾਰ ਇਹ ਦੱਬੇ-ਕੁਚਲੇ ਵਰਗ ਲਈ ਫ਼ਾਇਦੇਮੰਦ ਹੈ। ਤੁਹਾਡੀ ਰਾਏ ਕੀ ਹੈ?

ਗਾਂਧੀ ਜੀ: ਮੈਂ ਅਛੂਤਾਂ ਨੂੰ ਹਿੰਦੂਆਂ ਤੋਂ ਰਾਜਨੀਤਿਕ ਵੱਖ ਕਰਨ ਦੇ ਵਿਰੁੱਧ ਹਾਂ। ਇਹ ਬਿਲਕੁਲ ਆਤਮਘਾਤੀ ਹੋਵੇਗਾ।

ਅੰਬੇਡਕਰ (ਚੜਦੀ ਕਲਾ ਵਿੱਚ) : ਮੈਂ ਤੁਹਾਡੀ ਨਿਰਪੱਖ ਰਾਏ ਲਈ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਚੰਗਾ ਹੈ ਕਿ ਹੁਣ ਮੈਨੂੰ ਪਤਾ ਹੈ ਕਿ ਅਸੀਂ ਇਸ ਮਹੱਤਵਪੂਰਨ ਮੁੱਦੇ 'ਤੇ ਕਿੱਥੇ ਖੜ੍ਹੇ ਹਾਂ। ਮੈਂ ਤੁਹਾਡੇ ਤੋਂ ਛੁੱਟੀ ਲੈਂਦਾ ਹਾਂ

ਮੈਂ ਉਸ ਧਰਮ ਦਾ ਮਾਣ ਕਿਉਂ ਕਰਾਂ......

ਫਰਵਰੀ 1933 ਚਲ ਰਿਹਾ ਸੀ, "ਬੈਲਾਰਡ ਪੀਅਰ ਵਿਖੇ, ਡਾ. ਬੀ. ਆਰ. ਅੰਬੇਡਕਰ ਨੂੰ ਗਾਂਧੀ ਦਾ ਇੱਕ ਤਾਰ ਮਿਲਿਆ ਜਿਸ ਵਿੱਚ ਉਸਨੂੰ ਯਰਵਦਾ ਜੇਲ੍ਹ ਵਿੱਚ ਮਿਲਣ ਲਈ ਕਿਹਾ। ਡਾ. ਅੰਬੇਡਕਰ ਨੇ ਗਾਂਧੀ ਜੀ ਨੂੰ ਤਾਰ ਭੇਜੀ ਕਿ ਉਹ ਦਿੱਲੀ ਤੋਂ ਵਾਪਸ ਆਉਣ 'ਤੇ ਉਨ੍ਹਾਂ ਨੂੰ ਮਿਲਣਗੇ।

ਡਾ. ਅੰਬੇਡਕਰ ਵਾਇਸਰਾਏ ਦੁਆਰਾ ਬੁਲਾਈ ਗਈ ਗੋਲਮੇਜ਼ ਕਾਨਫਰੰਸ ਦੇ ਨੁਮਾਇੰਦਿਆਂ ਦੀ ਇੱਕ ਗੈਰ ਰਸਮੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਤੁਰੰਤ ਬੰਬਈ ਤੋਂ ਦਿੱਲੀ ਲਈ ਰਵਾਨਾ ਹੋ ਗਏ। ਦਿੱਲੀ ਤੋਂ ਪਰਤਣ ਤੋਂ ਬਾਅਦ, ਉਸਨੇ ਗਾਂਧੀ ਜੀ ਨੂੰ ਕਿਹਾ ਕਿ ਉਹ 4 ਫਰਵਰੀ ਨੂੰ ਉਨ੍ਹਾਂ ਨੂੰ ਮਿਲਣ ਦੇ ਯੋਗ ਹੋਣਗੇ। ਗਾਂਧੀ ਨੇ 3 ਫਰਵਰੀ ਨੂੰ ਡਾ. ਅੰਬੇਡਕਰ ਨੂੰ ਟੈਲੀਗ੍ਰਾਮ ਰਾਹੀਂ ਸੂਚਿਤ ਕੀਤਾ: "ਕੱਲ੍ਹ ਨੂੰ 12-30 ਵਜੇ ਪ੍ਰਾਪਤ ਹੋਈ ਇੱਕ ਤਾਰ ਢੁੱਕਵੀਂ ਹੋਵੇਗੀ - ਗਾਂਧੀ।"

ਐਸ ਐਨ ਸ਼ਿਵਤਾਰਕਰ, ਡੋਲਸ, ਉਪਸ਼ਾਮ, ਕੌਲੀ, ਘੋਰਪੜੇ ਅਤੇ ਕੇਸ਼ਵਰਾਵ ਜੇਧੇ ਦੇ ਨਾਲ, ਡਾ. ਅੰਬੇਡਕਰ 4 ਫਰਵਰੀ 1933 ਨੂੰ 12-30 ਵਜੇ ਯਰਵਦਾ ਜੇਲ੍ਹ ਵਿੱਚ ਦਾਖਲ ਹੋਏ। ਗਾਂਧੀ ਖੁਸ਼ੀ ਦੇ ਮੂਡ ਵਿੱਚ ਉੱਠੇ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ। ਥੋੜੀ ਦੇਰ ਬਾਅਦ ਗੱਲ ਮੰਦਰ ਦੇ ਪ੍ਰਵੇਸ਼ ਦੇ ਸਵਾਲ ਵੱਲ ਮੁੜ ਗਈ। ਗਾਂਧੀ ਜੀ ਨੇ ਡਾ. ਅੰਬੇਡਕਰ ਨੂੰ ਬੇਨਤੀ ਕੀਤੀ ਕਿ ਉਹ ਡਾਕਟਰ ਸੁਬਾਰਾਇਣ ਅਤੇ ਰੰਗਾ ਅਈਅਰ ਦੇ ਬਿੱਲ ਨੂੰ ਸਮਰਥਨ ਦੇਣ।

ਡਾ. ਅੰਬੇਡਕਰ ਨੇ ਸਾਫ਼ ਇਨਕਾਰ ਕਰ ਦਿੱਤਾ, ਕਿਉਂਕਿ ਬਿੱਲ ਨੇ ਛੂਤ-ਛਾਤ ਨੂੰ ਅਪਰਾਧ ਵਜੋਂ ਨਿੰਦਿਆ ਨਹੀਂ ਸੀ। ਇਸ ਵਿਚ ਸਿਰਫ ਇਹ ਕਿਹਾ ਗਿਆ ਸੀ ਕਿ ਜੇਕਰ ਜਨਮਤ ਮੰਦਰ ਪ੍ਰਵੇਸ਼ ਦੇ ਹੱਕ ਵਿਚ ਹੈ, ਤਾਂ ਮੰਦਰਾਂ ਨੂੰ ਲਤਾੜੇ ਅਤੇ ਵੰਚਿਤ ਵਰਗਾਂ ਲਈ ਖੋਲ੍ਹ ਦਿੱਤਾ ਜਾਣਾ ਚਾਹੀਦਾ ਹੈ, ਪਰ ਮੰਦਰਾਂ ਵਿਚ ਦੇਵੀ ਦੀ ਪੂਜਾ ਕਰਨ ਦੇ ਉਨ੍ਹਾਂ ਦੇ ਅਧਿਕਾਰ ਬਾਰੇ ਕੁਝ ਨਹੀਂ ਕਿਹਾ ਗਿਆ।

### ਆਪਣੇ ਆਪ ਨੂੰ ਹਿੰਦੂ ਨਹੀਂ ਕਹਿ ਸਕਦਾ

ਉਸ ਨੇ ਗਾਂਧੀ ਨੂੰ ਕਿਹਾ ਕਿ ਦੱਬੇ-ਕੁਚਲੇ ਵਰਗ ਜਾਤੀ ਵਿਵਸਥਾ ਅਧੀਨ ਸ਼ੂਦਰ ਨਹੀਂ ਬਣਨਾ ਚਾਹੁੰਦੇ ਅਤੇ ਉਹ ਇਮਾਨਦਾਰੀ ਨਾਲ ਆਪਣੇ ਆਪ ਨੂੰ ਹਿੰਦੂ ਨਹੀਂ ਕਹਿ ਸਕਦੇ। ਉਸ ਨੇ ਪੁੱਛਿਆ ਕਿ ਉਸ ਨੂੰ ਉਸ ਧਰਮ 'ਤੇ ਮਾਣ ਕਿਉਂ ਕਰਨਾ ਚਾਹੀਦਾ ਹੈ ਜਿਸ ਨੇ ਉਸ ਨੂੰ ਇੰਨੀ ਨੀਵੀਂ ਸਥਿਤੀ 'ਤੇ ਪਹੁੰਚਾਇਆ। ਜੇ ਇਹ ਪ੍ਰਬੰਧ ਜਾਰੀ ਰਹਿੰਦਾ, ਤਾਂ ਉਹ ਮੰਦਰ ਦੇ ਪ੍ਰਵੇਸ਼ ਵਿੱਚੋਂ ਕੋਈ ਵੀ ਲਾਭ ਨਹੀਂ ।

### ਜਾਤ-ਪਾਤ ਕੋਈ ਬੁਰੀ ਵਿਵਸਥਾ ਨਹੀਂ

ਗਾਂਧੀ ਜੀ ਨੇ ਕਿਹਾ ਕਿ ਉਨ੍ਹਾਂ ਅਨੁਸਾਰ ਜਾਤ-ਪਾਤ ਕੋਈ ਬੁਰੀ ਵਿਵਸਥਾ ਨਹੀਂ ਹੈ। ਉਸਨੇ ਅੱਗੇ ਕਿਹਾ: "ਛੋਹਣ ਵਾਲੇ ਹਿੰਦੂਆਂ ਨੂੰ ਉਨ੍ਹਾਂ ਦੇ ਪਾਪਾਂ ਦਾ ਪ੍ਰਾਸਚਿਤ ਕਰਨ ਅਤੇ ਹਿੰਦੂ ਧਰਮ ਨੂੰ ਸ਼ੁੱਧ ਕਰਨ ਦਾ ਮੌਕਾ ਦਿਓ। ਇਸ ਸਵਾਲ ਪ੍ਰਤੀ ਉਦਾਸੀਨ ਨਾ ਹੋਵੋ. ਸਨਾਤਨਵਾਦੀ ਅਤੇ ਸਰਕਾਰ ਇਸ ਦਾ ਫਾਇਦਾ ਉਠਾਉਣਗੇ। ਜੇਕਰ ਇਹ ਸੁਧਾਰ ਹੁੰਦਾ ਹੈ, ਤਾਂ ਸਮਾਜ ਵਿੱਚ ਅਛੂਤਾਂ ਦਾ ਉਥਾਨ ਹੋਵੇਗਾ।"

ਡਾ. ਅੰਬੇਡਕਰ ਦੇ ਵਿਚਾਰ ਗਾਂਧੀ ਜੀ ਨਾਲੋਂ ਵੱਖਰੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਅਛੂਤ ਆਰਥਿਕ, ਵਿਦਿਅਕ ਅਤੇ ਰਾਜਨੀਤਿਕ ਖੇਤਰ ਵਿੱਚ ਤਰੱਕੀ ਕਰਦੇ ਹਨ, ਤਾਂ ਮੰਦਰ ਵਿੱਚ ਪ੍ਰਵੇਸ਼ ਆਪਣੇ ਆਪ ਹੋ ਜਾਵੇਗਾ।

ਉਹ ਕਹਿੰਦੇ ਸਨ ਜੇਕਰ ਮੈਨੂੰ ਮਦਦ ਕਰਨ ਲਈ ਬ੍ਰਿਟਿਸ਼ ਅਤੇ ਭਾਰਤ ਵਿੱਚੋਂ ਇੱਕ ਨੂੰ ਚੁਣਨਾ ਪਿਆ ਤਾਂ ਭਾਰਤ ਨੂੰ ਚੁਣਾਂਗਾ। ਅਗਰ ਭਾਰਤੀਆਂ ਵਿੱਚ ਕਿਸੇ ਦੀ ਮਦਦ ਕਰਨ ਲਈ ਚੁਣਨ ਨੂੰ ਕਿਹਾ ਜਾਵੇ ਤਾਂ ਮੈਂ ਭਾਰਤੀ ਦੇ ਅਛੂਤਾਂ ਦੀ ਮਦਦ ਕਰਨ ਨੂੰ ਪਹਿਲ ਦੇਵਾਂਗਾ, ਕਿਉਂਕਿ ਉਹਨਾ ਨੂੰ ਹਜਾਰਾਂ ਸਾਲਾਂ ਤੋਂ ਲਤਾੜਿਆ ਗਿਆ ਹੈ ।

## ਗੁਰੂਗ੍ਰਾਮ 'ਚ ਧਾਰਮਿਕ ਅਸਥਾਨ ਨੂੰ ਬਣਾਇਆ ਨਿਸ਼ਾਨਾ

**ਗੁਰੂਗ੍ਰਾਮ-** ਗੁਰੂਗ੍ਰਾਮ 'ਚ ਹਿੰਸਾ ਦਾ ਦੌਰ ਅਜੇ ਵੀ ਖ਼ਤਮ ਨਹੀਂ ਹੋਇਆ ਹੈ। ਐਤਵਾਰ ਰਾਤ ਅਤੇ ਸੋਮਵਾਰ ਸਵੇਰ ਦੇ ਵਿਚਕਾਰ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਫਿਰੋਜ਼ ਗਾਂਧੀ ਕਾਲੋਨੀ ਸਥਿਤ ਧਾਰਮਿਕ ਸਥਾਨ ਨੂੰ ਨਿਸ਼ਾਨਾ ਬਣਾ ਕੇ ਅੱਗ ਲਗਾ ਦਿੱਤੀ। ਇਸ ਸਬੰਧੀ ਧਾਰਮਿਕ ਸਥਾਨ ਦੇ ਸੇਵਾਦਾਰ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ, ਜਿਸ ਤੋਂ ਬਾਅਦ ਪੁਲਿਸ ਨੇ ਸਰਗਰਮੀ ਤੇਜ਼ ਕਰ ਦਿੱਤੀ ਗਈ ਹੈ। ਕੇਅਰਟੇਕਰ ਘਸੀਟੇ ਰਾਮ ਨੇ ਦੱਸਿਆ ਕਿ ਉਹ ਰਾਤ 8.30 ਵਜੇ ਧਾਰਮਿਕ ਸਥਾਨ ਤੋਂ ਘਰ ਲਈ ਨਿਕਲਿਆ ਸੀ, ਜਿਸ ਤੋਂ ਬਾਅਦ 1.30 ਵਜੇ ਉਨ੍ਹਾਂ ਨੂੰ ਫੋਨ ਆਇਆ ਕਿ ਅੱਗ ਲੱਗ ਗਈ ਹੈ।

ਘਸੀਟੇ ਰਾਮ ਨੇ ਦੱਸਿਆ ਕਿ ਲੋਕਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਪਰ ਜਦੋਂ ਮੈਂ ਉੱਥੇ ਜਾ ਕੇ ਦੇਖਿਆ ਤਾਂ ਗੇਟ ਦੇ ਅੰਦਰ ਰੱਖਿਆ ਸਾਮਾਨ ਸੜ ਚੁੱਕਿਆ ਸੀ। ਮੈਨੂੰ ਪਤਾ ਲੱਗਿਆ ਹੈ ਕਿ 5-6 ਨੌਜਵਾਨ ਲੜਕਿਆਂ ਦੇ ਗਰੁੱਪ ਨੇ ਉੱਥੇ ਇਕੱਠੇ ਹੋ ਕੇ ਅੱਗ ਲਗਾ ਦਿੱਤੀ।

ਸੈਕਟਰ-57, ਬਾਦਸ਼ਾਹਪੁਰ, ਮਾਨੇਸਰ, ਕਾਸਨ, ਪਟੌਦੀ, ਭੋਡਾਕਲਾਂ, ਰਾਠੀਵਾਸ ਵਿਚ ਦੁਕਾਨਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਦੁਕਾਨਾਂ ਦੀ ਭੰਨਤੋੜ ਕੀਤੀ ਗਈ। ਸ਼ਹਿਰ ਅੰਦਰ ਸ਼ਾਂਤੀ ਤਾਂ ਰਹੀ ਪਰ ਫਿਰੋਜ਼ ਗਾਂਧੀ ਕਾਲੋਨੀ ਵਿਚ ਵਾਪਰੀ ਘਟਨਾ ਨਾਲ ਮਾਹੌਲ ਖਰਾਬ ਹੋਣ ਦਾ ਖਦਸ਼ਾ ਹੈ। ਘਸੀਟੇ ਰਾਮ ਨੇ ਅੱਗੇ ਕਿਹਾ, 'ਅਜਿਹੀ ਘਟਨਾ ਨਾਲ ਦੰਗੇ ਹੋ ਸਕਦੇ ਹਨ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।' ਉਸ ਨੇ ਦੱਸਿਆ ਕਿ ਉਹ 7 ਸਾਲਾਂ ਤੋਂ ਇਸ ਜਗ੍ਹਾ 'ਤੇ ਕੰਮ ਕਰ ਰਿਹਾ ਹੈ ਅਤੇ ਇੱਥੇ ਹਰ ਧਰਮ ਦੇ ਲੋਕ ਆਉਂਦੇ ਹਨ।

# ਖੇਡਾਂ ਨੂੰ ਉਦਯੋਗ ਦਾ ਦਰਜਾ ਦੇਣ ਨਾਲ ਹੋ ਸਕਦਾ ਖੇਡਾਂ ਦਾ ਵਿਕਾਸ

**ਪੂਰਨ ਚੰਦ**

ਰਾਸ਼ਟਰੀ ਖੇਡ ਦਿਵਸ ਸੰਨ 2012 ਵਿਚ ਹਰ ਸਾਲ 29 ਅਗਸਤ ਨੂੰ ਮਨਾਉਣ ਦੀ ਪਰੰਪਰਾ ਹੈ ਜਿਸ ਨੂੰ ਇਸ ਦਿਨ ਕੁਝ ਸਰਕਾਰੀ ਪ੍ਰੋਗਰਾਮ ਕਰ ਕੇ ਨਿਭਾਇਆ ਜਾਂਦਾ ਹੈ। ਅਜਿਹੇ ਹੀ ਇਕ ਸਮਾਰੋਹ ਵਿਚ ਸੰਨ 2019 ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 'ਫਿਟ ਇੰਡੀਆ' ਦੀ ਸ਼ੁਰੂਆਤ ਇਕ ਅੰਦੋਲਨ ਦੇ ਰੂਪ ਵਿਚ ਕੀਤੀ ਸੀ। ਮਨ ਵਿਚ ਇਹ ਹੀ ਰਿਹਾ ਹੋਵੇਗਾ ਕਿ ਦੇਸ਼ ਦੇ ਸਾਰੇ ਨਾਗਰਿਕ ਮਤਲਬ ਬੱਚਿਆਂ ਤੋਂ ਲੈ ਕੇ ਵੱਡਿਆਂ ਅਤੇ ਬੁਜ਼ੁਰਗਾਂ ਤੱਕ ਸਰੀਰਕ ਰੂਪ ਵਿਚ ਤੰਦਰੁਸਤ ਰਹਿਣ। ਸਕੂਲਾਂ ਵਿਚ ਪਹਿਲਾਂ ਇਕ ਪੀਰੀਅਡ ਇਸ ਗੱਲ ਦਾ ਹੋਇਆ ਕਰਦਾ ਸੀ ਕਿ ਸਾਰੇ ਬੱਚਿਆਂ ਨੂੰ ਸਰੀਰਕ ਕਸਰਤ ਕਰਵਾਈ ਜਾਵੇ। ਪੀ.ਟੀ.ਆਈ. ਦੀ ਕਮਾਨ ਵਿਚ ਡਰਿੱਲ, ਕਸਰਤ ਅਤੇ ਖੇਡਾਂ ਦੇ ਸਾਧਨਾਂ ਨਾਲ ਵਿਦਿਆਰਥੀਆਂ ਦੀ ਸਿਹਤ ਬਣਾਉਣ 'ਤੇ ਜ਼ੋਰ ਦਿੱਤਾ ਜਾਂਦਾ ਸੀ।

ਇਸ ਪੀਰੀਅਡ ਵਿਚ ਜਾਣਾ ਜ਼ਰੂਰੀ ਸੀ ਅਤੇ ਨਾ ਜਾਣ ਦਾ ਕੋਈ ਬਹਾਨਾ ਨਹੀਂ ਚੱਲਦਾ ਸੀ। ਅੱਜ ਹਾਲਤ ਇੰਨੀ ਬਦਲੀ ਹੈ ਕਿ ਬੱਚੇ ਮੋਬਾਈਲ 'ਤੇ ਖੇਲਦੇ ਹੋਏ ਵੱਡੇ ਹੋ ਰਹੇ ਹਨ। ਏ.ਸੀ.ਸੀ. ਅਤੇ ਐਨ.ਸੀ.ਸੀ. ਵਿਚ ਭਰਤੀ ਹੋਣ ਨਾਲ ਸੈਨਿਕ ਜਿਹੀ ਭਾਵਨਾ ਅਤੇ ਉਸੇ ਦੇ ਅਨੁਸਾਰ ਅਨੁਸ਼ਾਸਨ ਸਿਖਾਇਆ ਜਾਂਦਾ ਸੀ। ਇਹ ਸਭ ਹੁਣ ਹਵਾ-ਹਵਾਈ ਹੋ ਗਿਆ ਹੈ।

### ਖੇਡ ਸੰਗਠਨਾਂ ਵਿਚ ਭ੍ਰਿਸ਼ਟਾਚਾਰ

ਖੇਡਾਂ ਅਤੇ ਉਸ ਨਾਲ ਜੁੜੇ ਕਾਰੋਬਾਰ, ਜਿਸ ਵਿਚ ਖਿਡਾਰੀਆਂ ਨੂੰ ਚੁਣਨ ਅਤੇ ਹੋਰ ਖੇਡਾਂ ਵਿਚ ਭਾਗ ਲੈਣ ਤੋਂ ਲੈ ਕੇ ਖੇਡਾਂ ਦਾ ਸਾਮਾਨ ਬਣਾਉਣ ਦੇ ਕਾਰਖਾਨੇ ਲਗਾਉਣ ਤੱਕ ਖੇਡਾਂ ਨੂੰ ਉਦਯੋਗ ਦਾ ਦਰਜਾ ਦਿੱਤੇ ਜਾਣ ਦੀ ਗੱਲ ਇਸ ਲਈ ਕਹੀ ਜਾ ਰਹੀ ਹੈ, ਕਿਉਂਕਿ ਇਹ ਹੀ ਇਕ ਰਸਤਾ ਹੈ ਜਿਸ ਨਾਲ ਖੇਡਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਹੱਲ ਕੁਝ ਹੱਦ ਤੱਕ ਨਿਕਲ ਸਕਦਾ ਹੈ।ਕਾਰਨ ਇਹ ਵੀ ਹੈ ਕਿ ਖੇਡ ਸੰਗਠਨਾਂ ਵਿਚ ਲਗਾਤਾਰ ਭ੍ਰਿਸ਼ਟਾਚਾਰ ਦੇ ਕਿੱਸੇ ਰੋਜ਼ ਸੁਣਾਈ ਦਿੰਦੇ ਹਨ। ਖੇਡਾਂ 'ਤੇ ਧਿਆਨ ਦੇਣ ਦੀ ਗੱਲ ਪੰਜਾਹ ਦੇ ਦਹਾਕੇ ਵਿਚ ਇਕ ਸੰਸਥਾ ਬਣਾਉਣ ਤੋਂ ਸ਼ੁਰੂ ਹੋਈ, ਜਿਸ ਵਿਚ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਪਹਿਲ ਨਾਲ ਇਸ ਨੂੰ ਪਛਾਣ ਮਿਲੀ। ਉਸ ਤੋਂ ਬਾਅਦ ਤੋਂ ਲੈ ਕੇ ਅੱਜ ਤੱਕ ਹਰ ਖੇਡ ਦਾ ਇਕ ਸੰਗਠਨ ਬਣਾਉਣ ਦੀ ਹੋੜ ਲੱਗ ਗਈ। ਅੱਜ ਦੇਸ਼ ਵਿਚ ਸੈਂਕੜੇ ਸੰਗਠਨ ਚੱਲ ਰਹੇ ਹਨ ਅਤੇ ਇਨ੍ਹਾਂ ਦਾ ਇਕ ਹੀ ਮਕਸਦ ਹੁੰਦਾ ਹੈ ਕਿ ਕਿਸ ਤਰ੍ਹਾਂ ਵਾਹਵਾਹੀ ਲੁੱਟੀ ਜਾਵੇ, ਪੈਸਾ ਕਮਾਉਣ ਦੇ ਆਸਾਨ ਰਸਤੇ ਕੱਢੇ ਜਾਣ ਅਤੇ ਨੇਤਾ ਬਣ ਕੇ ਸਰਕਾਰੀ ਹਲਕਿਆਂ ਵਿਚ ਪੈਂਠ ਬਣਾਈ ਜਾਵੇ। ਜਿੰਨੇ ਵੀ ਸੰਗਠਨ ਹਨ, ਉਹ ਸਭ 'ਤੇ ਪੈਸੇ ਦੀ ਦੁਰਵਰਤੋਂ ਅਤੇ ਸਰੀਰਕ ਸੋਸ਼ਣ ਤੱਕ ਦੇ ਦੋਸ਼ ਲਗਦੇ ਰਹੇ ਹਨ।

ਏਸ਼ਿਆਈ ਖੇਡਾਂ ਤੋਂ ਲੈ ਕੇ ਕਾਮਨਵੈਲਥ ਖੇਡਾਂ ਤੱਕ ਜੋ ਕਿ ਦੇਸ਼ ਵਿਚ ਆਯੋਜਨ ਹੁੰਦੇ ਰਹੇ ਹਨ, ਉਨ੍ਹਾਂ ਸਾਰਿਆਂ 'ਤੇ ਰਿਸ਼ਵਤਖੋਰੀ ਅਤੇ ਅਨੈਕਿਤਾ ਦੀ ਕਾਲਖ਼ ਲਗ ਚੁੱਕੀ ਹੈ। ਸੱਟੇਬਾਜ਼ੀ ਦੇ ਕਿੱਸੇ ਤਾਂ ਹਰ ਕਿਸੇ ਦੀ ਜ਼ੁਬਾਨ 'ਤੇ ਹਨ। ਇਥੋਂ ਤੱਕ ਹੋਇਆ ਹੈ ਕਿ ਅੰਤਰ-ਰਾਸ਼ਟਰੀ ਓਲੰਪਿਕ ਸੰਘ ਨੇ ਭਾਰਤੀ ਓਲੰਪਿਕ ਸੰਘ 'ਤੇ



ਭ੍ਰਿਸ਼ਟਾਚਾਰ ਕਾਰਨ ਪਾਬੰਦੀ ਲਗਾ ਦਿੱਤੀ ਸੀ ਅਤੇ ਸਾਡੇ ਖਿਡਾਰੀਆਂ ਨੂੰ ਹੋਰ ਰਸਤੇ ਰਾਹੀਂ ਮੁਕਾਬਲਿਆਂ ਵਿਚ ਹਿੱਸਾ ਲੈਣਾ ਪਿਆ ਸੀ। ਇਨ੍ਹਾਂ ਸੰਗਠਨਾਂ ਦੇ ਕਰਤਾ-ਧਰਤਾ ਜੇਲ੍ਹ ਦੀ ਸ਼ੋਭਾ ਵੀ ਵਧਾਉਂਦੇ ਰਹੇ ਹਨ ਅਤੇ ਉਨ੍ਹਾਂ ਕੋਲ ਬਹੁਤ ਵੱਡੀ ਜਾਇਦਾਦ ਹੋਣ ਦੇ ਸਬੂਤ ਜਗ-ਜ਼ਾਹਿਰ ਹਨ।

ਅਜਿਹੇ ਲੋਕ ਵੀ ਹਨ ਜੋ ਸੰਗਠਨ ਬਣਾਉਂਦੇ ਹੀ ਇਸ ਲਈ ਹਨ ਕਿ ਵਿਦੇਸ਼ਾਂ ਵਿਚ ਮੌਜ਼-ਮਸਤੀ ਕੀਤੀ ਜਾ ਸਕੇ। ਹਾਲ ਦੀ ਇਸ ਘਟਨਾ ਨੂੰ ਲੋਕ ਕਿਵੇਂ ਭੁੱਲ ਸਕਦੇ ਹਨ, ਜਿਸ ਕਾਰਨ ਕੁਸ਼ਤੀ ਵਿਚ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲਿਆਂ ਨੂੰ ਸੜਕ 'ਤੇ ਸੰਸਦ ਤੱਕ ਧਰਨਾ ਦੇਣਾ ਪਿਆ ਅਤੇ ਸਰੀਰਕ ਸ਼ੋਸ਼ਣ ਦਾ ਦੋਸ਼ੀ ਖੁੱਲ੍ਹੇਆਮ ਘੁੰਮਦਾ ਰਿਹਾ ਅਤੇ ਜਦੋਂ ਮਜਬੂਰਨ ਕਾਰਵਾਈ ਹੋਈ ਤਾਂ ਬੜੀ ਆਸਾਨੀ ਨਾਲ ਉਸ ਨੂੰ ਜ਼ਮਾਨਤ ਮਿਲ ਗਈ। ਚਲੋ ਇਕ ਉਦਾਹਰਨ ਤੋਂ ਇਸ ਸਪੱਸ਼ਟ ਕਰਦੇ ਹਾਂ।

ਸਰਕਾਰ ਨੇ ਖੇਡਾਂ ਦੀ ਉੱਨਤੀ ਲਈ ਇਕ ਕਮੇਟੀ ਬਣਾਈ ਜਿਸ ਨੇ ਕੁਝ ਸੁਝਾਅ ਦਿੱਤੇ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਤਾਂ ਇਹ ਸੀ ਕਿ ਕਿਸੇ ਵੀ ਸੰਗਠਨ ਦਾ ਪ੍ਰਧਾਨ ਰਾਜਨੀਤੀ ਨਾਲ ਜੁੜਿਆ ਨਹੀਂ ਹੋਣਾ ਚਾਹੀਦਾ। ਦੂਜੀ ਗੱਲ ਇਹ ਕਹੀ ਕਿ ਉਮਰ ਦੀ ਹੱਦ 70 ਸਾਲ ਹੋਵੇ। ਤੀਜਾ ਇਹ ਕਿ ਦੋ ਵਾਰੀ ਤੋਂ ਜ਼ਿਆਦਾ ਕੋਈ ਵਿਅਕਤੀ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਵੱਡੇ ਅਹੁਦਿਆਂ 'ਤੇ ਨਿਯੁਕਤ ਨਹੀਂ ਕੀਤਾ ਜਾ ਸਕਦਾ ਅਤੇ ਜੇਕਰ ਕਰਨਾ ਵੀ ਹੈ ਤਾਂ ਇਕ ਟਰਮ ਦਾ ਗੈਪ ਹੋਣਾ ਚਾਹੀਦਾ ਹੈ। ਹੁਣ ਇਹ ਤਿੰਨੋਂ ਗੱਲਾਂ ਸੰਗਠਨਾਂ 'ਤੇ ਕਬਜ਼ਾ ਜਮਾ ਕੇ ਜ਼ਿੰਦਗੀ ਭਰ ਲਈ ਪ੍ਰਧਾਨ ਅਤੇ ਦੂਜੇ ਅਹੁਦਿਆਂ ਨੂੰ ਆਪਣੀ ਜਗੀਰ ਮੰਨਣ ਵਾਲੇ ਲੋਕਾਂ ਨੂੰ ਕਿਵੇਂ ਚੰਗੀਆਂ ਲੱਗ ਸਕਦੀਆਂ ਸਨ? ਇਸੇ ਕਰਕੇ ਅੱਜ ਤੱਕ ਇਹ ਸਿਫਾਰਿਸ਼ਾਂ ਧੂੜ ਚੱਟ ਰਹੀਆਂ ਹਨ ਸ਼ਇਹ ਤਾਂ ਸਿੱਧੇ ਸ਼ੇਰ ਦੇ ਮੂੰਹ ਤੋਂ ਰੋਟੀ ਖੋਹਣ ਵਾਲਾ ਕੰਮ ਹੋ ਜਾਣਾ ਸੀ। ਜਿੰਨੇ ਵੀ ਸੰਗਠਨ ਹਨ, ਉਨ੍ਹਾਂ ਦੇ ਅਹੁਦੇਦਾਰ ਦਬੰਗ ਹਨ, ਨੇਤਾਗਿਰੀ ਕਰਦੇ ਹਨ ਅਤੇ ਉਨ੍ਹਾਂ ਸਾਰੇ ਕੰਮਾਂ ਵਿਚ ਲੱਗੇ ਹੋਏ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਖੇਡ ਅਤੇ ਖਿਡਾਰੀਆਂ ਦੀ ਤਰੱਕੀ ਨਾਲ ਨਹੀਂ ਹੁੰਦਾ। ਇਸ ਸੰਬੰਧੀ ਕੁਝ ਸ਼ਿਕਾਇਤਾਂ ਜ਼ਰੂਰ ਹੁੰਦੀਆਂ ਹਨ ਪਰ ਨਕਾਰਖਾਨੇ ਵਿਚ ਤੂਤੀ ਦੀ ਆਵਾਜ਼ ਸੁਣਨ ਦੀ ਫੁਰਸਤ ਕਿਸ ਨੂੰ ਹੈ?

### ਖਿਡਾਰੀਆਂ ਦੀ ਮਜਬੂਰੀ

ਖੇਡ ਅਤੇ ਖਿਡਾਰੀਆਂ ਦੀ ਬੁਰੀ ਹਾਲਤ ਦਾ ਇਕ ਵੱਡਾ ਕਾਰਨ ਇਹ ਹੈ ਕਿ ਚਾਹੇ ਜਿੰਨੇ ਵੀ ਤਗਮੇ ਜਿੱਤ ਲੈਣ, ਘਰ ਦਾ ਖਰਚਾ ਚਲਾਉਣ ਲਈ ਨੌਕਰੀ ਕਰਨੀ ਹੀ ਪਵੇਗੀ। ਉਹ ਵੀ ਇਸ ਤੁਹਮਤ ਨਾਲ ਕਿ ਮੈਡਲ ਦੀ ਬਦੌਲਤ ਸਰਕਾਰੀ ਨੌਕਰੀ ਮਿਲ ਗਈ, ਵਰਨਾ ਤੁਹਾਡੀ ਇਸ ਅਹੁਦੇ 'ਤੇ ਬੈਠਣ ਦੀ ਯੋਗਤਾ ਹੀ ਕਿਥੇ ਹੈ ਅਤੇ ਇਸ ਤਰ੍ਹਾਂ ਉਹ ਖਿਡਾਰੀ ਹਮੇਸ਼ਾ ਦਬਾਅ ਵਿਚ ਰਹਿੰਦਾ ਹੈ। ਧਿਆਨ ਦਿਉ ਕਿ ਜੇਕਰ ਖਿਡਾਰੀਆਂ ਦੀ ਇਹ ਮਜਬੂਰੀ ਨਾ ਹੁੰਦੀ ਤਾਂ ਕੀ ਖਿਡਾਰੀਆਂ ਦੇ ਨਾਲ ਕਿਸੇ ਤਰ੍ਹਾਂ ਦਾ ਅਨਿਆਂ ਹੋ ਸਕਣਾ ਸੀ ਅਤੇ ਕੀ ਅਪਰਾਧੀ ਮੁੱਛਾਂ 'ਤੇ ਤਾਅ ਦਿੰਦਾ ਘੁੰਮਦਾ ਰਹਿ ਸਕਦਾ ਸੀ? ਸਰਕਾਰ ਨੇ ਖੇਡ ਦਾ ਮੈਦਾਨ ਬਣਾਉਣ ਲਈ 50 ਲੱਖ ਦੀ ਰਕਮ ਤੈਅ ਕੀਤੀ ਪਰ ਕਿੰਨੇ ਬਣੇ ਇਸ ਦਾ ਕੋਈ ਅੰਕੜਾ ਨਹੀਂ।

ਇਸ ਰਾਸ਼ੀ ਵਿਚ ਬੁਨਿਆਦੀ ਖੇਡਾਂ ਵਾਲਾ ਖੇਡ ਕੰਪਲੈਕਸ ਬਣਨਾ ਬਹੁਤ ਮੁਸ਼ਕਿਲ ਹੈ ਅਤੇ ਜੇਕਰ ਬਣ ਵੀ ਗਿਆ ਤਾਂ ਉਹ ਬਹੁਤ ਦਿਨਾਂ ਤੱਕ ਟਿਕੇਗਾ ਨਹੀਂ ਕਿਉਂਕਿ ਭ੍ਰਿਸ਼ਟਾਚਾਰ ਦੇ ਚਲਦਿਆਂ ਉਸ ਵਿਚ ਲੱਗਣ ਵਾਲੀ ਸਮੱਗਰੀ ਤਾਂ ਸਿਰਫ ਕੁਝ ਸਮੇਂ ਤੱਕ ਹੀ ਚਲ ਸਕਦੀ ਹੈ ਅਤੇ ਉਸ ਦਾ ਢਹਿ-ਢੇਰੀ ਹੋ ਜਾਣਾ ਲਾਜ਼ਮੀ ਹੈ।

### ਉਦਯੋਗ ਦਾ ਦਰਜਾ ਕਿਉਂ?

ਜੇਕਰ ਖੇਡਾਂ ਨੂੰ ਉਦਯੋਗ ਦਾ ਦਰਜਾ ਮਿਲਦਾ ਹੈ ਤਾਂ ਅਜਿਹੀ ਵਿਵਸਥਾ ਹੋ ਸਕਦੀ ਹੈ ਕਿ ਖੇਡ ਮੈਦਾਨ ਬਣਾਓ, ਮਾਲਕ ਬਣ ਕੇ ਉਨ੍ਹਾਂ ਨੂੰ ਚਲਾਓ ਅਤੇ ਫਿਰ ਜਦੋਂ ਉਸ ਵਿਚ ਲੱਗੀ ਰਕਮ ਨਿਕਲ ਆਵੇ ਤਾਂ ਉਸ ਨੂੰ ਬਿਨਾਂ ਕਿਸੇ ਫੀਸ ਤੋਂ ਚਲਾਉਣ ਲਈ ਸਰਕਾਰ ਨੂੰ ਸੌਂਪ ਦਿਉ ਸ਼ਇਸ ਨਾਲ ਦੇਸ਼ ਭਰ ਵਿਚ ਇਕ ਮਜ਼ਬੂਤ ਬੁਨਿਆਦੀ ਢਾਂਚਾ ਖੜ੍ਹਾ ਹੋ ਜਾਵੇਗਾ ਅਤੇ ਖੇਡਾਂ ਦੀ ਤਰੱਕੀ ਅਤੇ ਖਿਡਾਰੀਆਂ ਦਾ ਕਲਿਆਣ ਵੀ ਹੋਵੇਗਾ।

ਖੇਡਾਂ ਨਾਲ ਜੁੜੇ ਸਾਮਾਨ ਬਣਾਉਣ ਦਾ ਬਹੁਤ ਵੱਡਾ ਕਾਰੋਬਾਰ ਹੈ ਜਿਸ ਵਿਚ ਸਥਾਨਿਕ ਖਪਤ ਦੇ ਨਾਲ-ਨਾਲ ਦਰਾਮਦ ਦੀਆਂ ਬਹੁਤ ਸੰਭਾਵਨਾਵਾਂ ਹਨ। ਅੰਤਰ-ਰਾਸ਼ਟਰੀ ਪੱਧਰ 'ਤੇ ਚੀਨ ਦਾ ਇਸ 'ਤੇ ਬਹੁਤ ਵੱਧ ਅਧਿਕਾਰ ਹੈ। ਕਿਉਂਕਿ ਉਹ ਸਸਤਾ ਸਾਮਾਨ ਬਣਾ ਕੇ ਵੇਚਣ ਵਿਚ ਮਾਹਿਰ ਹੈ।ਚੀਨ ਦਾ ਉਦਯੋਗ ਦੇ ਰੂਪ ਵਿਚ ਮੁਕਾਬਲਾ ਕੀਤਾ ਜਾ ਸਕਦਾ ਹੈ ਪਰ ਕੇਵਲ ਵਪਾਰ ਦੇ ਰੂਪ ਵਿਚ ਉਸ ਅੱਗੇ ਠਹਿਰਨਾ ਸੰਭਵ ਨਹੀਂ। ਉਦਯੋਗ ਹੋਵੇਗਾ ਤਾਂ ਸਰਕਾਰ ਦੀਆਂ ਵਿਭਿੰਨ ਯੋਜਨਾਵਾਂ ਦੇ ਤਹਿਤ ਸਹੂਲਤਾਂ, ਸਬਸਿਡੀ, ਸਸਤੇ ਰੇਟ 'ਤੇ ਜ਼ਮੀਨ ਅਤੇ ਕਰਜ਼ਾ ਵੀ ਮਿਲੇਗਾ। ਇਸ ਨਾਲ ਇਹ ਖੇਤਰ ਆਰਥਿਕ ਰੂਪ ਨਾਲ ਮਜ਼ਬੂਤ ਹੋਣ ਨਾਲ ਅੱਗੇ ਵਧ ਸਕੇਗਾ।

ਹੁਣ ਤੱਕ ਇਹ ਵਿਸ਼ਾ ਰਾਜਾਂ ਦੇ ਅਧੀਨ ਹੈ। ਮਿਜ਼ੋਰਮ ਨੇ ਇਸ ਨੂੰ ਉਦਯੋਗ ਦਾ ਦਰਜਾ ਦਿੱਤਾ ਹੈ ਅਤੇ ਉਥੇ ਹੋ ਰਹੀ ਪ੍ਰਗਤੀ ਤੋਂ ਸਬਕ ਸਿੱਖ ਕੇ ਦੂਜੇ ਰਾਜ ਵੀ ਇਸ ਦਿਸ਼ਾ ਵਿਚ ਕਦਮ ਵਧਾ ਸਕਦੇ ਹਨ।

# ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਕਰਵਾਏ ਫੁੱਟਬਾਲ ਟੂਰਨਾਮੈਂਟ ਦੀ ਚੈਂਪੀਅਨ ਬਣੀ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਫੁੱਟਬਾਲ ਟੀਮ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਫੁੱਟਬਾਲ ਟੀਮ ਨੇ ਫੁੱਟਬਾਲ ਟੂਰਨਾਮੈਂਟ ਵਿਚ 5 ਟੀਮਾਂ ਨੂੰ ਪਛਾੜਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਕਰਵਾਏ ਗਏ ਸੰਤ ਬਾਬਾ ਹਰੀ ਸਿੰਘ ਜੀ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਵਿਚ ਕਾਲਜ ਦੀ ਫੁੱਟਬਾਲ ਟੀਮ ਨੇ ਕੋਚ ਹਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਹਿੱਸਾ ਲੈ ਕੇ ਕਾਲਜ ਵਰਗ ਦੇ ਫਾਈਨਲ ਮੁਕਾਬਲੇ ਵਿਚ ਖ਼ਾਲਸਾ ਕਾਲਜ ਮਾਹਿਲਪੁਰ ਦੀ ਫੁੱਟਬਾਲ ਟੀਮ ਨੂੰ 2-1 ਦੇ ਫਰਕ ਨਾਲ ਹਰਾਕੇ ਪਹਿਲਾ ਸਥਾਨ ਹਾਸਿਲ ਕੀਤਾ।

ਇਸ ਟੂਰਨਾਮੈਂਟ ਵਿਚ ਕਾਲਜ ਦੀ ਟੀਮ ਨੇ ਲੀਗ ਦੇ ਮੈਚਾਂ ਵਿਚ ਫੁੱਟਬਾਲ ਅਕੈਡਮੀ ਬੱਡੋਂ ਨੂੰ 6-0 ਗੋਲਾਂ ਦੇ ਫਰਕ ਨਾਲ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਫੁੱਟਬਾਲ



ਅਕੈਡਮੀ ਮਾਹਿਲਪੁਰ ਨੂੰ 3-1 ਦੇ ਫਰਕ ਨਾਲ ਮਾਤ ਦਿੱਤੀ। ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨਾਲ ਹੋਏ ਮੁਕਾਬਲੇ ਵਿਚ ਦੋਵੇਂ ਟੀਮਾਂ ਬਰਾਬਰ ਰਹੀਆਂ।

ਇਸੇ ਤਰ੍ਹਾਂ ਕਾਲਜ ਦੀ ਫੁੱਟਬਾਲ ਟੀਮ ਨੇ ਸੈਮੀਫਾਈਨਲ ਮੁਕਾਬਲੇ ਵਿਚ ਸਿੱਖ ਨੈਸ਼ਨਲ ਕਾਲਜ ਬੰਗਾ ਨੂੰ 2-0 ਗੋਲਾਂ ਦੇ ਫਰਕ ਨਾਲ ਹਰਾਕੇ ਫਾਈਨਲ ਵਿਚ ਪ੍ਰਵੇਸ਼ ਪਾਇਆ 'ਤੇ ਜਿੱਤ ਹਾਸਿਲ ਕੀਤੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਫੁੱਟਬਾਲ ਟੀਮ ਦੀ ਸ਼ਾਨਦਾਰ ਜਿੱਤ ਲਈ ਕੋਚ ਹਰਦੀਪ ਸਿੰਘ ਗਿੱਲ ਤੇ ਟੀਮ ਦੇ ਖਿਡਾਰੀਆਂ ਤੇ ਸਪੋਰਟਸ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿਚ ਵੀ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਵਲੋਂ ਵੀ ਟੀਮ ਨੂੰ ਚੈਂਪੀਅਨ ਬਣਨ 'ਤੇ ਵਧਾਈ ਦਿੱਤੀ ਗਈ।

## ਪੁਸਤਕ ਸਮੀਖਿਆ

**ਹਦੂਦ**

**ਰੀਵਿਊਕਾਰ: ਬਲਜਿੰਦਰ ਮਾਨ 98150-18947**

**ਕਵੀ: ਪ੍ਰਕਾਸ਼ ਰਾਮ ਖ਼ਾਮੋਸ਼**

**ਪ੍ਰਕਾਸ਼ਕ: ਖੁਦ , ਪੰਨੇ: 80, ਮੁੱਲ: 100/-**

ਕਾਵਿ ਸੰਸਾਰ ਵਿਚ ਕਵੀ ਪ੍ਰਕਾਸ਼ ਰਾਮ ਖਾਮੋਸ਼ ਦਾ ਇਕ ਵੱਖਰਾ ਮੁਕਾਮ ਹੈ। ਜਿਸ ਵਾਸਤੇ ਉਸਨੇ ਆਪਣੇ ਜੀਵਨ ਵਿਚ ਘਾਲਣਾ ਘਾਲ਼ੀ ਹੈ। ਮਿਹਨਤ ਅਤੇ ਹਿੰਮਤ ਦਾ ਲੜ ਫੜਕੇ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਨੰਗੇ ਪਿੰਡੇ ਹੰਢਾਇਆ ਹੈ। ਇਸੇ ਕਰਕੇ ਉਹਨਾਂ ਦੀ ਹਰ ਕਵਿਤਾ ਵਿਚੋਂ ਮਿਹਨਤ ਦਾ ਮੁੜ੍ਹਕਾ ਚੋਂਦਾ ਦਿਖਾਈ ਦਿੰਦਾ ਹੈ। ਅਜ ਤਕ ਇਕ ਦਰਜਨ ਤੋਂ ਵੱਧ ਕਾਵਿ ਪੁਸਤਕਾਂ ਦਾ ਯੋਗਦਾਨ ਸਾਹਿਤ ਜਗਤ ਵਿਚ ਪਾ ਚੁੱਕੇ ਹਨ। ਫੱਕਰ ਤਬੀਅਤ ਦੇ ਮਾਲਕ ਆਪਣੀ ਮਸਤੀ ਨਾਲ ਜੀਵਨ ਜਿਊਣਾ ਇਕ ਉਦਾਹਰਣ ਹੈ। ਨੇਕ ਕੀਤੀ ਨਾਲ ਕੰਮ ਕਰਨ ਵਾਲੇ ਅਧਿਕਾਰੀਆਂ ਦੀ ਸਿਫਤ ਕਰਨ ਤੋਂ ਕਦੀ ਪਿੱਛੇ ਨਹੀਂ ਹਟਦੇ।

ਇਸੇ ਕਰਕੇ ਹੱਥਲੀ ਪੁਸਤਕ 'ਹਦੂਦ' ਉੱਚ ਅਧਿਕਾਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ. ਅਤੇ ਨੌਨਿਹਾਲ ਸਿੰਘ ਆਈ.ਪੀ.ਐਸ. ਨੂੰ ਸਮਰਪਿਤ ਕੀਤੀ ਹੈ। ਸੰਦੀਪ ਹੰਸ ਆਈ ਏ.ਐਸ. ਨੇ ਆਪਣੇ ਕੀਮਤੀ ਵਿਚਾਰਾਂ ਨਾਲ ਇਸ ਪੁਸਤਕ ਦਾ ਸੁਆਗਤ ਕੀਤਾ ਹੈ। ਹੱਥਲੀ ਪੁਸਤਕ 'ਹਦੂਦ' 77 ਵੰਨ-ਸੁਵੰਨੀਆਂ ਕਵਿਤਾਵਾਂ ਦਾ ਮਹਿਕਦਾ ਅਤੇ ਟਹਿਕਦਾ ਗੁਲਦਸਤਾ ਹੈ। ਬੜੇ ਸਧਾਰਣ ਲਫ਼ਜ਼ਾਂ ਦੇ ਪ੍ਰਯੋਗ ਨਾਲ ਕਵੀ ਨੇ ਬੜੇ ਅਹਿਮ ਸੁਨੇਹੇ ਦੇਣ ਦਾ ਉਪਰਾਲਾ ਕੀਤਾ ਹੈ। ਪੁਸਤਕ ਦਾ ਮਨੋਰਥ ਇਸ ਜੀਵਨ ਨੂੰ ਕੁਦਰਤ ਨਾਲ ਮਿਲਕੇ ਜਿਊਣ ਦਾ ਸਲੀਕਾ ਸਮਝਾਉਣਾ ਹੈ। ਧਰਮਾਂ ਦੇ ਝਗੜੇ ਕਵੀ ਮਨ ਨੂੰ ਦੁਖੀ ਕਰਦੇ ਹਨ। ਹੱਕਾਂ ਦੀ ਲੁੱਟ ਦਾ ਵੀ ਉਸਨੂੰ ਦਰਦ ਹੈ। ਇਨਸਾਨੀਅਤ ਦਾ ਹੋ ਰਿਹਾ ਖਾਤਮੇ ਦੀ ਵੀ ਉਸਨੂੰ ਚਿੰਤਾ ਹੈ।ਫੈਸ਼ਨਾ ਦੀ ਦੌੜ ਜ਼ਿੰਦਗੀ ਦੀ ਤੋਰ ਵਿਚ ਵਿਗਾੜ ਪੈਦਾ ਕਰ ਰਹੇ ਹਨ। ਇਸੇ ਕਰਕੇ ਉਹ ਸਾਦਾ ਜੀਵਨ ਜੀਊਣ ਵਾਲੀ ਮੁਟਿਆਰ ਦੀਆਂ ਸਿਫ਼ਤਾਂ ਕਰਦਾ ਹੈ। ਇਕ ਪ੍ਰਮਾਤਮਾ ਤੇ ਭਰੋਸਾ ਰੱਖਦਾ ਹੋਇਆ ਚੰਗੇ ਕਰਮਾਂ ਨਾਲ ਇਸ ਜੀਵਨ ਨੂੰ ਸੁਖਾਲਾ ਬਨਾਉਣਾ ਲੋਚਦਾ ਹੈ। ਉਹ ਬੇਲੋੜੇ ਅਡੰਬਰ ਨੂੰ ਭੰਡਦਾ ਹੋਇਆ ਲਿਖਦਾ ਹੈ। 'ਦੀਵੇ ਬਾਲੀ ਜਾਹ, ਭਾਵੇਂ ਹਜ਼ਾਰ ਵਾਰੀ। ਮਿਲੇ ਸਦਾ ਮੁਰਾਦ, ਨੀਤਾ ਚੰਗੀਆਂ ਨੂੰ।' ਇਸੇ ਤਰ੍ਹਾਂ ਉਹ ਕਰਨੀ ਤੇ ਕਥਨੀ ਨੂੰ ਇਕ ਰੂਪ ਕਰਨ ਦੀ ਗੱਲ ਵੀ ਆਖਦਾ ਹੈ। ਕਾਵਿਤਾਵਾਂ ਵਿਚ ਸੁਰ ਅਤੇ ਲੈਅ ਦਾ ਖਾਸ ਖਿਆਲ ਰੱਖਿਆ ਗਿਆ ਹੈ। ਇਹ ਪੁਸਤਕ ਮਨੁੱਖ ਨੂੰ ਮਾਨਵੀ ਸਰੋਕਾਰਾਂ ਨਾਲ ਜੋੜਦੀ ਹੈ।




ਜੀਵਨ ਨੂੰ ਸੁਚੱਜਾ ਬਨਾਉਣ ਲਈ ਸਿੱਖਿਆ ਦਾ ਮਹੱਤਵ ਵੀ ਦਰਸਾਉਂਦੀ ਹੈ। ਉਸ ਮਾਲਕ ਦੀ ਰਜ਼ਾ ਵਿਚ ਰਹਿਣ ਨਾਲ ਆਨੰਦ ਹਾਸਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਪੁਸਤਕ ਸਾਨੂੰ ਆਪਣੇ ਗਿਰੇਵਾਨ ਅੰਦਰ ਝਾਤੀ ਮਾਰਨ ਦੀ ਨਸੀਹਤ ਦਿੰਦੀ ਹੋਈ ਉਸ ਇਕ ਪ੍ਰਮਾਤਮਾ ਨਾਲ ਜੋੜਦੀ ਹੈ। ਪੁਸਤਕ ਧਾਰਮਿਕ ਨਹੀਂ ਪਰ ਜੀਵਨ ਦੀਆਂ ਤਲਖ ਹਕੀਕਤਾਂ ਪੇਸ਼ ਕਰਦੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ ਤਕਨਾਲੋਜੀ ਦੀ ਭੂਮਿਕਾ



ਅਰਵਿੰਦਰ ਸਿੰਘ
98727-70727

ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ, ਤਕਨਾਲੋਜੀ ਅਜੋਕੇ ਸਮੇਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਮਾਜ ਵਿਚ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਇਸ ਦਾ ਸਿੱਖਿਆ ਪ੍ਰਣਾਲੀ 'ਤੇ ਯਕੀਨੀ ਤੌਰ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। 21ਵੀਂ ਸਦੀ ਵਿੱਚ, ਹਰ ਚੀਜ਼ ਸਿਰਫ਼ ਇੱਕ ਕਲਿੱਕ ਦੀ ਦੂਰੀ 'ਤੇ ਹੈ ਜੋ ਕਿ ਬਹੁਤ ਸਾਰਾ ਸਮਾਂ ਬਚਾਉਂਦੀ ਹੈ ਅਤੇ ਸਾਡੇ ਕੰਮ ਨੂੰ ਹੋਰ ਆਸਾਨ ਬਣਾਉਂਦੀ ਹੈ। ਵੱਖ-ਵੱਖ ਆਨਲਾਈਨ ਸਾਧਨਾਂ ਦੇ ਰੂਪ ਵਿੱਚ ਸਿੱਖਿਆ ਦੇ ਖੇਤਰ ਵਿੱਚ ਤਕਨਾਲੋਜੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਅੱਜ ਕੱਲ੍ਹ, ਜੇ ਤੁਸੀਂ ਆਪਣੇ ਸ਼ੰਕਿਆਂ ਨੂੰ ਦੂਰ ਕਰਨਾ ਚਾਹੁੰਦੇ ਹੋ ਜਾਂ ਆਪਣੇ ਸਿਲੇਬਸ ਨੂੰ ਜਾਣਨਾ ਚਾਹੁੰਦੇ ਹੋ, ਤਾਂ ਸਭ ਕੁਝ ਆਨਲਾਈਨ ਉਪਲਬਧ ਹੈ. ਹੁਣ, ਸਿੱਖਿਆ ਤਕਨਾਲੋਜੀ ਤੋਂ ਬਿਨਾਂ ਕੁਝ ਵੀ ਨਹੀਂ ਹੈ।

ਸਿੱਖਿਆ ਦੇ ਖੇਤਰ ਵਿੱਚ ਕਈ ਕਿਸਮਾਂ ਦੀਆਂ ਤਕਨੀਕਾਂ ਵਰਤੀਆਂ ਜਾਂਦੀਆਂ ਹਨ ਜਿਵੇਂ ਕਿ ਸਮਾਰਟਬੋਰਡ, ਪ੍ਰੋਜੈਕਟਰ, ਕੰਪਿਊਟਰ, ਮੋਬਾਈਲ,. ਓਧ ਆਦਿ। ਸਮਾਰਟ-ਬੋਰਡ ਇੱਕ ਇੰਟਰਐਕਟਿਵ ਵ੍ਹਾਈਟਬੋਰਡ ਹੈ ਜਿਸਦੀ ਵਰਤੋਂ ਅਧਿਆਪਨ ਸਿਖਲਾਈ ਸਾਧਨ ਵਜੋਂ ਕੀਤੀ ਜਾ ਸਕਦੀ ਹੈ। ਅਧਿਆਪਕ ਪ੍ਰੋਜੈਕਟਰ 'ਤੇ ਆਪਣੇ ਅਧਿਆਪਨ ਦੇ ਵਿਸ਼ੇ ਨੂੰ ਸਾਂਝਾ ਕਰ ਸਕਦਾ ਹੈ ਜੋ ਵਿਦਿਆਰਥੀਆਂ ਨੂੰ ਸੰਕਲਪ ਦਾ ਇੱਕ ਵੱਡਾ ਸੰਸਕਰਣ ਦੇਖਣ ਦੀ ਆਗਿਆ ਦਿੰਦਾ ਹੈ। 54 ਦੀ ਵਰਤੋਂ ਨਵੀਨਤਮ ਵਰਤਮਾਨ ਸਮਾਗਮਾਂ ਨੂੰ ਦਿਖਾਉਣ ਲਈ ਕੀਤੀ ਜਾ ਸਕਦੀ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਪ੍ਰਧਾਨ ਮੰਤਰੀ ਦੇ ਸੰਬੋਧਨ ਸ਼ਾਮਲ ਹੁੰਦੇ ਹਨ। ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰਕਿਰਿਆ ਤਕਨੀਕੀ ਤਰੱਕੀ ਦੇ ਨਾਲ ਸਰਲ ਹੋ ਜਾਂਦੀ ਹੈ। ਸਕੂਲਾਂ ਵਿੱਚ ਤਕਨਾਲੋਜੀ ਦੀ ਵਰਤੋਂ ਕਰਕੇ ਵਿਦਿਆਰਥੀ ਆਸਾਨੀ ਨਾਲ ਧਾਰਨਾਵਾਂ ਸਿੱਖ ਸਕਦੇ ਹਨ ਅਤੇ ਜਿਵੇਂ ਕਿ ਕੰਪਿਊਟਰ ਲੈਬਾਂ ਜਿੱਥੇ ਵਿਦਿਆਰਥੀ ਆਪਣੇ ਦਸਤਾਵੇਜ਼ ਸਟੋਰ ਕਰ ਸਕਦੇ ਹਨ ਅਤੇ ਕਿਸੇ ਵੀ ਸਮੇਂ ਪਹੁੰਚ ਕਰ ਸਕਦੇ ਹਨ। ਅੱਜਕੱਲ੍ਹ, ਦਸਤਾਵੇਜ਼ਾਂ ਦੀਆਂ ਅਸਲ ਕਾਪੀਆਂ ਨੂੰ ਸਟੋਰ ਕਰਨ ਲਈ ਡਿਜੀਲੌਕਰ ਵਰਗੀਆਂ ਐਪਲੀਕੇਸ਼ਨ ਉਪਲਬਧ ਹਨ ਜੋ ਬਹੁਤ ਮਹੱਤਵਪੂਰਨ ਹਨ।

ਇਹ ਸਮਝਣਾ ਹੋਵੇਗਾ ਕਿ ਸੰਕਲਪਾਂ ਦੀ ਵਿਜ਼ੂਅਲ ਵਿਆਖਿਆ ਵਿਦਿਆਰਥੀਆਂ ਲਈ ਸਿੱਖਣ ਨੂੰ ਮਜ਼ੇਦਾਰ ਅਤੇ ਦਿਲਚਸਪ ਬਣਾਉਂਦੀ ਹੈ। ਉਹ ਕਲਾਸਰੂਮ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਦੇ ਯੋਗ ਹੁੰਦੇ ਹਨ ਅਤੇ ਇੱਥੋਂ ਤੱਕ ਕਿ ਅਧਿਆਪਕਾਂ ਨੂੰ ਵੀ ਆਪਣੀਆਂ ਕਲਾਸਾਂ ਨੂੰ ਵਧੇਰੇ ਇੰਟਰਐਕਟਿਵ ਅਤੇ ਦਿਲਚਸਪ ਬਣਾਉਣ ਦਾ ਮੌਕਾ ਮਿਲਦਾ ਹੈ। ਜਦੋਂ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਸਕੂਲ, ਵਿਦਿਆਰਥੀ ਕਲਾਸਰੂਮ ਛੱਡਣ ਤੋਂ ਬਿਨਾਂ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਹਮਰੁਤਬਾ ਨੂੰ ਮਿਲ ਸਕਦੇ ਹਨ। ਕੁਝ ਸਾਈਟਾਂ ਜਿਵੇਂ ਕਿ www.gloivco.com ਦੀ ਵਰਤੋਂ ਵਿਦਿਆਰਥੀਆਂ ਦੇ ਸਮੂਹ ਨੂੰ ਕਿਸੇ ਹੋਰ ਦੇਸ਼ ਦੇ ਅਧਿਆਪਕ ਨਾਲ ਜੋੜ ਕੇ ਵਿਦੇਸ਼ੀ ਭਾਸ਼ਾਵਾਂ ਆਨਲਾਈਨ ਸਿੱਖਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਕੀਤੀ ਜਾਂਦੀ ਹੈ। ਆਨਲਾਈਨ ਡਿਗਰੀ ਪ੍ਰੋਗਰਾਮਾਂ




ਦੀ ਸ਼ੁਰੂਆਤ ਨਾਲ ਕਲਾਸਰੂਮ ਵਿੱਚ ਸਰੀਰਕ ਤੌਰ 'ਤੇ ਮੌਜੂਦ ਹੋਣ ਦੀ ਸ਼ਾਇਦ ਹੀ ਕੋਈ ਲੋੜ ਹੁੰਦੀ ਹੈ। ਇੱਥੋਂ ਤੱਕ ਕਿ ਕਈ ਵਿਦੇਸ਼ੀ ਯੂਨੀਵਰਸਿਟੀਆਂ ਨੇ ਆਨਲਾਈਨ ਡਿਗਰੀ ਕੋਰਸ ਸ਼ੁਰੂ ਕੀਤੇ ਹਨ ਜਿਨ੍ਹਾਂ ਵਿੱਚ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਡਿਸਟੈਂਸ ਲਰਨਿੰਗ ਅਤੇ ਆਨਲਾਈਨ ਸਿੱਖਿਆ ਅੱਜਕੱਲ੍ਹ ਸਿੱਖਿਆ ਪ੍ਰਣਾਲੀ ਦਾ ਬਹੁਤ ਮਹੱਤਵਪੂਰਨ ਹਿੱਸਾ ਬਣ ਗਈ ਹੈ। ਰਾਸ਼ਟਰੀ ਸਿੱਖਿਆ ਨੀਤੀ 2020, ਜੋ ਕਿ ਭਾਰਤ ਸਰਕਾਰ ਦੁਆਰਾ ਹਾਲ ਹੀ ਵਿੱਚ ਪੇਸ਼ ਕੀਤੀ ਗਈ ਹੈ, ਦਾ ਉਦੇਸ਼ ਦੇਸ਼ ਵਿੱਚ ਸਿੱਖਿਆ ਪ੍ਰਣਾਲੀ ਨੂੰ ਸੋਧਣਾ ਅਤੇ ਸਾਰਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਵਿੱਚ ਸਿੱਖਿਆ ਵਿੱਚ ਤਕਨਾਲੋਜੀ ਦੇ ਏਕੀਕਰਣ ਦੀ ਭੂਮਿਕਾ ਦੇ ਮੁੱਖ ਤੱਤਾਂ ਵਿੱਚੋਂ ਇੱਕ। ਤਕਨਾਲੋਜੀ ਦੀ ਵਰਤੋਂ ਵਿਦਿਆਰਥੀਆਂ ਨੂੰ ਪ੍ਰਦਾਨ ਕਰਦੇ ਹੋਏ ਸਿੱਖਿਆ ਪ੍ਰਣਾਲੀ ਦੀ ਕੁਸ਼ਲਤਾ ਅਤੇ ਪ੍ਰਭਾਵ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੀ ਹੈ।ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਅਤੇ ਉਹਨਾਂ ਨੂੰ ਆਪਣੀ ਸ਼ਾਂਤੀ ਨਾਲ ਸਿੱਖਣ ਦੇ ਯੋਗ ਬਣਾਉਣ ਦੇ ਨਾਲ।

ਤਕਨਾਲੋਜੀ ਵਿਦਿਆਰਥੀਆਂ ਨੂੰ ਔਨਲਾਈਨ ਟਿਊਟੋਰਿਅਲਸ, ਵੀਡੀਓਜ਼, ਅਤੇ ਇੰਟਰਐਕਟਿਵ ਗੇਮਾਂ ਵਰਗੇ ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਪ੍ਰਦਾਨ ਕਰਕੇ ਵਿਅਕਤੀਗਤ ਸਿੱਖਣ ਨੂੰ ਸਮਰੱਥ ਬਣਾਉਂਦੀ ਹੈ, ਜੋ ਉਹਨਾਂ ਦੀਆਂ ਵਿਅਕਤੀਗਤ ਲੋੜਾਂ ਅਤੇ ਸਿੱਖਣ ਦੀਆਂ ਸ਼ੈਲੀਆਂ



ਦੇ ਅਨੁਸਾਰ ਬਣਾਈਆਂ ਜਾ ਸਕਦੀਆਂ ਹਨ। ਇਹ ਵਿਦਿਆਰਥੀਆਂ ਨੂੰ ਆਪਣੀ ਰਫਤਾਰ ਨਾਲ ਸਿੱਖਣ ਅਤੇ ਵਿਸ਼ੇ ਦੀ ਉਹਨਾਂ ਦੀ ਸਮਝ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ।ਤਕਨਾਲੋਜੀ ਡਿਜ਼ੀਟਲ ਪਾੜੇ ਨੂੰ ਪੂਰਾ ਕਰਨ ਅਤੇ ਦੂਰ-ਦੁਰਾਡੇ ਅਤੇ ਪਛੜੇ ਖੇਤਰਾਂ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੀ ਹੈ। ਈ-ਲਰਨਿੰਗ ਪਲੇਟਫਾਰਮਸ ਦੀ ਵਰਤੋਂ ਦੁਆਰਾ ਇਹਨਾਂ ਖੇਤਰਾਂ ਵਿੱਚ ਵਿਦਿਆਰਥੀ ਵਿਦਿਅਕ ਸਰੋਤਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਔਨਲਾਈਨ ਕਲਾਸਾਂ ਵਿੱਚ ਹਿੱਸਾ ਲੈ ਸਕਦੇ ਹਨ, ਭਾਵੇਂ ਉਹਨਾਂ ਦੇ ਸਥਾਨ ਦੀ ਪਰਵਾਹ ਕੀਤੇ ਬਿਨਾਂ।

ਤਕਨਾਲੋਜੀ ਦੀ ਵਰਤੋਂ ਮੁਲਾਂਕਣ ਅਤੇ ਮੁਲਾਂਕਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਲਈ ਵੀ ਕੀਤੀ ਜਾ ਸਕਦੀ ਹੈ। ਔਨਲਾਈਨ ਟੈਸਟਿੰਗ ਅਤੇ ਮੁਲਾਂਕਣ ਸਾਧਨਾਂ ਦੀ ਵਰਤੋਂ ਨਾਲ, ਅਧਿਆਪਕ ਆਸਾਨੀ ਨਾਲ ਵਿਦਿਆਰਥੀ ਦੀ ਪ੍ਰਗਤੀ ਦਾ ਮੁਲਾਂਕਣ ਕਰ ਸਕਦੇ ਹਨ ਅਤੇ ਫੀਡਬੈਕ ਪ੍ਰਦਾਨ ਕਰ ਸਕਦੇ ਹਨ, ਜੋ ਵਿਦਿਆਰਥੀ ਦੀ ਸਿਖਲਾਈ ਅਤੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਤਕਨਾਲੋਜੀ ਸਹਿਯੋਗੀ ਸਿੱਖਣ ਦੀ ਸਹੂਲਤ ਪ੍ਰਦਾਨ ਕਰ ਸਕਦੀ ਹੈ ਅਤੇ ਵਿਦਿਆਰਥੀਆਂ ਵਿਚਕਾਰ ਟੀਮ ਵਰਕ ਨੂੰ ਉਤਸ਼ਾਹਿਤ ਕਰ ਸਕਦੀ ਹੈ। ਵਰਚੁਅਲ ਕਲਾਸਰੂਮਾਂ ਅਤੇ ਔਨਲਾਈਨ ਸਹਿਯੋਗੀ ਸਾਧਨਾਂ ਦੀ ਵਰਤੋਂ ਦੁਆਰਾ, ਵਿਦਿਆਰਥੀ ਪ੍ਰੋਜੈਕਟਾਂ 'ਤੇ ਇਕੱਠੇ ਕੰਮ ਕਰ ਸਕਦੇ ਹਨ, ਵਿਚਾਰਾਂ ਅਤੇ ਸਰੋਤਾਂ ਨੂੰ ਸਾਂਝਾ ਕਰ ਸਕਦੇ ਹਨ, ਅਤੇ ਆਪਣੇ ਸਾਥੀਆਂ ਅਤੇ ਅਧਿਆਪਕਾਂ ਤੋਂ ਫੀਡਬੈਕ ਪ੍ਰਾਪਤ ਕਰ ਸਕਦੇ ਹਨ।

ਤਕਨੀਕੀ ਵਿਕਾਸ ਜਿਵੇਂ ਕਿ ਡਿਜੀਟਲ ਕੈਮਰੇ, ਪ੍ਰੋਜੈਕਟਰ, ਦਿਮਾਗ ਸਿਖਲਾਈ ਸੌਫਟਵੇਅਰ, ਕੰਪਿਊਟਰ, ਪਾਵਰਪੁਆਇੰਟ ਪੇਸ਼ਕਾਰੀਆਂ, 34 ਵਿਜ਼ੂਅਲਾਈਜ਼ੇਸ਼ਨ ਟੂਲ; ਇਹ ਸਭ ਅਧਿਆਪਕਾਂ ਲਈ ਇੱਕ ਸੰਕਲਪ ਨੂੰ ਆਸਾਨੀ ਨਾਲ ਸਮਝਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਵਧੀਆ ਸਰੋਤ ਬਣ ਗਏ ਹਨ।ਤਕਨਾਲੋਜੀ ਵਿਦਿਆਰਥੀਆਂ ਦੀ ਪ੍ਰਗਤੀ ਨੂੰ ਟਰੈਕ ਕਰਨ ਅਤੇ ਫੈਸਲੇ ਲੈਣ ਦੀ ਜਾਣਕਾਰੀ ਦੇਣ ਲਈ ਡੇਟਾ ਦੇ ਪ੍ਰਬੰਧਨ ਅਤੇ ਵਿਸ਼ਲੇਸ਼ਣ ਵਿੱਚ ਵੀ ਮਦਦ ਕਰ ਸਕਦੀ ਹੈ। ਇਹ ਸਕੂਲਾਂ ਅਤੇ ਵਿਦਿਅਕ ਸੰਸਥਾਵਾਂ ਨੂੰ ਆਪਣੇ ਕੰਮਕਾਜ ਨੂੰ ਬਿਹਤਰ ਬਣਾਉਣ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦਾ ਹੈ। ਤਕਨਾਲੋਜੀ ਦੀ ਵਰਤੋਂ ਅਧਿਆਪਕਾਂ ਲਈ ਪੇਸ਼ੇਵਰ ਵਿਕਾਸ ਦੇ ਮੌਕੇ ਪ੍ਰਦਾਨ ਕਰਨ ਲਈ ਕੀਤੀ ਜਾ ਸਕਦੀ ਹੈ, ਜਿਵੇਂ ਕਿ ਔਨਲਾਈਨ ਸਿਖਲਾਈ ਪ੍ਰੋਗਰਾਮ, ਵੈਬੀਨਾਰ, ਅਤੇ ਅਭਿਆਸ ਦੇ ਔਨਲਾਈਨ ਭਾਈਚਾਰਿਆਂ। ਇਹ ਅਧਿਆਪਕਾਂ ਨੂੰ ਅਧਿਆਪਨ ਦੇ ਨਵੀਨਤਮ ਤਰੀਕਿਆਂ ਅਤੇ ਰਣਨੀਤੀਆਂ ਨਾਲ ਆਧੁਨਿਕ ਰਹਿਣ ਵਿੱਚ ਮਦਦ ਕਰ ਸਕਦਾ ਹੈ, ਅਤੇ ਉਹਨਾਂ ਦੁਆਰਾ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦਾ ਹੈ।

# ਬਟਵਾਰਾ ਹੁੰਦਿਆਂ ਹੀ ਹਿੰਦੂ, ਸਿੱਖ ਤੇ ਮੁਸਲਮਾਨ ਫ਼ੌਜੀ ਜਵਾਨਾਂ ਦੀਆਂ ਬੈਰਕਾਂ ਹੋ ਗਈਆਂ ਸਨ ਵੱਖ

## ਹੌਲਦਾਰ ਦਲੀਪ ਸਿੰਘ ਨੇ ਸੁਣਾਇਆ ਭਾਰਤ-ਪਾਕਿ ਵੰਡ ਦਾ ਦਰਦ

**ਕਲਾਨੌਰ-** ਦੇਸ਼ ਭਰ 'ਚ ਜਿੱਥੇ ਆਜ਼ਾਦੀ ਦਿਹਾੜਾ ਮਨਾਉਣ ਲਈ ਤਿਆਰੀਆਂ ਤੇ ਰਿਹਰਸਲਾਂ ਸ਼ੁਰੂ ਹਨ ਉੱਥੇ ਹੀ ਭਾਰਤ-ਪਾਕਿਸਤਾਨ ਦਾ ਬਟਵਾਰਾ ਹੁੰਦਿਆਂ ਹੀ ਹਿੰਦੂ, ਸਿੱਖ ਤੇ ਮੁਸਲਮਾਨ ਫ਼ੌਜੀ ਜਵਾਨਾਂ ਦੀਆਂ ਬੈਰਕਾਂ ਤੇ ਰਹਿਣ-ਸਹਿਣ ਵੱਖ-ਵੱਖ ਕਰ ਦਿੱਤੇ ਗਏ ਸਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਭਾਰਤ-ਪਾਕਿ ਦੀ ਵੰਡ ਨੂੰ ਅੱਖੀਂ ਵੇਖ ਚੁੱਕੇ ਸੇਵਾਮੁਕਤ ਫੌਜ ਦੇ ਹੌਲਦਾਰ ਦਲੀਪ ਸਿੰਘ ਔਜਲਾ ਨੇ ਕੀਤਾ। ਭਾਰਤ-ਪਾਕਿਸਤਾਨ ਵੰਡ ਦੀ ਦਾਸਤਾਨ ਸੁਣਾਉਂਦਿਆਂ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਲਾਨੌਰ ਅਧੀਨ ਆਉਂਦੇ ਪਿੰਡ ਔਜਲਾ ਦੇ ਹੌਲਦਾਰ ਦਲੀਪ ਸਿੰਘ ਔਜਲਾ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ ਪਾਕਿਸਤਾਨ ਸਥਿਤ ਨਾਰੋਵਾਲ ਜ਼ਿਲ੍ਹਾ ਸਿਆਲਕੋਟ 'ਚ 3 ਅਪ੍ਰੈਲ 1928 ਨੂੰ ਪਿਤਾ ਘਸੀਟਾ ਸਿੰਘ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ਹੋਇਆ।

ਇਸ ਮੌਕੇ ਬਾਪੂ ਦਲੀਪ ਸਿੰਘ ਨੇ ਨਾਰੋਵਾਲ ਦੇ ਖ਼ਾਲਸਾ ਹਾਈ ਸਕੂਲ ਤੋਂ ਪਾਸ ਕੀਤੀ ਮੈਟ੍ਰਿਕ ਦੇ ਸਰਟੀਫਿਕੇਟ ਦਿਖਾਉਂਦਿਆਂ ਕਿਹਾ ਕਿ ਉਹ ਤਿੰਨ ਭਰਾ ਅਤੇ ਇਕ ਭੈਣ ਸਨ ਅਤੇ ਉਹ ਖ਼ੁਦ ਵੱਡੇ ਭਰਾ ਫ਼ੌਜੀ ਜਰਨੈਲ ਸਿੰਘ ਤੋਂ ਛੋਟੇ ਹਨ। ਉਸ ਨੇ ਦੱਸਿਆ ਕਿ ਅੰਗਰੇਜ਼ ਸਰਕਾਰ ਦੌਰਾਨ ਉਹ 10 ਫਰਵਰੀ 1946 ਨੂੰ ਨਾਰੋਵਾਲ ਵਿਖੇ ਹੋਈ ਫ਼ੌਜ ਦੀ ਭਰਤੀ ਦੌਰਾਨ ਫ਼ੌਜ ਦੀ ਸਿਗਨਲ ਕੋਰ ਵਿਚ ਸਿਪਾਹੀ ਭਰਤੀ ਹੋਏ ਸਨ ਅਤੇ ਇਸ ਉਪਰੰਤ ਕੋਰ ਸਿਗਨਲ ਵਿਚ ਮਈ ਮਹੀਨੇ 1947 ਨੂੰ ਜਦੋਂ ਟ੍ਰੇਨਿੰਗ ਖ਼ਤਮ ਕਰਨ ਉਪਰੰਤ ਪਹਿਲੀ ਛੁੱਟੀ ਕੱਟਣ ਆਪਣੇ ਜੱਦੀ ਪਿੰਡ ਵੱਲ ਨੂੰ ਆ ਰਿਹਾ ਸੀ ਕਿ ਦਿੱਲੀ ਪੁੱਜਣ ਉਪਰੰਤ ਉਸ ਨੂੰ ਨਾਹਰੋਵਾ ਜਾਣ ਵਾਲੀ ਗੱਡੀ ਨਾ ਮਿਲਣ ਕਰਕੇ ਵਾਪਸ ਯੂਨਿਟ ਵਿਚ ਚਲਾ ਗਿਆ ਸੀ।

ਉਸ ਨੇ ਦੱਸਿਆ ਕਿ ਉਸ ਸਮੇਂ ਦੇਸ਼ ਨੂੰ ਆਜ਼ਾਦੀ ਮਿਲਣ ਤੇ ਭਾਰਤ-ਪਾਕਿ ਵੰਡ ਦੇ ਚਰਚੇ ਸ਼ਹਿਰਾਂ ਤੇ ਪਿੰਡਾਂ ਵਿਚ ਹੋ ਰਹੇ ਸਨ। ਉਸ ਨੇ ਦੱਸਿਆ ਕਿ ਜਦੋਂ ਉਹ ਜਬਲਪੁਰ ਵਿਚ ਆਪਣੀ ਸਿਗਨਲ ਕੋਰ ਵਿਚ ਗਏ ਤਾਂ ਉਸ ਦਾ ਪਰਿਵਾਰਕ ਜੀਆਂ ਨਾਲੋਂ ਨਾਤਾ ਟੁੱਟ ਚੁੱਕਾ ਸੀ। ਬਾਪੂ ਦਲੀਪ ਸਿੰਘ ਨੇ ਦੱਸਿਆ ਕਿ ਭਾਰਤ ਪਾਕਿਸਤਾਨ ਦੀ ਵੰਡ ਹੁੰਦਿਆਂ ਹੀ ਅੰਗਰੇਜ਼ ਕਰਨਲ ਵੱਲੋਂ ਹਿੰਦੂ, ਸਿੱਖ ਤੇ ਮੁਸਲਮਾਨ ਫ਼ੌਜੀ ਜਵਾਨਾਂ ਦੀਆਂ ਬੈਰਕਾਂ ਵੱਖ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅੰਗਰੇਜ਼ ਕਰਨਲ ਵੱਲੋਂ ਬੈਰਕਾਂ ਵੱਖ-ਵੱਖ ਕਰਨ ਤੋਂ ਇਲਾਵਾ ਲੰਗਰ, ਧੋਬੀ ਘਾਟ, ਨਾਈ ਗਾਰਡ ਇੱਥੋਂ ਤੱਕ ਕਿ ਜੁੱਤੀਆਂ ਦੀ ਸਿਲਾਈ ਕਰਨ ਵਾਲੇ ਮੋਚੀਆਂ ਨੂੰ ਵੀ ਵੱਖ-ਵੱਖ ਕਰ ਦਿੱਤਾ ਗਿਆ ਸੀ। ਅੰਗਰੇਜ਼ ਅਫ਼ਸਰਾਂ ਨੇ ਮੁਸਲਮਾਨ ਪਾਕਿਸਤਾਨੀ ਫ਼ੌਜੀਆਂ ਨੂੰ ਸਖ਼ਤ ਸੁਰੱਖਿਆ ਪ੍ਰਬੰਧ ਹੇਠ ਜਬਲਪੁਰ ਤੋਂ ਦਿੱਲੀ ਫਿਰ ਅੰਮ੍ਰਿਤਸਰ ਅਤੇ ਬਾਅਦ ਵਿਚ ਲਾਹੌਰ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਬਟਵਾਰੇ ਦੇ ਪਹਿਲੇ ਦਿਨ ਅਮਨ ਸ਼ਾਂਤੀ ਰਹੀ ਸੀ ਜਦਕਿ ਬਾਅਦ ਵਿਚ ਕਤਲੇਆਮ ਸ਼ੁਰੂ ਹੋਇਆ। ਲਾਲ ਦਲੀਪ ਸਿੰਘ ਨੇ ਦੱਸਿਆ ਕਿ ਭਾਰਤ-ਪਾਕਿਸਤਾਨ ਦੀ ਵੰਡ ਦੌਰਾਨ ਮੇਰਾ ਵੱਡਾ ਭਰਾ ਜਰਨੈਲ ਸਿੰਘ ਜੋ ਰਾਵਲਪਿੰਡੀ ਵਿਚ ਫ਼ੌਜ ਦੇ ਦਫ਼ਤਰ 'ਚ ਤਾਇਨਾਤ ਸੀ, ਛੁੱਟੀ ਆਇਆ ਹੋਣ ਕਾਰਨ ਆਪਣੀ ਸੂਝ-ਬੂਝ ਨਾਲ ਪਰਿਵਾਰ ਨੂੰ ਧਾਰੀਵਾਲ ਥਾਣੇ ਵਿਚ ਤਾਇਨਾਤ ਤਾਏ ਦੇ ਪੁੱਤ ਥਾਣੇਦਾਰ ਹਰਵੰਤ ਸਿੰਘ ਦੇ ਸਹਿਯੋਗ ਨਾਲ ਪਹਿਲੀ ਟ੍ਰੇਨ ਵਿਚ ਭਾਰਤ ਲੈ ਆਇਆ ਸੀ ਜਿੱਥੇ ਉਹ ਧਾਰੀਵਾਲ ਦੇ ਪਿੰਡ ਡੱਡਵਾਂ ਵਿਖੇ ਠਹਿਰੇ। ਬਾਪੂ ਦਲੀਪ ਸਿੰਘ ਨੇ ਕਿਹਾ ਕਿ ਮੇਰੇ ਫ਼ੌਜੀ ਭਰਾ ਜਰਨੈਲ ਸਿੰਘ ਵੱਲੋਂ ਫ਼ੌਜ ਅਧਿਕ-ਾਰੀਆਂ ਨਾਲ ਜੱਦੋਜਹਿਦ ਕਰ ਕੇ ਉਸ ਨੂੰ ਜਬਲਪੁਰ ਚਿੱਠੀ ਪਾ ਕੇ ਧਾਰੀਵਾਲ ਦੇ ਪਿੰਡ ਡੱਡਵਾਂ ਦਾ ਪਤਾ ਭੇਜਿਆ ਸੀ ਅਤੇ ਉਹ ਜੱਦੋਜਹਿਦ ਕਰ ਕੇ ਚਾਰ ਮਹੀਨੇ ਬਾਅਦ 30 ਜਨਵਰੀ 1948 ਨੂੰ ਆਪਣੇ ਪਿੰਡ ਪੁੱਜੇ ਅਤੇ ਉਸ ਨੂੰ ਰਸਤੇ ਵਿਚ ਪਤਾ ਲੱਗਾ ਕਿ ਨੱਥੂ ਰਾਮ ਗੋਡਸੇ ਨੇ ਮਹਾਤਮਾ ਗਾਂਧੀ ਨੂੰ ਗੋਲ਼ੀ ਮਾਰ ਕੇ ਹਲਾਕ ਕਰ ਦਿੱਤਾ ਹੈ।



ਉਨ੍ਹਾਂ ਦੱਸਿਆ ਕਿ ਭਾਰਤ-ਪਾਕਿ ਵੰਡ ਦੌਰਾਨ ਭਾਵੇਂ ਉਨ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਆਪਣੇ ਘਰ ਦਾ ਸਾਮਾਨ ਗੁਆਂਢੀ ਮੁਸਲਮਾਨ ਦੇ ਘਰ ਪਰਿਵਾਰ ਦੇ ਜੀਅ ਮੁੜ ਵਾਪਸ ਆਉਣ ਦੀ ਉਮੀਦ ਰੱਖ ਕੇ ਖ਼ਾਲੀ ਹੱਥ ਆਏ ਸਨ। ਬਾਪੂ ਦਲੀਪ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਅੰ-ਗਰੇਜ਼ਾਂ ਦੇ ਪਿੰਡ ਸਥਿਤ ਰੈਸਟ ਹਾਊਸ ਜਿਸ ਨੂੰ ਔਜਲਾ ਕੋਠੀ ਕਿਹਾ ਜਾਂਦਾ ਹੈ, ਦੀ ਅਲਾਟਮੈਂਟ ਹੋਈ। ਬਾਪੂ ਦਲੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਭਰਤੀ ਹੋਏ ਸਨ ਤਾਂ 50 ਰੁਪਏ ਮਹੀਨਾ ਤਨਖ਼ਾਹ ਅਤੇ 15 ਰੁਪਏ ਮੈਟ੍ਰਿਕ ਅਲਾਊਂਸ ਮਿਲਦਾ ਸੀ ਅਤੇ ਫ਼ੌਜ ਵਿਚ ਭਰਤੀ ਕਰਾਉਣ ਵਾਲੇ ਨੂੰ 10 ਰੁਪਏ ਇਨਾਮ ਅੰਗਰੇਜ਼ ਸਰਕਾਰ ਵੱਲੋਂ ਦਿੱਤਾ ਜਾਂਦਾ ਸੀ ਪਰੰਤੂ ਉਹ ਖ਼ੁਦ ਭਰਤੀ ਹੋਣ ਕਾਰਨ ਉਸ ਨੂੰ 10 ਰੁਪਏ ਇਨਾਮ ਵਜੋਂ ਮਿਲੇ ਸਨ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਦੇ ਰਾਜ ਦੌਰਾਨ ਅਮੀਰ ਤੇ ਗ਼ਰੀਬ ਨੂੰ ਇਨਸਾਫ ਮਿਲਦਾ ਸੀ ਅਤੇ ਜ਼ਮਾਨਾ ਵੀ ਚੰਗਾ ਸੀ ਤੇ ਲੋਕ ਰਲ਼ ਮਿਲ ਕੇ ਰਹਿੰਦੇ ਸਨ। ਦਲੀਪ ਸਿੰਘ ਨੇ ਦੱਸਿਆ ਕਿ ਉਹ ਫ਼ੌਜ 'ਚੋਂ ਸੇਵਾਮੁਕਤ ਹੋਣ ਤੋਂ ਬਾਅਦ ਹੋਮਗਾਰਡ ਵਿਚ 1968 ਨੂੰ ਬਤੌਰ ਪਲਟੂਨ ਕਮਾਂਡਰ ਵਜੋਂ ਸੇਵਾਮੁਕਤ ਹੋਏ ਸਨ। ਇਸ ਮੌਕੇ ਭਰਤੀ ਦੌਰਾਨ ਉਸ ਨੂੰ 65 ਰੁਪਏ ਤਨਖ਼ਾਹ ਮਿਲਦੀ ਸੀ ਉਥੇ ਅੱਜ ਉਨ੍ਹਾਂ ਨੂੰ 65,000 ਪੈਨਸ਼ਨ ਮਿਲ ਰਹੀ ਹੈ। ਉਸ ਸਮੇਂ 65 ਰੁਪਏ ਦਾ 65 ਹਜ਼ਾਰ ਰੁਪਏ ਨਾਲੋਂ ਵੀ ਜ਼ਿਆਦਾ ਮੁੱਲ ਸੀ। ਬਾਪੂ ਦਲੀਪ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਦੇਸ਼ ਦੀ ਤਰੱਕੀ 'ਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਨਰੋਏ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਜ਼ਾਦੀ ਦੇ ਬਾਵਜੂਦ ਵੀ ਸਮੇਂ-ਸਮੇਂ ਦੀਆਂ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ, ਅਮਨ ਸ਼ਾਂਤੀ ਦਾ ਰਾਜ ਤੇ ਇਨਸਾਫ਼ ਦੇਣ ਤੋਂ ਅਸਮਰੱਥ ਰਹੀਆਂ ਹਨ।

# ਸੂਰਜ ਦੀ ਸਤ੍ਹਾ 'ਤੇ ਹੋਇਆ ਜ਼ਬਰਦਸਤ ਧਮਾਕਾ

**ਨੈਨੀਤਾਲ-** ਸੂਰਜ ਦੀ ਸਤ੍ਹਾ 'ਤੇ ਐਤਵਾਰ ਤੜਕੇ ਜ਼ਬਰਦਸਤ ਧਮਾਕਾ ਹੋਇਆ। ਧਮਾਕੇ ਪਿੱਛੋਂ ਉੱਠਿਆ ਸੂਰਜੀ ਤੂਫ਼ਾਨ ਧਰਤੀ ਵੱਲ ਵਧ ਰਿਹਾ ਹੈ। ਆਰੀਆ ਭੱਟ ਲਾਂਚਿੰਗ ਵਿਗਿਆਨ ਖੋਜ ਸੰਸਥਾ (ਏਰੀਜ਼) ਨੈਨੀਤਾਲ ਦੇ ਸਾਬਕਾ ਡਾਇਰੈਕਟਰ ਡਾ. ਵਹਾਬਉੱਦੀਨ ਨੇ ਦੱਸਿਆ ਕਿ ਸੂਰਜ ਦੀ ਸਤ੍ਹਾ 'ਤੇ (ਸਨਸਪੌਟ ਏਆਰ-3386) ਧਮਾਕਾ ਭਾਰਤੀ ਸਮੇਂ ਮੁਤਾਬਕ ਤੜਕੇ 3.15 ਵਜੇ ਹੋਇਆ। ਇਹ 4.10 ਵਜੇ ਤੱਕ ਜਾਰੀ ਰਿਹਾ। ਕਰੀਬ 55 ਮਿੰਟਾਂ ਤੱਕ ਹੋਏ ਧਮਾਕੇ 'ਚ ਐਕਸ 1.6 ਸ਼੍ਰੇਣੀ ਦੀ ਵਿਸ਼ਾਲ ਸੂਰਜੀ ਲਾਟ ਪੈਦਾ ਹੋਈ। ਨਾਸਾ ਦੀ ਸੋਲਰ ਡਾਇਨਾਮਿਕਸ ਆਬਜ਼ਰਵੇਟਰੀ ਨੇ ਇਸ ਧਮਾਕੇ ਨੂੰ ਕੈਮਰੇ 'ਚ ਕੈਦ ਕੀਤਾ ਹੈ। ਇਸ 'ਚੋਂ ਨਿਕਲੀ ਸੂਰਜੀ ਲਾਟ ਨੇ ਧਰਤੀ ਦੇ ਵਾਯੂਮੰਡਲ ਦੇ ਸਿਖਰ ਨੂੰ ਆਇਓਨਾਈਜ਼ਡ ਕਰ ਦਿੱਤਾ। ਇਸ ਦੇ ਸਿੱਟੇ ਵਜੋਂ ਪ੍ਰਸ਼ਾਂਤ ਮਹਾਸਾਗਰ ਦੇ ਉੱਪਰ ਸ਼ਾਰਟ ਵੈਂਬ ਰੇਡੀਓ ਬਲੈਕਆਊਟ ਹੋ ਗਿਆ।



ਧਮਾਕੇ ਨਾਲ ਸੀਐੱਮਈ ਯਾਨੀ ਉੱਚ ਊਰਜਾਵਾਨ ਕਣ ਨਿਕਲੇ ਹਨ। ਚੰਗੀ ਗੱਲ ਇਹ ਹੈ ਕਿ ਇਹ ਸਿੱਧੇ ਧਰਤੀ ਵੱਲ ਨਹੀਂ ਆ ਰਹੇ ਪਰ ਇਹ ਪਹਿਲਾਂ ਹੀ ਮੌਜੂਦ ਕਿਸੇ ਹੋਰ ਸੀਐੱਮਈ ਦੀ ਊਰਜਾ 'ਚ ਜੁੜ ਜਾਣਗੇ। ਇਸ ਕਾਰਨ ਅੱਠ ਤੇ ਨੌਂ ਅਗਸਤ ਨੂੰ ਇਸ ਦਾ ਅਸਰ ਧਰਤੀ ਦੇ ਧਰੁਵਾਂ 'ਤੇ ਦੇਖਣ ਨੂੰ ਮਿਲ ਸਕਦਾ ਹੈ। ਇਸ 'ਚ ਰੰਗ-ਬਿਰੰਗੀ ਰੋਸ਼ਨੀ (ਅਰੋਰਾ) ਦੇਖਣ ਨੂੰ ਮਿਲੇਗੀ। ਫ਼ਿਲਹਾਲ ਧਰਤੀ ਦੇ ਇਲੈਕਟ੍ਰਾਨਿਕ, ਇਲੈਕਟ੍ਰਿਕ ਤੇ ਹਵਾਈ ਸੇਵਾਵਾਂ ਅਤੇ ਬਨਾਉਟੀ ਉਪਗ੍ਰਹਿਆਂ ਦੇ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਬਹੁਤ ਹੀ ਘੱਟ ਹੈ।

# ਅਨੁਸੂਚਿਤ ਵਰਗ ਨੇ ਵੀ ਝੱਲਿਆ ਬਟਵਾਰੇ ਦਾ ਦਰਦ



ਹਰਦੀਪ ਸਿੰਘ ਚੁੰਬਰ
+91-94636-01616

ਅਖ਼ਬਾਰਾਂ ਪੱਤਰਕਾਰਾਂ ਅਤੇ ਹੋਰ ਮੀਡੀਆ ਭਾਰਤ ਪਾਕ ਵੰਡ ਸਮੇ ਦੇ ਉਜਾੜੇ ਦੇ ਦੁੱਖ ਦਰਦ ਦੀਆਂ ਕਹਾਣੀਆਂ ਬਹੁਤ ਹੀ ਮਨਾਂ ਨੂੰ ਛੂਹ ਦੇਣ ਵਾਲੇ ਢੰਗ ਨਾਲ ਵਰਨਣ ਕਰਦਾ ਆ ਰਿਹਾ ਹੈ। ਇਹ ਇੱਕ ਸ਼ਲਾਘਾਯੋਗ ਕੰਮ ਹੈ। ਹੁਣ ਤੱਕ ਬਟਵਾਰੇ ਸਮੇਂ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੂੰ ਉਸੇ ਸਮੇਂ ਜਾ ਬਾਅਦ ਵਿੱਚ ਵੀ ਉਹਨਾਂ ਦੀਆਂ ਸਮੱਸਿਆ 'ਤੇ ਦੇਖਭਾਲ ਅਤੇ ਧਿਆਨ ਦਿੱਤਾ ਗਿਆ ਹੈ। ਇਹਨਾਂ ਤਿੰਨਾਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੇ ਵਿੱਚ ਹਮੇਸ਼ਾ ਹੀ ਅਨੁਸੂਚਿਤ ਜਾਤੀਆਂ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੂੰ ਦੂਹਰੀ ਮਾਰ ਦੀ ਸ਼ਿਕਾਰ ਹੋਣਾ ਪਿਆ ਹੈ। ਪਹਿਲਾ ਆਮ ਸਮੱਸਿਆਵਾਂ ਜਿਹੜੀਆਂ ਸਮੇਂ-ਸਮੇਂ ਆਉਂਦੀਆਂ ਰਹਿੰਦੀਆਂ ਹਨ, ਦੂਜੀਆਂ ਉਹ ਜਿਹੜੀਆਂ ਜਨਰਲ ਵਰਗ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੁਆਰਾ ਉਹਨਾ ਲਈ ਖੜੀਆਂ ਕੀਤੀਆਂ ਜਾਂਦੀਆਂ ਹਨ। ਉਜਾੜੇ ਸਮੇਂ ਅਨੁਸੂਚਿਤ ਜਾਤੀਆਂ ਦੀ ਸਮੱਸਿਆਵਾਂ ਨੂੰ ਜਾਂ ਤਾਂ ਮੌਜੂਦ ਹੀ ਨਹੀਂ ਮੰਨਿਆ ਗਿਆ, ਜਾਂ ਇੰਨੀ ਛੋਟੀ ਸਮਝੀ ਗਈ ਹੈ ਕਿ ਵਿਸ਼ੇਸ਼ ਧਿਆਨ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਕੁਝ ਲੋਕ ਅਨੁਸੂਚਿਤ ਜਾਤੀਆਂ ਦੀ ਸਮੱਸਿਆ ਦਾ ਜ਼ਿਕਰ ਕਰਨਾ ਪਸੰਦ ਨਹੀਂ ਕਰਦੇ ਹਨ, ਫਿਰ ਵੀ ਸਾਡੇ ਵਿੱਚੋਂ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਹਨ, ਉਹ ਜਾਣਦੇ ਹਨ ਕਿ: ਸਮੱਸਿਆ ਮੌਜੂਦ ਹੈ ਅਤੇ ਇਹ ਮੁਸਲਮਾਨਾਂ ਦੀ ਸਮੱਸਿਆ ਤੋਂ ਵੀ ਜ਼ਿਆਦਾ ਗੰਭੀਰ ਹੈ।

ਭਾਰਤ ਦੀ ਵੰਡ ਤੋਂ ਬਾਅਦ, ਬੰਗਾਲ ਅਤੇ ਪੰਜਾਬ ਵਿੱਚ, ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸੰਪਰਦਾਇਕ ਝੜਪਾਂ ਇਸ ਪੱਧਰ 'ਤੇ ਪੈਦਾ ਹੋਈਆਂ ਜੋ ਪਹਿਲਾਂ ਕਦੇ ਨਹੀਂ ਅਨੁਭਵ ਕੀਤੀਆਂ ਗਈਆਂ ਸਨ। ਦੋਵਾਂ ਭਾਈਚਾਰਿਆਂ ਨੂੰ ਬਹੁਤ ਨੁਕਸਾਨ ਹੋਇਆ। ਪਰ ਉਜੜੇ ਲੋਕਾਂ ਦੇ ਉਸ ਬਦਤਰ ਹਾਲਾਤ ਵੀ ਜਾਤੀਵਾਦੀ ਲੋਕਾਂ ਦੇ ਮਨਾਂ ਵਿਚੋਂ ਲਹੀਂ ਕੱਢ ਸਕੇ। ਇਹ ਮਤਭੇਦ ਦੇ ਮਾੜੇ ਪ੍ਰਭਾਵ ਉਹਨਾਂ ਖੇਤਰਾਂ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਅਛੂਤਾਂ ਲੋਕਾਂ ਦੀ ਇੱਕ ਵੱਡੀ ਗਿਣਤੀ ਦੁਆਰਾ ਵੀ ਮਹਿਸੂਸ ਕੀਤੇ ਗਏ। ਹਿੰਦੂ ਧਰਮ ਦਾ ਅਧਾਰ ਹੀ ਵਰਣਵਾਦ ਅਤੇ ਜਾਤੀਵਾਦ ਹੈ ਇਹ ਦਿਖਾਈ ਦਿੰਦਾ ਹੋਵੇ ਜਾ ਮੌਜੂਦਾ ਸਮੇਂ ਅਦਿੱਖ ਹੋਵੇ ਉਸਦੇ ਅਗਾਮੀ ਪ੍ਰਭਾਵ ਹੋਣ ਵਾਲੇ ਹੋਣ, ਇਹ ਲੋਕ ਜਾਤੀਵਾਦੀ ਵਿਤਕਰਾ ਕਿਉਂ ਕਰਦੇ ਹਨ ਉਸ ਦਾ ਠੋਸ ਅਧਾਰ ਹੈ। ਪਰ ਸਿੱਖ ਹੋਣ ਦਾ ਬੋਰਡ ਲਗਾਉਣ ਵਾਲੇ ਵੀ ਜੇ ਕਰ ਇਹ ਵਿਤਕਰਾ ਕਰਦੇ ਹਨ ਤਾਂ ਉਹ ਸਿੱਖ ਹੋਣ ਦਾ ਢੌਂਗ ਹੀ ਹੈ, ਕਿਉਂਕਿ ਸਿੱਖ ਗੁਰੂ ਸਾਹਿਬ ਨੇ ਨਿਮਾਣਿਆਂ ਨਿਤਾਣਿਆਂ ਨੂੰ ਖਾਲਸਾ ਸਾਜ ਕੇ ਜਾਤਪਾਤ ਦਾ ਵਿਤਕਰਾ ਖਤਮ ਕਰਨ ਦਾ ਹੁਕਮ ਦਿੱਤਾ ਸੀ।



ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨੂੰ ਰਾਹਤ ਕੈਂਪਾਂ ਵਿੱਚ ਜਗਾ ਨਾਂ ਦੇਣਾ, ਉਹਨਾ ਰਾਹਤ ਸਮਗਰੀ ਦੇਣ ਵਿੱਚ ਵਿਤਕਰਾ ਕਰਨਾ ਆਮ ਜਿਹੀ ਗੱਲ ਸੀ। ਆਪਣੇ ਘਰਾਂ ਕਾਰੋਬਾਰਾਂ ਅਤੇ ਹੋਰ ਕੁੱਝ ਪਿੱਛੇ ਛੱਡਕੇ ਆਏ ਅਨੁਸੂਚਿਤ ਜਾਤੀਆਂ ਦੇ ਅਛੂਤ ਲੋਕਾਂ ਨਾਲ ਮੁੜ ਵਸੇਬੇ ਦਾ ਪ੍ਰਬੰਧ ਕਰਦੇ ਸਮੇਂ ਪੰਜਾਬ ਸਰਕਾਰ ਦੁਆਰਾ ਜ਼ਮੀਨਾਂ ਦੀ ਅਲਾਟਮੈਂਟ ਵਿੱਚ ਵਿਤਕਰਾ ਕੀਤਾ ਗਿਆ। ਕਿਉਂਕਿਪੰਜਾਬ ਪ੍ਰਾਂਤ ਵਿੱਚ ਲੈਂਡ ਅਲੀਨੇਸ਼ਨ ਐਕਟਅਨੁਸੂਚਿਤ ਜਾਤੀਆਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਦਾ ਹੈ। ਅਨੁਸੂਚਿਤ ਜਾਤੀਆਂ ਦੇ ਬਹੁਤ ਸਾਰੇ ਲੋਕ ਭਾਰਤ ਆਉਣਾ ਚਾਹੁੰਦੇ ਸਨ ਉਹਨਾ ਨੂੰ ਜ਼ਬਰਦਸਤੀ ਪਾਕਿਸਤਾਨ ਵਿੱਚ ਰੋਕਿਆ ਗਿਆ। ਸਿੱਖ ਅਤੇ ਜੱਟ ਲੋਕ ਭਾਰਤ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਤੋਂ ਜ਼ਬਰਦਸਤੀ ਉਹਨਾ ਦੇ ਘਰ ਬਾਰ ਅਤੇ ਕਾਰੋਬਾਰ ਖਾਲੀ ਕਰਵਾ ਰਹੇ ਹਨ।

ਡਾ ਬੀਆਰ ਅੰਬੇਡਕਰ ਨੂੰ ਅਛੂਤਾਂ ਦੁਆਰਾ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਜੱਟਾਂ ਦੁਆਰਾ ਦਿੱਤੇ ਜਾਣ ਵਾਲੇ ਦੁੱਖਾਂ ਨੂੰ ਝੱਲਣ ਦਾ ਵਰਣਨ ਕਰਨ ਵਾਲੀਆਂ ਬਹੁਤ ਸਾਰੀਆਂ ਚਿੱਠੀਆਂ ਪ੍ਰਾਪਤ ਹੋਈਆਂ ਸਨ। ਇਸ ਲਈ, ਉਸਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਮਿਤੀ 18 ਦਸੰਬਰ 1947 ਲਿਖਿਆ, ਜਿਸ ਵਿੱਚ ਉਹਨਾਂ ਨੂੰ ਅਛੂਤਾਂ ਦੇ ਦੁੱਖਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ - ਸੰਪਾਦਕਾਂ ਨੂੰ ਰਾਹਤ ਦੇਣ ਦੀ ਬੇਨਤੀ ਕੀਤੀ।

ਨਵੀਂ ਦਿੱਲੀ, 18 ਦਸੰਬਰ 1947

**ਮੇਰੇ ਪਿਆਰੇ ਸ਼੍ਰੀ ਜਵਾਹਰ ਲਾਲ,**

ਮੈਨੂੰ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਨਾਲ-ਨਾਲ ਉਨ੍ਹਾਂ ਤੋਂ ਵੀ ਬਹੁਤ ਸਾਰੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੇ ਦੇਖਿਆ ਹੈ ਅਤੇ ਭਾਰਤ ਆਉਣ ਤੋਂ ਰੋਕਿਆ ਹੈ। ਮੈਨੂੰ ਲੱਗਦਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਮੈਂ ਉਨ੍ਹਾਂ ਦੇ ਦੁੱਖਾਂ ਵੱਲ ਤੁਹਾਡਾ ਧਿਆਨ ਖਿੱਚਾਂ। ਕੀ ਹੋ ਰਿਹਾ ਹੈ ਅਤੇ ਕੀ ਕੀਤਾ ਜਾਣਾ ਚਾਹੀਦਾ ਹੈ, ਇਸ ਬਾਰੇ ਤੁਹਾਨੂੰ ਇੱਕ ਵਿਚਾਰ ਦੇਣ ਦੇ ਉਦੇਸ਼ ਲਈ, ਮੈਂ ਹੇਠਾਂ ਉਹਨਾਂ ਦੇ ਦੁੱਖਾਂ ਦੇ ਕਾਰਨਾਂ ਅਤੇ ਉਹਨਾਂ ਨੂੰ ਦੂਰ ਕਰਨ ਲਈ ਅਪਣਾਏ ਜਾਣ ਵਾਲੇ ਉਪਾਵਾਂ ਬਾਰੇ ਦੱਸ ਰਿਹਾ ਹਾਂ।

(1) ਪਾਕਿਸਤਾਨ ਸਰਕਾਰ ਹਰ ਸੰਭਵ ਤਰੀਕੇ ਨਾਲ ਅਨੁਸੂਚਿਤ ਜਾਤੀਆਂ ਨੂੰ ਆਪਣੇ ਖੇਤਰ ਵਿੱਚੋਂ ਕੱਢਣ ਤੋਂ ਰੋਕ ਰਹੀ ਹੈ। ਇਸ ਦਾ ਕਾਰਨ ਮੈਨੂੰ ਜਾਪਦਾ ਹੈ ਕਿ ਉਹ ਚਾਹੁੰਦੇ ਹਨ ਕਿ ਅਨੁਸੂਚਿਤ ਜਾਤੀਆਂ ਪਾਕਿਸਤਾਨ ਵਿੱਚ ਰਹਿ ਕੇ ਮਾਮੂਲੀ (ਸਾਫ ਸਫਾਈ ਦੇ) ਕੰਮ ਕਰਨ ਅਤੇ ਪਾਕਿਸਤਾਨ ਦੇ ਜ਼ਮੀਨਦਾਰ ਲੋਕਾਂ ਦੀ ਇਹ ਬੇਜ਼ਮੀਨੇ ਮਜ਼ਦੂਰਾਂ ਵਜੋਂ ਕੰਮ ਕਰਨ। ਪਾਕਿਸਤਾਨ ਸਰਕਾਰ ਖਾਸ ਤੌਰ 'ਤੇ ਉਨ੍ਹਾਂ ਸਫ਼ਾਈ ਕਰਮਚਾਰੀਆਂ ਨੂੰ ਕੈਦ ਕਰ ਲਿਆ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਜ਼ਰੂਰੀ ਸੇਵਾਵਾਂ ਨਾਲ ਸਬੰਧਿਤ ਵਿਅਕਤੀ ਘੋਸ਼ਿਤ ਕੀਤਾ ਹੈ ਅਤੇ ਜਿਨ੍ਹਾਂ ਨੂੰ ਉਹ ਇਕ ਮਹੀਨੇ ਦੇ ਨੋਟਿਸ ਦੇਣ ਤੋਂ ਬਾਅਦ ਵੀ ਰਿਹਾ ਕਰਨ ਲਈ ਤਿਆਰ ਨਹੀਂ ਚਿੰਤਤ ਕਰਦਾ ਹੈ।

2) ਐਮ ਈ ਓਵਜੋਂ ਜਾਣੀ ਜਾਂਦੀ ਸੰਸਥਾ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਦੀ ਮਦਦ ਕਰਨ ਵਿੱਚ ਕੁਝ ਲਾਭਦਾਇਕ ਰਿਹਾ ਹੈ ਜੋ ਪਾਕਿਸਤਾਨ ਤੋਂ ਬਾਹਰ ਨਿਕਲਣ ਲਈ ਬੇਚੈਨ ਹਨ। ਹਾਲਾਂਕਿ ਮੈਂ ਸਮਝਦਾ ਹਾਂ ਕਿ ਪਾਕਿਸਤਾਨ ਸਰਕਾਰ ਉਨ੍ਹਾਂ ਅਨੁਸੂਚਿਤ ਜਾਤੀਆਂ ਨਾਲ ਸਿੱਧਾ ਸੰਪਰਕ ਕਰਨ ਲਈ ਐਮ ਈ ਓ ਨੂੰ ਇਜਾਜ਼ਤ ਨਹੀਂ ਦੇ ਰਹੀ ਜੋ ਛੱਡਕੇ ਜਾਣਾ ਚਾਹੁੰਦੇ ਹਨ। ਸਿੱਟੇ ਵਜੋਂ, ਅਨੁਸੂਚਿਤ ਜਾਤੀਆਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਬਹੁਤ ਹੌਲੀ ਚੱਲ ਰਹੀ ਹੈ, ਅਤੇ ਕੁਝ ਥਾਵਾਂ 'ਤੇ ਇਹ ਰੁਕੀ ਹੋਈ ਹੈ। ਮੈਨੂੰ ਇਹ ਵੀ ਦੱਸਿਆ ਗਿਆ ਹੈ ਕਿ ਐਮਈਓ। ਬਹੁਤ ਜਲਦੀ ਬੰਦ ਹੋਣ ਜਾ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਪਾਕਿਸਤਾਨ ਤੋਂ ਅਨੁਸੂਚਿਤ ਜਾਤੀਆਂ ਨੂੰ ਕੱਢਣਾ ਕਾਫੀ ਅਸੰਭਵ ਹੋ ਜਾਵੇਗਾ।

(3) ਕੀ ਕਰਨਾ ਜ਼ਰੂਰੀ ਹੈ: - ਪਾਕਿਸਤਾਨ ਸਰਕਾਰ ਨੂੰ ਕਿਹਾ ਜਾਵੇ ਉਹ ਅਨੁਸੂਚਿਤ ਜਾਤੀਆਂ ਦੇ ਨਿਕਾਸੀ ਦੇ ਰਾਹ ਵਿਚ ਕੋਈ ਰੁਕਾਵਟ ਨਾ ਪਾਉਣ। ਐਮ ਈ ਓ ਅਨੁਸੂਚਿਤ ਜਾਤੀਆਂ ਦੇ ਲੋਕਾਂ ਨਾਲ ਸਿੱਧੇ ਸੰਪਰਕ ਵਿਚ ਆਉਣ ਲਈ ਅਤੇ ਛੱਡਕੇ ਜਾਣ ਦੀ ਇੱਛਾ ਰੱਖਦੇ ਹਨ, ਐਮ ਈ ਓ ਨੂੰ ਉਸ ਸਮੇਂ ਤੱਕ ਕੰਮ ਕਰਨਾ ਚਾਹੀਦਾ ਹੈਜਦੋਂ ਤੱਕ ਸਾਰੀਆਂ ਅਨੁਸੂਚਿਤ ਜਾਤੀਆਂ ਨੂੰ ਬਾਹਰ ਨਹੀਂ ਕੱਢਿਆ ਜਾਂਦਾ।

(4) ਹੁਣ ਤੱਕ ਰਾਹਤ ਅਤੇ ਮੁੜ ਵਸੇਬਾ ਮੰਤਰਾਲੇ ਨੇ ਪੱਛਮੀ ਪੰਜਾਬ ਲਈ ਅਨੁਸੂਚਿਤ ਜਾਤੀਆਂ ਵਿੱਚੋਂ ਸਿਰਫ਼ ਇੱਕ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ। ਪਰ ਪਾਕਿਸਤਾਨ ਦੇ ਹੋਰ ਸੂਬੇ ਜਿਵੇਂ ਕਿ ਐਨ। ਡਬਲਯੂਐਫਪੀ, ਸਿੰਧ ਅਤੇ ਭਹਾਵਲਪੁਰ ਬਚੇ ਹਨ ਅਤੇ ਜਿਨ੍ਹਾਂ ਲਈ ਅਜਿਹਾ ਕੋਈ ਅਧਿਕਾਰੀ ਨਿਯੁਕਤ ਨਹੀਂ ਕੀਤਾ ਗਿਆ ਹੈ। ਮੰਤਰਾਲੇ ਨੂੰ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ ਕਿ ਇਨ੍ਹਾਂ ਖੇਤਰਾਂ ਵਿੱਚ ਤੁਰੰਤ ਨਿਯੁਕਤੀਆਂ ਕੀਤੀਆਂ ਜਾਣ ਤਾਂ ਜੋ ਵਿਸ਼ੇਸ਼ ਅਧਿਕਾਰੀ ਪਾਕਿਸਤਾਨ ਖੇਤਰ ਦਾ ਦੌਰਾ ਕਰ ਸਕਣ ਅਤੇ ਉਨ੍ਹਾਂ ਥਾਵਾਂ ਦਾ ਪਤਾ ਲਗਾ ਸਕਣ ਜਿੱਥੇ ਪਾਕਿਸਤਾਨ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਨੂੰ ਆਉਣ ਤੋਂ ਰੋਕਿਆ ਗਿਆ ਹੈ।

ਉਨ੍ਹਾਂ ਅਨੁਸੂਚਿਤ ਜਾਤੀਆਂ ਦੇ ਸਬੰਧ ਵਿੱਚ ਜੋ ਪਾਕਿਸਤਾਨ ਤੋਂ ਪੂਰਬੀ ਪੰਜਾਬ ਵਿੱਚ ਆਏ ਹਨ, ਉਨ੍ਹਾਂ ਨੇ ਵੀ ਆਪਣੀਆਂ ਸ਼ਿਕਾਇਤਾਂ ਭੇਜੀਆਂ ਹਨ। ਉਨ੍ਹਾਂ ਦੀ ਗਿਣਤੀ ਉਨ੍ਹਾਂ ਲੋਕਾਂ ਨਾਲੋਂ ਕਿਤੇ ਜ਼ਿਆਦਾ ਹੈ, ਜਿਨ੍ਹਾਂ ਨੂੰ ਪਾਕਿਸਤਾਨ ਵਿਚ ਰੋਕ ਕੇ ਰੱਖਿਆ ਗਿਆ ਹੈ। ਮੇਰੇ ਕੋਲ ਉਹਨਾਂ ਦਾ ਸੰਖੇਪ ਹੇਠਾਂ ਦਿੱਤਾ ਗਿਆ ਹੈ: -

(ੳ) (1) ਪੂਰਬੀ ਪੰਜਾਬ ਵਿੱਚ ਆਉਣ ਵਾਲੇ ਅਨੁਸੂਚਿਤ ਜਾਤੀ ਦੇ ਲੋਕ ਭਾਰਤ ਸਰਕਾਰ ਦੁਆਰਾ ਸਥਾਪਿਤ ਸ਼ਰਣਾਰਥੀ ਕੈਂਪ ਵਜੋਂ ਰਹਿ ਰਹੇ ਹਨ। ਕਾਰਨ ਇਹ ਹੈ ਕਿ ਇਨ੍ਹਾਂ ਸ਼ਰਣਾਰਥੀ ਕੈਂਪਾਂ ਦੇ ਇੰਚਾਰਜ ਅਧਿਕਾਰੀ ਜਾਤੀ ਹਿੰਦੂ ਸ਼ਰਣਾਰਥੀਆਂ ਅਤੇ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਵਿਚਕਾਰ ਵਿਤਕਰਾ ਕਰਦੇ ਹਨ।

(2) ਅਜਿਹਾ ਪ੍ਰਤੀਤ ਹੁੰਦਾ ਹੈ ਕਿ ਰਾਹਤ ਅਤੇ ਮੁੜ ਵਸੇਬਾ ਵਿਭਾਗ ਨੇ ਇੱਕ ਨਿਯਮ ਬਣਾਇਆ ਹੈ ਕਿ ਇਹ ਸਿਰਫ ਇਹ ਹੈ ਕਿ ਜੋ ਸ਼ਰਨਾਰਥੀ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਨੂੰ ਰਾਸ਼ਨ, ਕੱਪੜੇ ਆਦਿ ਮਿਲ ਸਕਦੇ ਹਨ ਕਿਉਂਕਿ ਉਹਨਾਂ ਦੇ ਸ਼ਰਨਾਰਥੀ ਕੈਂਪਾਂ ਵਿੱਚ (ਵਿਤਕਰੇ) ਦੱਸੇ ਗਏ ਕਾਰਨ ਕਰਕੇ ਨਹੀਂ ਰੁਕੇ ਹਨ। ਉਪਰੋਕਤ, ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ ਹੈ। ਇਹ ਇੱਕ ਵੱਡੀ ਕਠਿਨਾਈ ਹੈ।

(3) ਕਿਉਂਕਿ ਵਿਤਕਰੇ ਨੂੰ ਰੋਕਿਆ ਨਹੀਂ ਜਾ ਸਕਦਾ, ਇਸ ਲਈ ਨਿਯਮ ਨੂੰ ਸੋਧਣਾ ਜ਼ਰੂਰੀ ਹੈ ਤਾਂ ਜੋ ਕੈਂਪਾਂ ਤੋਂ ਬਾਹਰ ਰਹਿ ਰਹੇ ਅਨੁਸੂਚਿਤ ਜਾਤੀ ਦੇ ਸ਼ਰਨਾਰਥੀ ਵੀ ਉਸੇ ਤਰ੍ਹਾਂ ਅਤੇ ਕੈਂਪਾਂ ਵਿੱਚ ਰਹਿ ਰਹੇ ਸ਼ਰਣਾਰਥੀਆਂ ਵਾਂਗ ਹੀ ਰਾਹਤ ਦੇ ਹੱਕਦਾਰ ਹੋਣ।

(ਅ) (1) ਪੂਰਬੀ ਪੰਜਾਬ ਸਰਕਾਰ ਦੁਆਰਾ ਜ਼ਮੀਨਾਂ ਦੀ ਅਲਾਟਮੈਂਟ ਵਿੱਚ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਪੂਰਬੀ ਪੰਜਾਬ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਜਾਤੀ ਹਿੰਦੂਆਂ ਦੇ ਹੱਥਾਂ ਵਿੱਚ ਹੋਣ ਕਾਰਨ ਅਨੁਸੂਚਿਤ ਜਾਤੀਆਂ ਦੇ ਉਜਾੜੇ ਦੇ ਮੁੜ ਵਸੇਬੇ ਵਿੱਚ ਕੋਈ ਵੀ ਨਿੱਜੀ ਦਿਲਚਸਪੀ ਲੈਣ ਵਾਲਾ ਨਹੀਂ ਹੈ ਅਤੇ ਨਾ ਹੀ ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਕੋਈ ਏਜੰਸੀ ਵਿਸ਼ੇਸ਼ ਤੌਰ 'ਤੇ ਇੱਥੇ ਲਿਆਉਣ ਦੀ ਡਿਊਟੀ ਨਿਭਾ ਰਹੀ ਹੈ। ਪੂਰਬੀ ਪੰਜਾਬ ਸਰਕਾਰ ਦੇ ਨੋਟਿਸ ਵਿੱਚ ਕਿ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਅਣਦੇਖੀ ਕੀਤੀ ਜਾਂਦੀ ਹੈ।

(2) ਇਸ ਲਈ ਇਹ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਵਿਚ ਕੰਮ ਕਰਨ ਲਈ ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਬਹੁਤ ਸਾਰੇ ਅਧਿਕਾਰੀ ਹੋਣੇ ਚਾਹੀਦੇ ਹਨ ਜਿਨ੍ਹਾਂ ਦੀ ਵਿਸ਼ੇਸ਼ ਡਿਊਟੀ ਇਹ ਦੇਖਣ ਦੀ ਹੈ ਕਿ ਜ਼ਮੀਨ ਦੀ ਵੰਡ ਨਿਰਪੱਖ ਢੰਗ ਨਾਲ ਹੋਈ ਹੈ ਅਤੇ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਨੂੰ ਮਿਲਦੀ ਹੈ। ਉਹਨਾਂ ਦਾ ਜਾਇਜ਼ ਹਿੱਸਾ।

(3) ਮੈਂ ਮਾਨਯੋਗ ਸ੍ਰੀ ਨਿਓਗੀ ਨੂੰ ਇਸ ਮੰਤਵ ਲਈ ਨਿਯੁਕਤ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਸੂਚੀ ਦਿੱਤੀ ਹੈ, ਜੋ ਕਿ ਜਿੱਥੋਂ ਤੱਕ ਮੈਨੂੰ ਪਤਾ ਹੈ, ਇਹ ਕੰਮ ਕਰਨ ਲਈ ਸਭ ਤੋਂ ਵੱਧ ਯੋਗ ਹਨ।

(4) (ੳ) ਇਹ ਇੱਕ ਬਹੁਤ ਹੀ ਮਾੜਾ ਤੱਥ ਹੈ ਕਿ ਪੂਰਬੀ ਪੰਜਾਬ ਵਿੱਚ ਬਹੁਤ ਹੀ ਪ੍ਰਮੁੱਖ ਅਹੁਦਿਆਂ 'ਤੇ ਕਾਬਜ਼ ਸਿੱਖ ਅਤੇ ਜੱਟ ਪੂਰਬੀ ਪੰਜਾਬ ਦੇ ਵਸਨੀਕ ਅਨੁਸੂਚਿਤ ਜਾਤੀਆਂ ਨੂੰ ਆਪਣੇ ਮਕਾਨਾਂ ਅਤੇ ਜ਼ਮੀਨ ਦੀ ਜਾਇਦਾਦ ਹੋਰ ਵਸਤਾਂ ਦਾ ਪ੍ਰਬੰਧ ਕਰਨ ਲਈ ਆਪਣੇ ਮੂਲ ਘਰ ਖਾਲੀ ਕਰਨ ਲਈ ਮਜਬੂਰ ਕਰ ਰਹੇ ਹਨ।ਅਨੁਸੂਚਿਤ ਜਾਤੀਆਂ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਿੱਖਾਂ ਅਤੇ ਜੱਟਾਂ ਦੁਆਰਾ ਆਪਣੇ ਉੱਤੇ ਕੀਤੇ ਗਏ ਜਬਰ ਅਤੇ ਜ਼ੁਲਮ ਤੋਂ ਕੋਈ ਰਾਹਤ ਅਤੇ ਨਿਵਾਰਨ ਪ੍ਰਾਪਤ ਕਰਨ ਵਿੱਚ ਅਸਮਰਥ ਹਨ ਕਿਉਂਕਿ ਪੂਰਬੀ ਪੰਜਾਬ ਵਿੱਚ ਮੈਜਿਸਟਰੇਸੀ ਅਤੇ ਨੀਤੀ ਪੂਰੀ ਤਰ੍ਹਾਂ ਸਿੱਖਾਂ ਅਤੇ ਜੱਟਾਂ ਦੁਆਰਾ ਚਲਾਈ ਜਾਂਦੀ ਹੈ। ਕੁਦਰਤੀ ਤੌਰ 'ਤੇ ਗਲਤ ਕੰਮ ਕਰਨ ਵਾਲਿਆਂ ਦੀ ਰੱਖਿਆ ਕਰ ਰਹੇ ਹਨ ਕਿਉਂ ਜੋ ਉਹ, ਉਨ੍ਹਾਂ ਦੇ ਰਿਸ਼ਤੇਦਾਰ ਹਨ ਅਤੇ ਅਨੁਸੂਚਿਤ ਜਾਤੀਆਂ ਦੀਆਂ ਸ਼ਿਕਾਇਤਾਂ ਵੱਲ ਕੋਈ ਧਿਆਨ ਨਹੀਂ ਦਿੰਦੇ ਹਨ।



1947 ਦੇ ਦੇਸ਼ ਦੇ ਬਟਵਾਰੇ ਸਮੇਂ ਉਜਾੜੇ ਅਤੇ ਮੁੜ ਵਸੇਬੇ ਦੇ ਪ੍ਰਬੰਧਾਂ ਵਿੱਚ ਦੂਹਰੀ ਮਾਰ ਦਾ ਸ਼ਿਕਾਰ ਅਨੁਸੂਚਿਤ ਵਰਗ ਦੇ ਲੋਕ

(ਅ) ਇਸ ਲਈ, ਇਹ ਬਿਲਕੁਲ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਸਰਕਾਰ ਨੂੰ ਆਪਣੀ ਸਿਵਲ ਪੁਲਿਸ ਵਿੱਚ ਘੱਟੋ-ਘੱਟ 300 ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਰਤੀ ਕਰਨ ਲਈ ਮਜਬੂਰ ਕੀਤਾ ਜਾਵੇ। ਹਾਲ ਹੀ ਵਿੱਚ ਅਖ਼ਬਾਰਾਂ ਵਿੱਚ ਛਪਿਆ ਸੀ ਕਿ ਪੂਰਬੀ ਪੰਜਾਬ ਸਰਕਾਰ ਨੇ ਆਪਣੀ ਪੁਲਿਸ ਫੋਰਸ ਵਿੱਚ ਲਗਭਗ 300 ਅਨੁਸੂਚਿਤ ਜਾਤੀਆਂ ਦੀ ਭਰਤੀ ਕੀਤੀ ਹੈ, ਪੁੱਛਣ 'ਤੇ ਪਤਾ ਲੱਗਾ ਕਿ ਇਹ ਭਰਤੀ ਫਰੰਟੀਅਰ ਕਾਂਸਟੇ-ਬਲਰੀ ਦੇ ਉਦੇਸ਼ ਲਈ ਕੀਤੀ ਗਈ ਹੈ ਨਾ ਕਿ ਆਮ ਸਿਵਲ ਪੁਲਿਸ ਫੋਰਸ ਲਈ। ਅਨੁਸੂਚਿਤ ਜਾਤੀਆਂ ਨੂੰ ਆਪਣੀ ਸੁਰੱਖਿਆ ਦੇ ਉਦੇਸ਼ ਲਈ ਪੂਰਬੀ ਪੰਜਾਬ ਦੀ ਸਿਵਲ ਪੁਲਿਸ ਵਿੱਚ ਭਰਤੀ ਦੀ ਲੋੜ ਹੈ। ਮੈਨੂੰ ਸੂਚਿਤ ਕੀਤਾ ਗਿਆ ਹੈ ਕਿ ਪੂਰਬੀ ਪੰਜਾਬ ਦੀ ਸਿਵਲ ਪੁਲਿਸ ਫੋਰਸ ਵਿੱਚ ਇੱਕ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਸ਼ਾਮਲ ਨਹੀਂ ਹੈ।

(5) (ੳ) ਪੂਰਬੀ ਪੰਜਾਬ ਦੀ ਭੂਮੀ ਮਾਲੀਆ ਪ੍ਰਣਾਲੀ ਨੇ ਪਿੰਡਾਂ ਦੇ ਵਸਨੀਕਾਂ ਨੂੰ ਦੋ ਵਰਗਾਂ ਜ਼ਿਮੀਂਦਾਰਾਂ ਅਤੇ ਕਮੀਨਾਂ ਵਿਚ ਵੰਡ ਦਿੱਤਾ ਸੀ। ਜ਼ਿਮੀਂਦਾਰ ਦੀ ਸ਼੍ਰੇਣੀ ਵਿੱਚ ਉਹ ਪਰਿਵਾਰ ਸ਼ਾਮਲ ਹਨ ਜਿਨ੍ਹਾਂ ਕੋਲ ਪਿੰਡ ਦੀ ਹੱਦ ਅੰਦਰ ਸਥਿਤ ਜ਼ਮੀਨ ਦੀ ਮਾਲਕੀ ਦਾ ਵਿਸ਼ੇਸ਼ ਅਧਿਕਾਰ ਹੈ। ਕਮੀਨਾਂ ਨੂੰ ਉਸ ਪਿੰਡ ਵਿੱਚ ਸਥਿਤ ਜ਼ਮੀਨ ਖਰੀਦਣ ਜਾਂ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ ਜਿਸ ਦੇ ਉਹ ਵਸਨੀਕ ਹਨ। ਇੱਥੋਂ ਤੱਕ ਕਿ ਜਿਨ੍ਹਾਂ ਥਾਵਾਂ 'ਤੇ ਉਨ੍ਹਾਂ ਦੇ ਘਰ ਸਥਿਤ ਹਨ, ਉਹ ਵੀ ਜ਼ਿਮੀਂਦਾਰਾਂ ਦੇ ਹਨ, ਨਤੀਜੇ ਵਜੋਂ ਜੇ ਜ਼ਿਮੀਂਦਾਰ ਇਕੱਠੇ ਹੋ ਜਾਣ ਤਾਂ ਉਹ ਕਮੀਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਹਟਾਉਣ ਲਈ ਕਹਿ ਕੇ ਪਿੰਡ ਛੱਡਣ ਲਈ ਮਜਬੂਰ ਕਰ ਸਕਦੇ ਹਨ। ਇਹ ਕਾਨੂੰਨ ਹਰ ਪਿੰਡ ਦੇ ਕਮੀਨਾਂ ਨੂੰ ਜ਼ਿਮੀਂਦਾਰਾਂ ਦੇ ਰਹਿਮੋ-ਕਰਮ 'ਤੇ ਰੱਖ ਦਿੰਦਾ ਹੈ। ਪੂਰਬੀ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਨੂੰ ਕਮੀਨਾਂ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਇਸ ਲਈ ਉਹ ਪਿੰਡ ਦੇ ਜ਼ਿਮੀਂਦਾਰਾਂ ਦੀ ਪੂਰੀ ਗੁਲਾਮੀ ਵਿੱਚ ਰਹਿ ਰਹੇ ਹਨ।

(ਅ) ਇਸ ਲਈ, ਇਹ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਸਰਕਾਰ ਨੂੰ ਆਪਣੀ ਜ਼ਮੀਨੀ ਮਾਲ ਪ੍ਰਣਾਲੀ ਨੂੰ ਬਦਲ ਕੇ ਅਤੇ ਇਸ ਨੂੰ ਰਾਇਤਵਾੜੀ ਪ੍ਰਣਾਲੀ ਦੇ ਸਮਾਨ ਬਣਾ ਕੇ ਇਸ ਭੇਦ ਨੂੰ ਖਤਮ ਕਰਨ ਲਈ ਕਿਹਾ ਜਾਵੇ, ਜਿਸ ਦੇ ਅਧੀਨ ਆਪਣੀ ਜ਼ਮੀਨ ਨਾਲ ਸਬੰਧਿਤ ਸਾਰੇ ਪਿੰਡ ਵਾਸੀਆਂ ਨੂੰ ਸਮਰੱਥਾ ਅਨੁਸਾਰ ਬਰਾਬਰ ਦੇ ਪੱਧਰ 'ਤੇ ਰੱਖਿਆ ਗਿਆ ਹੈ।

(6) (ੳ) ਪੂਰਬੀ ਪੰਜਾਬ ਪ੍ਰਾਂਤ ਵਿੱਚ ਲੈਂਡ ਅਲੀਨੇਸ਼ਨ ਐਕਟ ਕਿਹਾ ਜਾਂਦਾ ਹੈ ਜਿਸਦਾ ਉਦੇਸ਼ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਬਚਾਉਣਾ ਹੈ। ਪਰ ਇਸ ਵਿਚ ਥੋੜ੍ਹਾ ਜਿਹਾ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਇਹ ਕਾਨੂੰਨ ਦਾ ਸਭ ਤੋਂ ਘਿਨਾਉਣਾ ਹਿੱਸਾ ਹੈ ਕਿਉਂਕਿ ਇਸ ਵਿਚ ਖੇਤੀਬਾੜੀ ਦੀ ਪਰਿਭਾਸ਼ਾ ਹੈ ਜੋ ਕਿ ਸੰਪਰਦਾਇਕ ਹੈ ਨਾ ਕਿ ਕਿੱਤਾਮੁਖੀ। ਇਸ ਕਾਨੂੰਨ ਦੇ ਅਨੁਸਾਰ। ਇੱਕ ਵਿਅਕਤੀ ਇੱਕ ਕਿਸਾਨ ਹੈ ਜੇਕਰ ਉਹ ਇੱਕ ਅਜਿਹੇ ਭਾਈਚਾਰੇ ਨਾਲ ਸਬੰਧਿਤ ਹੈ ਜਿਸਨੂੰ ਸਰਕਾਰ ਦੁਆਰਾ ਇੱਕ ਖੇਤੀਬਾੜੀ ਭਾਈਚਾਰੇ ਵਜੋਂ ਘੋਸ਼ਿਤ ਕੀਤਾ ਗਿਆ ਹੈ।

ਪੁਰਾਣੀ ਪੰਜਾਬ ਸਰਕਾਰ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਿ ਅਨੁਸੂਚਿਤ ਜਾਤੀਆਂ ਨੂੰ ਖੇਤੀਬਾੜੀ ਭਾਈਚਾਰੇ ਵਜੋਂ ਘੋਸ਼ਿਤ ਨਾ ਕੀਤਾ ਜਾਵੇ ਹਾਲਾਂਕਿ ਅਨੁਸੂਚਿਤ ਜਾਤੀਆਂ ਦਾ ਹਰ ਮੈਂਬਰ ਜਾਂ ਤਾਂ ਜ਼ਮੀਨ ਦਾ ਕਾਸ਼ਤਕਾਰ ਹੈ ਜਾਂ ਖੇਤੀਬਾੜੀ ਮਜ਼ਦੂਰ ਹੈ। ਨਤੀਜਾ ਇਹ ਹੈ ਕਿ ਪੂਰਬੀ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਨੂੰ ਜ਼ਮੀਨ ਜਾਇਦਾਦ ਖਰੀਦਣ ਜਾਂ ਹਾਸਲ ਕਰਨ ਤੋਂ ਰੋਕ ਦਿੱਤਾ ਗਿਆ ਹੈ ਅਤੇ ਉਹ ਆਪਣੀ ਰੋਜ਼ੀ-ਰੋਟੀ ਲਈ ਹਿੰਦੂ, ਸਿੱਖ ਅਤੇ ਜੱਟ ਜ਼ਿਮੀਂਦਾਰਾਂ 'ਤੇ ਨਿਰਭਰ ਬੇਜ਼ਮੀਨੇ ਮਜ਼ਦੂਰਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਹ ਕਾਨੂੰਨ ਦਾ ਇੱਕ ਬੇਰਹਿਮ ਹਿੱਸਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਇਸ ਨੂੰ ਕਾਨੂੰਨ ਦੀ ਕਿਤਾਬ 'ਤੇ ਨਹੀਂ ਰਹਿਣ ਦਿੱਤਾ ਜਾਣਾ ਚਾਹੀਦਾ ਹੈ।

(ਅ) ਪੂਰਬੀ ਪੰਜਾਬ ਸਰਕਾਰ ਨੂੰ 'ਖੇਤੀਕਾਰ' ਸ਼ਬਦ ਦੀ ਪਰਿਭਾਸ਼ਾ ਨੂੰ ਸੋਧ ਕੇ ਇਸ ਨੂੰ ਕਿੱਤਾਮੁਖੀ ਬਣਾਉਣਾ ਚਾਹੀਦਾ ਹੈ ਤਾਂ ਜੋ ਹਰ ਕੋਈ ਜੋ ਖੇਤੀ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ, ਭਾਵੇਂ ਉਸ ਦੀ ਜਾਤ-ਪਾਤ ਦੀ ਪਰਵਾਹ ਕੀਤੇ ਬਿਨਾਂ, ਉਹ ਕਿਸਾਨ ਬਣ ਜਾਵੇ ਅਤੇ ਉਹ ਜ਼ਮੀਨ ਦੀ ਮਾਲਕੀ ਦਾ ਹੱਕਦਾਰ ਬਣ ਸਕੇ।

ਮੈਂ ਅਨੁਸੂਚਿਤ ਜਾਤੀਆਂ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਗਿਣਿਆ ਹੈ ਜੋ ਮੇਰੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ ਅਤੇ ਉਪਾਅ, ਜੋ ਮੈਨੂੰ ਲੱਗਦਾ ਹੈ, ਜੇਕਰ ਅਪਣਾਇਆ ਜਾਵੇ ਤਾਂ ਉਹ ਦੂਰ ਹੋ ਜਾਣਗੇ। ਕੁਝ ਇਲਾਜ ਭਾਰਤ ਸਰਕਾਰ ਦੇ ਹੱਥਾਂ ਵਿੱਚ ਹਨ ਅਤੇ ਬਾਕੀ ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਹਨ। ਅਜਿਹੇ ਉਪਾਅ ਲਾਗੂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਿਵੇਂ ਕਿ ਭਾਰਤ ਸਰਕਾਰ ਦੇ ਹੱਥਾਂ ਵਿੱਚ ਹੈ ਜੇਕਰ ਉਹ ਅਜਿਹਾ ਕਰਨ ਦੀ ਇੱਛਾ ਰੱਖਦੀ ਹੈ। ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਹੋਣ ਵਾਲੇ ਉਪਾਅ ਦੇ ਸਬੰਧ ਵਿੱਚ ਵੀ ਭਾਰਤ ਸਰਕਾਰ ਨੂੰ ਬੇਵਸ ਮਹਿਸੂਸ ਕਰਨ ਦੀ ਲੋੜ ਨਹੀਂ ਹੈ। ਕਿਉਂਕਿ, ਕਿਉਂਕਿ ਭਾਰਤ ਸਰਕਾਰ ਮੁੜ ਵਸੇਬੇ ਦਾ ਖਰਚਾ ਅਦਾ ਕਰ ਰਹੀ ਹੈ, ਇਸ ਲਈ ਪੂਰਬੀ ਪੰਜਾਬ ਦੀ ਸਰਕਾਰ ਨੂੰ ਅਜਿਹਾ ਉਪਾਅ ਅਪਣਾਉਣ ਲਈ ਮਜਬੂਰ ਕਰਨ ਦਾ ਨੈਤਿਕ ਅਧਿਕਾਰ ਹੈ ਜੋ ਭਾਰਤ ਸਰਕਾਰ ਸਾਰੇ ਵਰਗਾਂ ਦੇ ਲੋਕਾਂ ਨਾਲ ਨਿਰਪੱਖ ਅਤੇ ਬਰਾਬਰ ਦੇ ਵਿਵਹਾਰ ਲਈ ਜ਼ਰੂਰੀ ਸਮਝਦੀ ਹੈ। ਇਹੀ ਕਾਰਨ ਹੈ ਕਿ ਮੈਂ ਭਾਰਤ ਸਰਕਾਰ ਦੀ ਕਾਰਵਾਈ ਨੂੰ ਸ਼ਾਮਲ ਕਰਨ ਤੋਂ ਝਿਜਕਿਆ ਨਹੀਂ ਹੈ ਜਿਵੇਂ ਕਿ ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਪਏ ਉਪਾਅ।

ਹੁਣ ਤੱਕ ਮੁਸਲਮਾਨਾਂ ਦੀ ਸਮੱਸਿਆ 'ਤੇ ਭਾਰਤ ਸਰਕਾਰ ਦੁਆਰਾ ਪੂਰੀ ਦੇਖਭਾਲ ਅਤੇ ਧਿਆਨ ਦਿੱਤਾ ਗਿਆ ਹੈ। ਅਨੁਸੂਚਿਤ ਜਾਤੀਆਂ ਦੀ ਸਮੱਸਿਆਵਾਂ ਨੂੰ ਜਾਂ ਤਾਂ ਮੌਜੂਦ ਹੀ ਨਹੀਂ ਮੰਨਿਆ ਗਿਆ, ਜਾਂ ਇੰਨੀ ਛੋਟੀ ਸਮਝੀ ਗਈ ਹੈ ਕਿ ਵਿਸ਼ੇਸ਼ ਧਿਆਨ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਕੁਝ ਲੋਕ ਅਨੁਸੂਚਿਤ ਜਾਤੀਆਂ ਦੀ ਸਮੱਸਿਆ ਦਾ ਜ਼ਿਕਰ ਕਰਨਾ ਪਸੰਦ ਨਹੀਂ ਕਰਦੇ ਹਨ, ਫਿਰ ਵੀ ਸਾਡੇ ਵਿੱਚੋਂ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਹਨ, ਉਹ ਜਾਣਦੇ ਹਨ ਕਿ: ਸਮੱਸਿਆ ਮੌਜੂਦ ਹੈ ਅਤੇ ਇਹ ਮੁਸਲਮਾਨਾਂ ਦੀ ਸਮੱਸਿਆ ਤੋਂ ਵੀ ਜ਼ਿਆਦਾ ਗੰਭੀਰ ਹੈ। ਮੈਂ ਕਈ ਵਾਰ ਪਾਕਿਸਤਾਨ ਅਤੇ ਭਾਰਤ ਵਿਚ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਦੀ ਸਮੱਸਿਆ ਨੂੰ ਭਾਰਤ ਸਰਕਾਰ ਦੁਆਰਾ ਨਜ਼ਰਅੰਦਾਜ਼ ਕਰਨ ਵੱਲ ਲੋਕਾਂ ਦਾ ਧਿਆਨ ਖਿੱਚਣ ਬਾਰੇ ਸੋਚਿਆ ਸੀ।

ਸਪੱਸ਼ਟ ਕਾਰਨਾਂ ਕਰਕੇ ਮੈਂ ਅਜਿਹਾ ਕਰਨ ਤੋਂ ਗੁਰੇਜ਼ ਕੀਤਾ ਹੈ। ਹੋਰ ਮਾਮਲਿਆਂ ਵਿੱਚ ਤੁਹਾਡੀ ਪੂਰਵ-ਵਿਆਪਕਤਾ ਦੇ ਕਾਰਨ, ਮੈਂ ਇਸ ਸਵਾਲ ਬਾਰੇ ਤੁਹਾਡੀ ਚੁੱਪ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਹੈ। ਪਰ ਮੈਨੂੰ ਡਰ ਹੈ ਕਿ ਉਹ ਸਮਾਂ ਆ ਗਿਆ ਹੈ ਜਦੋਂ ਮੈਨੂੰ ਰਾਹਤ ਅਤੇ ਮੁੜ ਵਸੇਬਾ ਮੰਤਰੀ ਅਤੇ ਬਿਨਾਂ ਪੋਰਟਫੋਲੀਓ ਮੰਤਰੀ ਨੂੰ ਨਿਰਦੇਸ਼ ਜਾਰੀ ਕਰਕੇ ਇਸ ਸਮੱਸਿਆ ਵੱਲ ਨਿੱਜੀ ਤੌਰ 'ਤੇ ਧਿਆਨ ਦੇਣ 'ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦੇ ਦੁੱਖਾਂ ਤੋਂ ਰਾਹਤ ਦਿੱਤੀ ਜਾ ਸਕੇ। ਇਸ ਪੱਤਰ ਵਿੱਚ ਜਾਂ ਮੇਰੇ ਦੁਆਰਾ ਨਿਰਧਾਰਿਤ ਉਦੇਸ਼ਾਂ ਨੂੰ ਲਾਗੂ ਕਰਨ ਲਈ ਬਿਹਤਰ ਉਪਾਅ ਤਿਆਰ ਕਰਨ ਦੁਆਰਾ ਸੁਝਾਅ ਦਿੱਤਾ ਗਿਆ ਹੈ। ਜੇਕਰ ਤੁਸੀਂ ਇਸ ਮਾਮਲੇ ਵੱਲ ਤੁਰੰਤ ਧਿਆਨ ਦਿਓਗੇ ਤਾਂ ਮੈਂ ਧੰਨਵਾਦੀ ਹੋਵਾਂਗਾ।

ਸੁਭਕਾਮਨਾਵਾਂ, (Sd/—) ਡਾ ਅੰਬੇਡਕਰ

ਡਾ ਅੰਬੇਡਕਰ ਸਾਹਿਬ ਦੇ ਇਸ ਪੱਤਰ ਦਾ ਜਵਾਬ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਦਿੰਦੇ ਹੋਏ ਭਰੋਸਾ ਵੀ ਦਿੱਤਾ ਸੀ ਕਿ ਅਨੁਸੂਚਿਤ ਜਾਤੀਆਂ ਦੀਆਂ ਸਮੱਸਿਆਵਾਂ ਦਾ ਧਿਆਨ ਰਖਿਆ ਜਾਵੇਗਾ।

# ਕਾਂਗਰਸ ਹਾਈ ਕਮਾਂਡ ਦੀ ਆਪ ਨਾਲ ਸਾਂਝ ਪੰਜਾਬ ਕਾਂਗਰਸ ਭੰਬਲਭੂਸੇ ਵਿੱਚ




ਪੰਜਾਬ ਦੇ ਸੁੱਤੇ ਪਏ ਕਾਂਗਰਸੀਆਂ 'ਤੇ ਗੜੇ ਪੈ ਗਏ, ਜਿਸ ਕਰਕੇ ਉਨ੍ਹਾਂ ਦੇ ਸਾਹ ਸੂਤੇ ਗਏ। ਉਨ੍ਹਾਂ ਵਿਚਾਰਿਆਂ ਨਾਲ ਕਾਂਗਰਸ ਹਾਈ ਕਮਾਂਡ ਨੇ ਜੱਗੋਂ ਤੇਰ੍ਹਵੀਂ ਕਰ ਦਿੱਤੀ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਜਿੱਤਣ ਦੇ ਖਾਬ ਲੈਣ ਵਾਲੇ ਨੇਤਾਵਾਂ ਦੇ ਪਿਸੂ ਪੈ ਗਏ। ਕੇਂਦਰ ਸਰਕਾਰ ਵੱਲੋਂ ਦਿੱਲੀ ਸਰਕਾਰ ਦੇ ਫ਼ੈਸਲੇ ਵਿਰੁਧ ਲਿਆਂਦੇ ਗਏ ਆਰਡੀਨੈਂਸ ਦੇ ਖਿਲਾਫ਼ ਵਿਰੋਧੀ ਪਾਰਟੀਆਂ ਇਕਮੁੱਠ ਹੋ ਗਈਆਂ ਹਨ। ਕਾਂਗਰਸ ਹਾਈ ਕਮਾਂਡ ਨੇ ਵੀ ਇਸ ਆਰਡੀਨੈਂਸ ਦਾ ਵਿਰੋਧ ਕਰਨ ਦਾ ਫ਼ੈਸਲਾ ਬੈਂਗਲੂਰ ਵਿੱਚ ਹੋਣ ਵਾਲੀ ਵਿਰੋਧੀ ਪਾਰਟੀਆਂ ਦੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਕਰ ਦਿੱਤਾ ਸੀ। ਇਹ ਫ਼ੈਸਲਾ ਪੰਜਾਬ ਕਾਂਗਰਸ ਲਈ ਘਾਤਕ ਸਿੱਧ ਹੋਵੇਗਾ। ਉਨ੍ਹਾਂ ਦੇ ਸਪਨੇ ਚਕਨਾਚੂਰ ਹੋ ਗਏ ਹਨ। ਸਰਬ ਭਾਰਤੀ ਕਾਂਗਰਸ ਦੇ ਇਸ ਫ਼ੈਸਲੇ ਨਾਲ ਪੰਜਾਬ ਕਾਂਗਰਸ ਵਿੱਚ ਤੜਥੱਲੀ ਮੱਚ ਗਈ ਹੈ ਕਿਉਂਕਿ ਪੰਜਾਬ ਦੇ ਕਾਂਗਰਸੀ ਨੇਤਾਵਾਂ ਨੇ ਕਾਫੀ ਦੇਰ ਪਹਿਲਾਂ ਜਦੋਂ ਕੇਜਰੀਵਾਲ ਨੇ ਕਾਂਗਰਸ ਨੂੰ ਆਰਡੀਨੈਂਸ ਦੇ ਵਿਰੁੱਧ ਭੁਗਤਣ ਲਈ ਕਿਹਾ ਸੀ, ਉਦੋਂ ਉਨ੍ਹਾਂ ਕਾਂਗਰਸ ਹਾਈ ਕਮਾਂਡ ਨੂੰ ਆਮ ਆਦਮੀ ਪਾਰਟੀ ਨਾਲ ਹੱਥ ਮਿਲਾਉਣ ਵਿਰੁੱਧ ਆਪਣਾ ਪੱਖ ਦੱਸ ਦਿੱਤਾ ਸੀ। ਜਦੋਂ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਤੋਂ ਆਰਡੀਨੈਂਸ ਦੇ ਵਿਰੁੱਧ ਉਸ ਦਾ ਸਾਥ ਦੇਣ ਦੀ ਮੰਗ ਕੀਤੀ ਸੀ ਤਾਂ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਨੇਤਾ ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ ਸਰਬ ਭਾਰਤੀ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕ ਅਰਜਨ ਖੜਗੇ ਅਤੇ ਹੋਰ ਕੇਂਦਰੀ ਲੀਡਰਸ਼ਿਪ ਨੂੰ ਮਿਲਕੇ ਇਸ ਆਰਡੀਨੈਂਸ ਦਾ ਵਿਰੋਧ ਕਰਨ ਤੋਂ ਰੋਕਿਆ ਸੀ। ਇਸ ਫ਼ੈਸਲੇ ਤੋਂ ਬਾਅਦ ਵੀ ਕਾਂਗਰਸ ਹਾਈ ਕਮਾਂਡ ਕੋਲ ਪਹੁੰਚ ਕੀਤੀ ਹੈ। ਪੰਜਾਬ ਦੇ ਕਾਂਗਰਸੀਆਂ ਦਾ ਸਪਸ਼ਟ ਵਿਚਾਰ ਹੈ ਕਿ ਆਮ ਆਦਮੀ ਪਾਰਟੀ ਜਿਸ ਨੇ ਪੰਜਾਬ ਕਾਂਗਰਸ ਨੂੰ ਖ਼ੋਰਾ ਲਾਇਆ ਹੈ ਅਤੇ ਇਸ ਸਮੇਂ ਪੰਜਾਬ ਦੇ ਇੱਕ ਦਰਜਨ ਤੋਂ ਵੱਧ ਸੀਨੀਅਰ ਨੇਤਾਵਾਂ ਜਿਨ੍ਹਾਂ ਵਿੱਚ ਸਾਬਕਾ ਮੰਤਰੀ, ਵਿਧਾਨਕਾਰ ਅਤੇ ਹੋਰ ਨੇਤਾ ਸ਼ਾਮਲ ਹਨ, ਉਨ੍ਹਾਂ ਵਿਰੁੱਧ ਬਦਲਾਖ਼ੋਰੀ ਕਰਕੇ ਭਰਿਸ਼ਟਾਚਾਰ ਦੇ ਨਾਮ 'ਤੇ ਕੇਸ ਰਜਿਸਟਰ ਕਰਕੇ ਜੇਲ੍ਹਾਂ ਵਿੱਚ ਸੁੱਟੇ ਸਨ। ਕੁਝ ਨੇਤਾ ਅਜੇ ਵੀ ਜੇਲ੍ਹਾਂ ਦੀ ਹਵਾ ਖਾ ਰਹੇ ਹਨ ਤੇ ਕੁਝ ਹੋਰ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬ ਦੀ ਲੀਡਰਸ਼ਿਪ ਨੂੰ ਡਰ ਹੈ ਕਿ ਆਮ ਆਦਮੀ ਪਾਰਟੀ ਦਾ ਸਾਥ ਦੇਣ ਕਰਕੇ ਪੰਜਾਬ ਦੇ ਕਾਂਗਰਸੀ ਦੇ ਕੁਝ ਨੇਤਾ ਪਾਰਟੀ ਤੋਂ ਅਸਤੀਫ਼ੇ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ। ਕਿਉਂਕਿ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਲੰਬਾ ਸਮਾਂ ਕਾਂਗਰਸ ਪਾਰਟੀ ਵਿੱਚ ਰਿਹਾ ਹੈ ਅਤੇ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਵੀ ਰਿਹਾ ਹੈ। ਉਹ ਆਪਣਾ ਅਸਰ ਰਸੂਖ ਵਰਤਕੇ ਕਾਂਗਰਸੀ ਨੇਤਾਵਾਂ ਨੂੰ ਭਾਰਤੀ ਜਨਤਾ ਪਾਰਟੀ ਨਾਲ ਜੋੜ ਸਕਦਾ ਹੈ। ਕੁਝ ਨੇਤਾ ਇਹ ਵੀ ਸੋਚਦੇ ਹਨ ਕਿ ਜੇ ਆਮ ਆਦਮੀ ਪਾਰਟੀ ਦੀ ਸਪੋਰਟ ਹੀ ਕਰਨੀ ਹੈ ਤਾਂ ਉਹ ਉਸ ਪਾਰਟੀ ਵਿੱਚ ਹੀ ਸ਼ਾਮਲ ਹੋ ਜਾਂਦੇ ਹਨ। ਦਸੰਬਰ 2013 ਵਿੱਚ ਕਾਂਗਰਸ ਪਾਰਟੀ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਆਪਣੀ ਸਪੋਰਟ ਦਿੱਤੀ ਸੀ। ਇਸ ਸਪੋਰਟ ਤੋਂ ਬਾਅਦ ਦਿੱਲੀ ਵਿੱਚ ਕਾਂਗਰਸ ਪਾਰਟੀ ਦਾ ਸਫਾਇਆ ਹੋਣਾ ਸ਼ੁਰੂ ਹੋ ਗਿਆ ਸੀ। ਉਸ ਸਮੇਂ ਕਾਂਗਰਸ ਦੇ ਬਹੁਤੇ ਨੇਤਾ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ



ਸ਼ਾਮਲ ਹੋ ਗਏ ਸਨ। ਦੂਜੀ ਵਾਰ ਕਾਂਗਰਸ ਵਿੱਚੋਂ ਆਏ ਨੇਤਾਵਾਂ ਨੂੰ ਕੇਜਰੀਵਾਲ ਨੇ ਵਿਧਾਨ ਸਭਾ ਚੋਣਾਂ ਵਿੱਚ ਟਿਕਟਾਂ ਹੀ ਨਹੀਂ ਦਿੱਤੀਆਂ ਸਨ। ਆਮ ਆਦਮੀ ਪਾਰਟੀ ਨੂੰ ਦਿੱਤੀ ਸਪੋਰਟ ਦਾ ਨਤੀਜਾ ਕਾਂਗਰਸ ਹਾਈ ਕਮਾਂਡ ਦੇ ਸਾਹਮਣੇ ਹੈ, ਇਸ ਵਾਰ ਦਿੱਲੀ ਵਿਧਾਨ ਸਭਾ ਵਿੱਚ ਕਾਂਗਰਸ ਦਾ ਇਕ ਵੀ ਵਿਧਾਨਕਾਰ ਨਹੀਂ ਹੈ। ਕਾਂਗਰਸ ਪਾਰਟੀ ਫਿਰ ਵੀ ਨਹੀਂ ਸਮਝਦੀ, ਫਿਰ ਆਮ ਆਦਮੀ ਪਾਰਟੀ ਨਾਲ ਹੱਥ ਮਿਲਾ ਲਿਆ ਹੈ। ਪੰਜਾਬ ਵਿੱਚ ਵੀ ਕਾਂਗਰਸ ਦਾ ਦਿੱਲੀ ਵਾਲਾ ਹਾਲ ਹੋਵੇਗਾ। ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੀਆਂ ਜੜ੍ਹਾਂ ਵਿੱਚ ਤੇਲ ਦੇ ਦਿੱਤਾ ਹੈ।

ਏਥੇ ਹੀ ਬਸ ਨਹੀਂ 2024 ਵਿੱਚ ਲੋਕ ਸਭਾ ਦੀਆਂ ਚੋਣਾਂ ਆਉਣ ਵਾਲੀਆਂ ਹਨ। ਉਨ੍ਹਾਂ ਚੋਣਾ ਮੌਕੇ ਸੀਟਾਂ ਦੀ ਵੰਡ ਸਮੇਂ ਕੀ ਆਮ ਆਦਮੀ ਪਾਰਟੀ ਨਾਲ ਸੀਟਾਂ ਦੀ ਵੰਡ ਦਾ ਸਮਝੌਤਾ ਵੀ ਹੋਵੇਗਾ? ਜੇਕਰ ਅਜਿਹਾ ਸਮਝੌਤਾ ਹੁੰਦਾ ਹੈ, ਜਿਸ ਦੀ ਪੂਰੀ ਉਮੀਦ ਹੈ ਕਿਉਂਕਿ ਕਾਂਗਰਸ ਹਾਈ ਕਮਾਂਡ ਨੇ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿੱਚ ਹਰਾਉਣ ਲਈ ਇਹ ਅੱਕ ਚੱਬਿਆ ਹੈ। ਲੰਬੇ ਲਾਭ ਲਈ ਕਈ ਵਾਰ ਛੋਟੇ ਲਾਭਾਂ ਨੂੰ ਅਣਡਿਠ ਕੀਤਾ ਜਾਂਦਾ ਹੈ। ਵਿਰੋਧੀ ਪਾਰਟੀਆਂ ਦੇ 'ਇੰਡੀਆ' ਫਰੰਟ ਨੇ ਐਨ.ਡੀ.ਏ. ਦੇ ਉਮੀਦਵਾਰਾਂ ਵਿਰੁੱਧ ਸਾਂਝੇ ਉਮੀਦਵਾਰ ਖੜ੍ਹੇ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਭੰਬਲਭੂਸੇ ਵਿੱਚ ਹੈ। ਪੰਜਾਬ ਦੇ ਕਾਂਗਰਸੀਆਂ ਵਿੱਚ ਘਬਰਾਹਟ ਪੈਦਾ ਹੋ ਗਈ ਹੈ। ਉਨ੍ਹਾਂ ਲਈ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਗੱਲ ਬਣੀ ਪਈ ਹੈ। ਲੋਕ ਸਭਾ ਦੀਆਂ ਚੋਣਾਂ ਵਿੱਚ ਜੇਕਰ ਵਿਧਾਨ ਸਭਾ ਦੀ ਚੋਣ ਵਿੱਚ ਪਈਆਂ ਵੋਟਾਂ ਦੇ ਹਿਸਾਬ ਨਾਲ ਟਿਕਟਾਂ ਦਿੱਤੀਆਂ ਗਈਆਂ ਤਾਂ ਮਾਲਵੇ ਅਤੇ ਦੁਆਬੇ ਵਿੱਚ ਤਾਂ ਇਕ ਵੀ ਸੀਟ ਕਾਂਗਰਸ ਪਾਰਟੀ ਨੂੰ ਨਹੀਂ ਮਿਲੇਗੀ। ਜਲੰਧਰ ਦੀ ਉਪ ਚੋਣ ਤਾਂ ਥੋੜ੍ਹਾਂ ਸਮਾਂ ਪਹਿਲਾਂ ਹੀ ਆਮ ਆਦਮੀ ਪਾਰਟੀ ਨੇ ਜਿੱਤੀ ਹੈ, ਉਹ ਕਿਵੇਂ ਇਹ ਸੀਟ ਛੱਡਣਗੇ। ਇਸੇ ਤਰ੍ਹਾਂ ਮਾਝੇ ਵਿੱਚ ਵੱਧ ਤੋਂ ਵੱਧ ਦੋ ਸੀਟਾਂ ਮਿਲ ਸਕਦੀਆਂ ਹਨ, ਜਦੋਂ ਕਿ ਮਾੜੇ ਹਾਲਾਤ ਵਿੱਚ ਵੀ ਕਾਂਗਰਸ ਪਾਰਟੀ 7-8 ਸੀਟਾਂ ਜਿੱਤਦੀ ਰਹੀ ਹੈ। ਜੇਕਰ ਇਹ ਸਮਝੌਤਾ ਵਿਧਾਨ ਸਭਾ ਚੋਣਾਂ ਤੱਕ ਚਲਦਾ ਰਿਹਾ ਤਾਂ ਕਾਂਗਰਸ ਨੂੰ ਜਿਹੜੀਆਂ ਜਿੱਤੀਆਂ ਹੋਈਆਂ ਸੀਟਾਂ ਹਨ, ਉਹ ਹੀ ਲਗਪਗ 19-20 ਸੀਟਾਂ ਮਿਲਣਗੀਆਂ। ਫਿਰ ਕਾਂਗਰਸ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਬਾਰੇ ਤਾਂ ਸੋਚ ਵੀ ਨਹੀਂ ਸਕਦੀ। ਇਸ ਕਰਕੇ ਕਾਂਗਰਸੀ ਵਰਕਰਾਂ ਅਤੇ ਨੇਤਾਵਾਂ ਦੀ ਹਾਲਤ ਬਹੁਤ ਤਰਸਯੋਗ ਹੋਈ ਪਈ ਹੈ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਨੇਤਾ ਪਰਤਾਪ ਸਿੰਘ ਬਾਜਵਾ ਕਹਿ ਰਹੇ ਹਨ ਕਿ ਭਾਵੇਂ ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਮੀਟਿੰਗ ਹੋ ਚੁੱਕੀ ਹੈ ਪ੍ਰੰਤੂ ਇਸ ਦੇ ਬਾਵਜੂਦ ਪੰਜਾਬ ਵਿੱਚ ਕਾਂਗਰਸ ਪਾਰਟੀ ਇਕੱਲਿਆਂ ਆਪਣੇ ਬਲਬੂਤੇ 'ਤੇ ਲੋਕ ਸਭਾ ਦੀਆਂ ਚੋਣਾਂ ਲੜੇਗੀ। ਆਮ ਆਦਮੀ ਪਾਰਟੀ ਨਾਲ ਚੋਣ ਸਮਝੌਤਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਏਥੇ ਸੋਚਣ ਵਾਲੀ ਗੱਲ ਹੈ ਕਿ ਜਦੋਂ ਪੰਜਾਬ ਦੇ ਕਾਂਗਰਸੀਆਂ ਦੀ ਲਗਾਮ ਦਿੱਲੀ ਦੇ ਹੱਥ ਹੈ ਤਾਂ ਉਹ ਵਿਰੋਧ ਕਿਵੇਂ ਕਰਨਗੇ? ਕਾਂਗਰਸ ਹਾਈ ਕਮਾਂਡ ਨੇ ਆਰਡੀਨੈਂਸ ਦਾ ਵਿਰੋਧ ਕਰਨ ਦਾ ਫ਼ੈਸਲਾ ਕਰਨ ਲੱਗਿਆਂ ਤਾਂ ਪੰਜਾਬ ਕਾਂਗਰਸ ਦੇ ਨੇਤਾਵਾਂ ਨੂੰ ਬੇਰਾਂ ਵੱਟੇ ਵੀ ਨਹੀਂ ਪੁਛਿਆ। ਇਸ ਕਰਕੇ ਪੰਜਾਬ ਕਾਂਗਰਸ ਆਪਣੇ ਆਪ ਨੂੰ ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਪੰਜਾਬ ਦੇ ਕਾਂਗਰਸੀ ਨੇਤਾਵਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਦੋਂ ਕਾਂਗਰਸ ਦੀ ਪੈਟਰਨ ਸੋਨੀਆਂ ਗਾਂਧੀ ਤ੍ਰਿਮਣੂਲ ਕਾਂਗਰਸ ਦੀ ਤੇਜ ਤਰਾਰ ਨੇਤਾ ਮਮਤਾ ਬੈਨਰਜੀ ਨਾਲ ਸਮਝੌਤਾ ਕਰ ਸਕਦੀ ਹੈ, ਜਿਹੜੀ ਕਾਂਗਰਸ ਪਾਰਟੀ ਨੂੰ ਛੱਡ ਕੇ ਆਪਣੀ ਪਾਰਟੀ ਬਣਾਕੇ ਸਰਕਾਰ ਬਣਾਈ ਬੈਠੀ ਹੈ ਤਾਂ ਆਪ ਨਾਲ ਸਮਝੌਤਾ ਸਰਬ ਭਾਰਤੀ ਕਾਂਗਰਸ ਪਾਰਟੀ ਲਈ ਕੋਈ ਵੱਡੀ ਗੱਲ ਨਹੀਂ। ਨਿਤਿਸ਼ ਕੁਮਾਰ ਵਰਗੇ ਚੁਫੇਰ ਗੜ੍ਹੀਏ ਨਾਲ ਵੀ ਸਮਝੌਤਾ ਕਰ ਰਹੀ ਹੈ, ਜਿਹੜਾ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਕਾਂਗਰਸ ਦੀ ਬੇੜੀ ਵਿੱਚ ਵੱਟੇ ਪਾਉਂਦਾ ਰਿਹਾ ਹੈ। ਊਧਵ ਠਾਕਰੇ ਵੀ ਭਾਰਤੀ ਜਨਤਾ ਪਾਰਟੀ ਦੀ ਕੁਛੜ ਵਿੱਚ ਬੈਠਕੇ ਕਾਂਗਰਸ ਨੂੰ ਭਰਿਸ਼ਟਾਂ ਦੀ ਜਮਾਤ ਕਹਿੰਦਾ ਰਿਹਾ ਹੈ। ਪੰਜਾਬ ਦੇ ਕਾਂਗਰਸੀਆਂ ਨੂੰ ਸਮਝਣਾ ਚਾਹੀਦਾ ਹੈ ਜਦੋਂ ਸੋਨੀਆਂ ਗਾਂਧੀ ਅਜਿਹੇ ਨੇਤਾਵਾਂ ਨਾਲ ਸਮਝੌਤੇ ਕਰ ਰਹੀ ਹੈ, ਜਿਹੜੇ ਉਸ ਦੀ ਜਾਨ ਦੇ ਦੁਸ਼ਮਣ ਸਨ ਤਾਂ ਅਰਵਿੰਦ ਕੇਜਰੀਵਾਲ ਨਾਲ ਸਮਝੌਤਾ ਤਾਂ ਉਸ ਲਈ ਕੋਈ ਵੱਡੀ ਗੱਲ ਨਹੀਂ। ਕਾਂਗਰਸ ਹਾਈ ਕਮਾਂਡ ਨੇ ਜੇਕਰ ਹੁਣ ਪੰਜਾਬ ਦੇ ਨੇਤਾਵਾਂ ਨੂੰ ਨਹੀਂ ਪੁੱਛਿਆ ਤਾਂ ਟਿਕਟਾਂ ਲਈ ਮੀਟਿੰਗਾਂ ਸਮੇਂ ਕਿਉਂ ਪੁਛਣਗੇ? ਇੰਡੀਆ ਫਰੰਟ ਨੇ ਤਾਂ ਟਿਕਟਾਂ ਦੀ ਵੰਡ ਸੰਬੰਧੀ 10 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਵੀ ਕਰ ਦਿੱਤਾ ਹੈ। ਪੰਜਾਬ ਦੇ ਕਾਂਗਰਸੀਆਂ ਨੇ ਤਾਂ ਹਾਈ ਕਮਾਂਡ ਮੂਹਰੇ ਕੁਸਕਣਾ ਵੀ ਨਹੀਂ। ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਕਾਂਗਰਸੀ ਨੇਤਾਵਾਂ ਨੂੰ ਬੇਇਜ਼ਤ, ਜ਼ਲੀਲ ਅਤੇ ਬਦਨਾਮ ਕਰਨ 'ਤੇ ਤੁਲੀ ਹੋਈ ਹੈ ਪ੍ਰੰਤੂ ਹਾਈ ਕਮਾਂਡ ਅਰਵਿੰਦ ਕੇਜਰੀਵਾਲ ਦੇ ਥੱਲੇ ਲੱਗ ਕੇ ਪੰਜਾਬ ਦੇ ਕਾਂਗਰਸੀਆਂ ਦੀ ਅਣਖ ਨੂੰ ਠੇਸ ਪਹੁੰਚਾ ਰਹੀ ਹੈ।

ਪੰਜਾਬ ਦੇ ਕਾਂਗਰਸੀ ਨੇਤਾ ਬੇਬਸ ਹੋਏ ਪਏ ਹਨ, ਉਹ ਕਾਂਗਰਸ ਹਾਈ ਕਮਾਂਡ ਅੱਗੇ ਬੋਲਣ ਦੀ ਹਿੰਮਤ ਵੀ ਨਹੀਂ ਕਰਨਗੇ ਕਿਉਂਕਿ ਆਮ ਆਦਮੀ ਪਾਰਟੀ ਦੇ ਦਬਦਬੇ ਤੋਂ ਘਬਰਾਏ ਹੋਏ ਹਨ। ਜੇਕਰ ਇਹ ਸਮਝੌਤਾ ਪੰਜਾਬ ਵਿੱਚ ਲਾਗੂ ਹੁੰਦਾ ਹੈ ਤਾਂ ਪੰਜਾਬ ਕਾਂਗਰਸ ਦੋਫਾੜ ਹੋ ਜਾਵੇਗੀ। ਕਾਂਗਰਸ ਹਾਈ ਕਮਾਂਡ ਮਹਿਸੂਸ ਕਰਦੀ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਜ਼ਮੀਨ ਖਿਸਕ ਚੁੱਕੀ ਹੈ, ਉਹ ਲੋਕ ਸਭਾ ਦੀਆਂ ਚੋਣਾਂ ਵਿੱਚ ਹਰ ਹਾਲਤ ਵਿੱਚ ਬੀ.ਜੇ.ਪੀ. ਨੂੰ ਹਰਾ ਕੇ ਬਦਲਾ ਲੈਣਾ ਚਾਹੁੰਦੀ ਹੈ। ਤੇਲ ਵੇਖੋ ਤੇਲ ਦੀ ਧਾਰ ਵੇਖੋ ਊਂਟ ਕਿਸ ਕਰਵਟ ਬੈਠਦਾ ਹੈ।

# ਚੀਨ 'ਚ ਬੱਚਿਆਂ ਨੂੰ ਦੋ ਘੰਟੇ ਫ਼ੋਨ ਵਰਤਣ ਦੀ ਇਜਾਜ਼ਤ !

**ਨਵੀਂ ਦਿੱਲੀ–** ਦੁਨੀਆਂ ਭਰ ਦੇ ਬੱਚਿਆਂ 'ਚ ਸਮਾਰਟਫੋਨ ਦੀ ਵਰਤੋਂ ਕਰਨ ਦਾ ਰੁਝਾਨ ਵਧਿਆ ਹੈ, ਜਿਸ ਕਾਰਨ ਉਹ ਇਸ ਦੇ ਆਦੀ ਹੋ ਰਹੇ ਹਨ। ਬੱਚਿਆਂ ਦੀ ਜ਼ਿੱਦ ਪੂਰੀ ਕਰਨ ਲਈ ਅਤੇ ਖਾਸ ਕਰਕੇ ਉਨ੍ਹਾਂ ਦੇ ਰੁਝੇਵਿਆਂ ਕਾਰਨ ਮਾਪੇ ਵੀ ਉਨ੍ਹਾਂ ਨੂੰ ਆਸਾਨੀ ਨਾਲ ਮੋਬਾਈਲ ਮੁਹੱਈਆ ਕਰਵਾ ਰਹੇ ਹਨ। ਚੀਨ ਨੇ ਇਸ 'ਤੇ ਚਿੰਤਾ ਜ਼ਾਹਰ ਕੀਤੀ ਹੈ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇੱਥੇ ਇਸ 'ਤੇ ਕੋਈ ਖਾਸ ਕਦਮ ਨਹੀਂ ਚੁੱਕੇ ਜਾ ਰਹੇ ਹਨ। ਬੱਚਿਆਂ ਦੁਆਰਾ ਸਮਾਰਟਫ਼ੋਨ ਦੀ ਵਰਤੋਂ ਲਈ ਕੋਈ ਨਿਯਮ ਨਹੀਂ ਹੈ। ਹਾਂ, ਕੁਝ ਐਪਾਂ ਲਈ, ਕੰਪਨੀਆਂ ਯਕੀਨੀ ਤੌਰ 'ਤੇ ਪੁੱਛਦੀਆਂ ਹਨ ਕਿ ਕੀ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਜਾਂ ਵੱਧ। ਇਸ 'ਤੇ ਵੀ ਤੁਹਾਡੇ ਜਵਾਬ ਦੀ ਕੋਈ ਪੁਸ਼ਟੀ ਨਹੀਂ ਹੈ।

ਚੀਨ ਦੇ ਸਾਈਬਰਸਪੇਸ ਵਾਚਡੌਗ ਨੇ ਬੱਚਿਆਂ ਦੇ ਸਮਾਰਟਫ਼ੋਨ ਦੀ ਵਰਤੋਂ ਨੂੰ ਦਿਨ ਵਿੱਚ ਸਿਰਫ਼ ਦੋ ਘੰਟੇ ਤੱਕ ਸੀਮਤ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਜੇਕਰ ਦਿਸ਼ਾ-ਨਿਰਦੇਸ਼ਾਂ ਨੂੰ ਉਮੀਦ ਅਨੁਸਾਰ ਅਪਣਾਇਆ ਜਾਂਦਾ ਹੈ, ਤਾਂ ਚੀਨ ਬੱਚਿਆਂ ਦੇ ਸਮਾਰਟਫ਼ੋਨ ਦੀ ਵਰਤੋਂ ਲਈ ਦੁਨੀਆਂ ਦੇ ਕੁੱਝ ਸਖ਼ਤ ਨਿਯਮ ਪੇਸ਼ ਕਰੇਗਾ। ਯਾਨੀ ਜੇਕਰ ਚੌਕੀਦਾਰ ਦੀ ਸਲਾਹ ਮੰਨ ਲਈ ਜਾਵੇ ਤਾਂ ਚੀਨ ਦੇ ਬੱਚੇ ਦਿਨ ਵਿੱਚ ਸਿਰਫ਼ ਦੋ ਘੰਟੇ ਹੀ ਮੋਬਾਈਲ ਦੀ ਵਰਤੋਂ ਕਰ ਸਕਣਗੇ।

ਚੀਨ ਦੇ ਸਾਈਬਰਸਪੇਸ ਵਾਚਡੌਗ ਨੇ ਸਾਰੀਆਂ ਤਕਨੀਕੀ ਕੰਪਨੀਆਂ ਨੂੰ ਬੱਚਿਆਂ ਦੁਆਰਾ ਸਮਾਰਟਫੋਨ ਦੀ ਵਰਤੋਂ ਨੂੰ ਦਿਨ ਵਿੱਚ ਦੋ ਘੰਟੇ ਤੱਕ ਸੀਮਤ ਕਰਨ ਅਤੇ ਪਾਬੰਦੀਆਂ ਨੂੰ ਸਮਰੱਥ ਕਰਨ ਲਈ 'ਮਾਮੂਲੀ ਮੋਡ' ਪੇਸ਼ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਲੋਕਾਂ ਦੀ ਰਾਏ ਵੀ ਮੰਗੀ ਗਈ ਹੈ। 'ਮੋਬਾਈਲ ਇੰਟਰਨੈੱਟ ਦੇ ਮਾਮੂਲੀ ਮੋਡ ਬਣਾਉਣ ਲਈ ਦਿਸ਼ਾ-ਨਿਰਦੇਸ਼' 'ਤੇ ਲੋਕਾਂ ਦੀ ਰਾਏ ਮੰਗੀ ਗਈ ਹੈ। ਕੋਈ ਵੀ 2 ਸਤੰਬਰ ਤੱਕ ਇਸ 'ਤੇ ਆਪਣੀ ਰਾਏ ਦੇ ਸਕਦਾ ਹੈ।

ਚੀਨ ਦੇ ਸਾਈਬਰਸਪੇਸ ਵਾਚਡੌਗ ਨੇ ਪਾਬੰਦੀਆਂ ਦਾ ਸੁਝਾਅ ਦੇਣ ਵੇਲੇ ਉਮਰ ਸਮੂਹਾਂ ਨੂੰ ਵੀ ਧਿਆਨ ਵਿੱਚ ਰੱਖਿਆ ਹੈ। ਇਹ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਲਾਹ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਉਨ੍ਹਾਂ 3 ਤੋਂ 8, 8 ਤੋਂ 12, 12 ਤੋਂ 16 ਅਤੇ 16 ਤੋਂ 18 ਸਾਲ ਦੇ ਉਮਰ ਵਰਗ ਲਈ ਸੁਝਾਅ ਦਿੱਤੇ ਹਨ। ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, 'ਮਾਇਨਰ ਮੋਡ' ਲਾਗੂ ਹੋ ਸਕਦਾ ਹੈ, ਜਿਸ ਦੇ ਤਹਿਤ ਰੋਜ਼ਾਨਾ ਸਿਰਫ 40 ਮਿੰਟ ਦੀ ਇਜਾਜ਼ਤ ਹੋਵੇਗੀ।

ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ, 'ਆਨਲਾਈਨ



ਇੰਟਰਨੈਟ ਪ੍ਰਦਾਤਾਵਾਂ ਨੂੰ ਬੱਚਿਆਂ ਦੇ ਗੀਤ, ਵਿਦਿਅਕ ਸਿਖਲਾਈ ਅਤੇ ਹੋਰ ਮਾਤਾ-ਪਿਤਾ-ਬੱਚੇ ਦੇ ਸਹਿਯੋਗੀ ਪ੍ਰੋਗਰਾਮਾਂ ਦੀ ਸਿਫ਼ਾਰਸ਼ ਕੀਤੀ ਜਾਣੀ ਚਾਹੀਦੀ ਹੈ, ਅਤੇ ਉਹਨਾਂ ਨੂੰ ਇਸ ਨੂੰ ਆਡੀਓ ਰਾਹੀਂ ਚਲਾਉਣ ਦੀ ਸਿਫਾਰਸ਼ ਕੀਤੀ ਗਈ ਹੈ।

ਸਾਈਬਰ ਸਪੇਸ ਵਾਚਡੌਗ ਦੀ ਸਲਾਹ 'ਤੇ ਚੀਨ ਸਰਕਾਰ ਨੇ ਫੈਸਲਾ ਕੀਤਾ ਹੈ ਕਿ 16 ਤੋਂ 18 ਸਾਲ ਦੀ ਉਮਰ ਦੇ ਲੋਕਾਂ ਨੂੰ ਵੀ ਮੋਬਾਈਲ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਮੋਬਾਈਲ ਸਿਰਫ਼ ਦੋ ਘੰਟੇ ਲਈ। ਉਨ੍ਹਾਂ ਨੂੰ ਮਾਮੂਲੀ ਮੋਡ ਵੀ ਦਿੱਤਾ ਜਾਵੇਗਾ। ਮਾਈਨਰ ਮੋਡ ਤਹਿਤ ਰਾਤ 10 ਵਜੇ ਤੋਂ ਅਗਲੇ ਦਿਨ ਸਵੇਰੇ 6 ਵਜੇ ਤੱਕ ਨਾਬਾਲਗਾਂ ਨੂੰ ਸੇਵਾਵਾਂ ਦੇਣ 'ਤੇ ਪਾਬੰਦੀ ਰਹੇਗੀ। ਇਹ ਜ਼ਿੰਮੇਵਾਰੀ ਤਕਨੀਕੀ ਕੰਪਨੀਆਂ 'ਤੇ ਵੀ ਪੈਣ ਦੀ ਸੰਭਾਵਨਾ ਹੈ, ਜਿਨ੍ਹਾਂ ਨੂੰ ਅਧਿਕਾਰੀਆਂ ਨੂੰ ਨਿਯਮਤ ਡਾਟਾ ਮੁਹੱਈਆ ਕਰਵਾਉਣਾ ਹੋਵੇਗਾ ਅਤੇ ਉਨ੍ਹਾਂ ਦੀ ਨਿਯਮਤ ਜਾਂਚ ਕੀਤੀ ਜਾਵੇਗੀ।

ਔਨਲਾਈਨ ਗੇਮਿੰਗ ਲਈ ਬਣਾਏ ਗਏ ਨਿਯਮ: ਕੰਪਨੀਆਂ ਨੂੰ ਅਜਿਹੀਆਂ ਪਾਬੰਦੀਆਂ ਦੀ ਪਾਲਣਾ ਕਰਨ ਲਈ 2021 ਵਿੱਚ ਬਣਾਏ ਗਏ ਨਿਯਮਾਂ ਦਾ ਹਵਾਲਾ ਦਿੱਤਾ ਗਿਆ ਹੈ। ਫਿਰ ਅਧਿਕਾਰੀਆਂ ਨੇ ਬੱਚਿਆਂ ਦੀਆਂ ਆਨਲਾਈਨ ਗੇਮਾਂ 'ਤੇ ਪਾਬੰਦੀ ਲਗਾਉਣ ਲਈ ਨਵੇਂ ਨਿਯਮ ਬਣਾਏ। ਸੇਵਾ ਪ੍ਰਦਾਤਾ ਨੂੰ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਸਿਰਫ ਇੱਕ ਘੰਟੇ ਦੀ ਸੇਵਾ ਦੀ ਆਗਿਆ ਦੇਣ ਲਈ ਮਜਬੂਰ ਕੀਤਾ ਗਿਆ ਸੀ। ਇਸ ਵਿਚ ਵੀ ਇਹ ਸੀਮਾ ਸ਼ੁੱਕਰਵਾਰ ਅਤੇ ਸ਼ਨੀਵਾਰ ਰਾਤ 8 ਤੋਂ 9 ਵਜੇ ਤੱਕ ਸੀਮਤ ਸੀ। ਸਮਾਂ ਸੀਮਾਵਾਂ ਵੀ ਲਾਗੂ ਕੀਤੀਆਂ ਗਈਆਂ ਹਨ ਅਤੇ ਸਾਰੇ ਗੇਮਰਾਂ ਨੂੰ ਅਸਲੀ ਨਾਮ ਦੀ ਰਜਿਸਟ੍ਰੇਸ਼ਨ ਅਤੇ ਪਛਾਣ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

ਹਾਲਾਂਕਿ, ਚੀਨ ਦੇ ਇਸ ਕਦਮ ਨੇ ਦੇਸ਼ ਦੀਆਂ ਔਨਲਾਈਨ ਗੇਮਿੰਗ ਕੰਪਨੀਆਂ ਦੇ ਮਾਲੀਏ ਨੂੰ ਪ੍ਰਭਾਵਿਤ ਕੀਤਾ, ਜੋ ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਗੇਮਰਜ਼ ਦੇ ਨਤੀਜੇ ਵਜੋਂ ਇੱਕ ਬਹੁਤ ਲਾਭਦਾਇਕ ਕਾਰੋਬਾਰ ਬਣ ਗਿਆ ਸੀ। ਇਸ ਨੇ ਚੀਨੀ ਔਨਲਾਈਨ ਗੇਮਿੰਗ ਕੰਪਨੀਆਂ ਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਵਿਸਥਾਰ ਕਰਨ ਅਤੇ ਵਿਦੇਸ਼ੀ ਕੰਪਨੀਆਂ ਦੇ ਨਾਲ ਸਮੱਗਰੀ ਵਿਕਸਿਤ ਕਰਨ ਲਈ ਵੀ ਪ੍ਰੇਰਿਤ ਕੀਤਾ ਹੈ। ਇਨ੍ਹਾਂ ਕਦਮਾਂ ਨੇ ਚੀਨ-ਅਧਾਰਤ ਮੋਬਾਈਲ ਗੇਮ ਨਿਰਮਾਤਾਵਾਂ ਨੂੰ 2017 ਦੇ 10% ਤੋਂ ਘੱਟ ਤੋਂ 2022 ਦੇ ਅੰਤ ਤੱਕ ਵਿਦੇਸ਼ੀ ਮੋਬਾਈਲ ਗੇਮ ਮਾਰਕੀਟ ਵਿੱਚ ਆਪਣੀ ਸਮੁੱਚੀ ਮਾਰਕੀਟ ਹਿੱਸੇਦਾਰੀ ਨੂੰ 22% ਤੱਕ ਵਧਾਉਣ ਵਿੱਚ ਮਦਦ ਕੀਤੀ। ਇੱਕ ਅੰਦਾਜ਼ੇ ਮੁਤਾਬਕ 2025 ਤੱਕ ਇਹ ਸ਼ੇਅਰ 30% ਤੱਕ ਵਧ ਸਕਦਾ ਹੈ।

ਹਾਲਾਂਕਿ ਮੋਬਾਈਲ ਦੀ ਵਰਤੋਂ ਨਾਲ ਸਬੰਧਤ ਇਨ੍ਹਾਂ ਪਾਬੰਦੀਆਂ ਨੂੰ ਲਾਗੂ ਕਰਨਾ ਆਸਾਨ ਨਹੀਂ ਹੋਵੇਗਾ। ਡਰਾਫਟ ਵਿੱਚ ਕਿਹਾ ਗਿਆ ਹੈ ਕਿ ਮਾਤਾ-ਪਿਤਾ ਨੂੰ ਮਾਈਨਰ ਮੋਡ 'ਤੇ ਦਸਤਖਤ ਕਰਨੇ ਪੈਣਗੇ ਅਤੇ ਦੇਸ਼ ਭਰ ਵਿੱਚ ਦਿਸ਼ਾ-ਨਿਰਦੇਸ਼ ਲਾਗੂ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੁਹਿੰਮ ਦਾ ਸਮਰਥਨ ਕਰਨ ਲਈ ਕਿਹਾ ਜਾਵੇਗਾ। ਮਾਈਨਰ ਮੋਡ ਨੂੰ ਮਾਪਿਆਂ ਲਈ ਉਹਨਾਂ ਦੇ ਬੱਚੇ ਗੈਜੇਟਸ ਦੀ ਵਰਤੋਂ ਕਰਨ ਦੇ ਤਰੀਕੇ ਦਾ ਪ੍ਰਬੰਧਨ ਕਰਨ ਲਈ ਇੱਕ ਟੂਲ ਪ੍ਰਦਾਨ ਕਰਨ ਵਜੋਂ ਦੇਖਿਆ ਜਾਂਦਾ ਹੈ।ਨਿਯਮਾਂ ਨੂੰ ਲਾਗੂ ਕਰਨ ਬਾਰੇ ਕੁਝ ਸਵਾਲ ਅਸਪਸ਼ਟ ਹਨ। ਪਰ ਇਹ ਦਿਸ਼ਾ-ਨਿਰਦੇਸ਼ ਨਿਸ਼ਚਿਤ ਤੌਰ 'ਤੇ ਨੌਜਵਾਨਾਂ ਵਿੱਚ ਬੇਕਾਬੂ ਡਿਜੀਟਲ ਲਤ ਨੂੰ ਰੋਕਣ ਲਈ ਅਧਿਕਾਰੀਆਂ ਦੁਆਰਾ ਇੱਕ ਯਤਨ ਹਨ।

## ਕੇਂਦਰੀ ਮੰਤਰੀ ਅਮਿਤ ਸ਼ਾਹ ਨੂੰ ਮਿਲਣਗੇ ਮਨੀਪੁਰ ਕਬਾਇਲੀ ਆਗੂ

**ਮਨੀਪੁਰ–** ਮਨੀਪੁਰ ਦੇ ਪ੍ਰਭਾਵਸ਼ਾਲੀ ਕਬਾਇਲੀ ਸਮੂਹ ਦੇ ਪ੍ਰਤੀਨਿਧੀ ਸੋਮਵਾਰ ਨੂੰ ਦਿੱਲੀ ਦਾ ਦੌਰਾ ਕਰਨਗੇ। ਇੱਥੇ ਉਹ ਕੇਂਦਰੀ ਮੰਤਰੀ ਅਮਿਤ ਸ਼ਾਹ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ ਸ਼ਾਮਲ ਹੋਣਗੇ। ਸੂਤਰਾਂ ਦੇ ਅਨੁਸਾਰ, ਮਨੀਪੁਰ ਵਿੱਚ ਵੱਖ-ਵੱਖ ਨਸਲੀ ਸਮੂਹਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਇੰਡੀਜੀਨਸ ਟ੍ਰਾਈਬਲ ਲੀਡਰਜ਼ ਫੋਰਮ (ਆਈਟੀਐਲਐਫ) ਦੇ ਇੱਕ ਵਫ਼ਦ ਨੇ ਸ਼ਾਹ ਦੁਆਰਾ ਦਿੱਤੇ ਗਏ ਸੱਦੇ ਦਾ ਜਵਾਬ ਦਿੱਤਾ।

ਆਈਟੀਐਲਐਫ ਦੇ ਆਗੂ ਮਣੀਪੁਰ ਦੇ ਚੁਰਾਚੰਦਪੁਰ ਤੋਂ ਮਿਜ਼ੋਰਮ ਦੀ ਰਾਜਧਾਨੀ ਪਹੁੰਚੇ ਅਤੇ ਇੱਥੋਂ ਨੇੜੇ ਲੇਂਗਪੁਈ ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣ ਭਰਨਗੇ। ਮੁੱਖ ਮੰਤਰੀ ਜ਼ੋਰਮਥੰਗਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਉਮੀਦ ਜ਼ਾਹਰ ਕੀਤੀ ਕਿ ਗੱਲਬਾਤ ਰਾਹੀਂ ਕੁਝ ਸਹੀ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਆਈਟੀਐਲਐਫ ਆਗੂਆਂ ਨੇ 4 ਅਗਸਤ ਨੂੰ ਦਿਨ ਭਰ ਵਿਚਾਰ-ਵਟਾਂਦਰਾ ਕੀਤਾ ਅਤੇ ਸੱਦੇ ਦਾ ਜਵਾਬ ਦੇਣ ਜਾਂ ਨਾ ਕਰਨ ਬਾਰੇ ਉਨ੍ਹਾਂ ਦੀ ਸਲਾਹ ਲਈ।

ਜ਼ੋਰਮਥੰਗਾ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਕਿਹਾ, 'ਮੈਂ ਸੁਝਾਅ ਦਿੱਤਾ ਕਿ ਉਹ ਸੱਦਾ ਸਵੀਕਾਰ ਕਰ ਲੈਣ। ਮੈਂ ਉਨ੍ਹਾਂ ਨੂੰ ਕਿਹਾ ਕਿ ਗ੍ਰਹਿ ਮੰਤਰੀ ਨਾਲ ਵਨ-ਟੂ-ਵਨ ਗੱਲਬਾਤ ਕਰਨ ਦਾ ਇਹ ਵਧੀਆ ਮੌਕਾ ਹੈ।" ਡੂੰਘੀ ਵਿਚਾਰ-ਵਟਾਂਦਰੇ ਤੋਂ ਬਾਅਦ ਆਈਟੀਐੱਲਐੱਫ ਦੇ ਨੇਤਾ ਅਮਿਤ ਸ਼ਾਹ ਨੂੰ ਮਿਲਣ ਲਈ ਸਹਿਮਤ ਹੋ ਗਏ। ਜ਼ਿਕਰਯੋਗ ਹੈ ਕਿ ਸ਼ਾਹ ਨੇ ਪਹਿਲਾਂ ਮਨੀਪੁਰ ਦੀ ਸਥਿਤੀ 'ਤੇ ਚਰਚਾ ਕਰਨ ਲਈ ਗਰੁੱਪ ਨੂੰ ਦਿੱਲੀ 'ਚ ਆਪਣੇ ਨਾਲ ਮੀਟਿੰਗ ਕਰਨ ਲਈ ਸੱਦਾ ਦਿੱਤਾ ਸੀ। ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ ਿਨ੍ਹਾਂ ਆਗੂਆਂ ਨਾਲ ਟਿੱਪਣੀ ਲਈ ਸੰਪਰਕ ਨਹੀਂ ਹੋ ਸਕਿਆ। ਮਨੀਪੁਰ ਵਿੱਚ ਕੂਕੀ ਅਤੇ ਮੀਤੀ ਵਿਚਕਾਰ ਨਸਲੀ ਝੜਪ ਮਈ ਵਿੱਚ ਸ਼ੁਰੂ ਹੋਈ ਸੀ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਜਾਰੀ ਹੈ, ਜਿਸ ਵਿੱਚ 160 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।

# ਪਿਆਰ ਦੇ ਹਥਿਆਰ ਦੀ ਮਾਰ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸਾਡੇ ਵਲੋਂ ਜੋਰ ਪਾਉਣ 'ਤੇ ਜਦ ਵੀ ਉਹ ਜਾਣੂ ਮੁੰਡਾ ਆਪਣੀ ਇਹ ਹੱਡ-ਬੀਤੀ ਸੁਣਾਉਣ ਲਗਦਾ ਤਾਂ 'ਤੌਬਾ' ਕਰਨ ਵਾਂਗ ਆਪਣੇ ਦੋਹਾਂ ਕੰਨਾਂ ਨੂੰ ਛੂਹ ਕੇ ਇਹ ਜਰੂਰ ਕਹਿੰਦਾ ਹੁੰਦਾ-

'ਸੰਗ ਆਉਂਦੀ ਐ ਯਾਰ ਉਹ ਵਾਕਿਆ ਚੇਤੇ ਕਰਕੇ......!'

ਫਿਰ ਇਉਂ ਕਹਿਣਾ ਸ਼ੁਰੂ ਕਰਦਾ-'ਕਾਲਜ ਜਾਣ ਲਈ ਮੈਂ ਰੋਜ ਘੰਟਾ ਕੁ ਬੱਸ ਸਫਰ ਕਰਦਾ ਹੁੰਦਾ ਸਾਂ। ਬੱਸ 'ਚ ਚੜ੍ਹਦਿਆਂ ਰੋਜਾਨਾ ਹੀ ਮੇਰੀ ਕੋਸ਼ਿਸ਼ ਹੁੰਦੀ ਕਿ ਕਿਸੇ ਕੁੜੀ ਨਾਲ ਹੀ ਬੈਠਾਂ ! ਜਾਂ ਫਿਰ ਬੱਸ ਭਰੀ ਹੋਣ 'ਤੇ ਜਾਣ ਬੁੱਝ ਕੇ ਓਸ ਸੀਟ ਦੇ ਨਾਲ ਖੜ੍ਹ ਜਾਣਾ ਜਿੱਥੇ ਕੋਈ ਕੁੜੀ ਬੈਠੀ ਹੋਵੇ!

ਇੱਕ ਦਿਨ ਕੀ ਹੋਇਆ-ਸਾਰੀ ਬੱਸ ਭਰੀ ਹੋਈ,ਸਿਰਫ ਦੋ ਸੀਟਾਂ ਵਾਲ਼ੇ ਪਾਸੇ ਇੱਕ ਸੀਟ ਉੱਤੇ ਵਿੰਡੋ ਵਾਲ਼ੇ ਪਾਸੇ ਇੱਕ ਸੋਹਣੀ ਸੁਨੱਖੀ ਕੁੜੀ ਬੈਠੀ ! ਉਸਨੂੰ ਦੇਖਦੇ ਸਾਰ ਮੇਰੀਆਂ 'ਵਾਛਾਂ ਖਿੜ ਗਈਆਂ ! ਬੜੀਆਂ ਰੀਝਾਂ ਨਾਲ਼ ਮੈਂ ਓਸ ਸੀਟ 'ਤੇ ਜਾ ਬੈਠਾ !

ਕਰ'ਤਾ ਜੀ ਮੈਂ ਰੋਜ ਵਾਲ਼ਾ ਕੰਮ ਸ਼ੁਰੂ!

ਪਹਿਲਾਂ ਤਾਂ ਉਸਨੇ ਮੇਰੀ 'ਹਿੱਲ-ਜੁਲ' ਨੂੰ ਆਮ ਵਾਂਗ ਹੀ ਲਿਆ। ਪਰ ਜਦ ਮੈਂ ਉਹਦੇ ਪੱਟਾਂ ਨਾਲ ਪੱਟ ਲਾਵਾਂ... ਕਦੇ ਹੇਠਾਂ ਉਹਦੇ ਸੈਂਡਲਾਂ ਉੱਤੇ ਆਪਣਾ ਬੂਟ ਰੱਖਣ ਲੱਗਿਆ ਤਾਂ ਉਹ ਮੇਰੀ ਮਨਸ਼ਾ ਭਾਂਪ ਗਈ ਤੇ ਚੁਕੰਨੀ ਜਿਹੀ ਹੋ ਕੇ ਬਹਿ ਗਈ ! ਹੋਛੀਆਂ ਹਰਕਤਾਂ ਕਰਦਿਆਂ ਮੈਂ ਡ੍ਰਾਈਵਰ ਵਲੋਂ ਬ੍ਰੇਕ ਲਾਉਣ ਵੇਲੇ ਕੁੜੀ ਵੱਲ੍ਹ ਨੂੰ ਬੇਲੋੜਾ ਡਿਗਦਿਆਂ ਉਹਦੀ ਛਾਤੀ ਨਾਲ਼ ਘਿਸਰਨ ਦੀ ਕੋਸ਼ਿਸ਼ ਕਰਦਾ ! ਮੇਰੀ ਬੇਹੂਦਗੀ ਦੇਖ ਕੇ ਉਹ ਕਦੇ ਕਦੇ ਮੇਰੇ ਵੱਲ੍ਹ ਘੂਰ ਕੇ ਦੇਖਦੀ, ਕਦੇ ਖਿੜਕੀ ਵੱਲ੍ਹ ਨੂੰ ਸੁੰਗੜ ਸੁੰਗੜ ਕੇ ਬੈਠਦੀ, ਪਰ ਜਿੰਨਾਂ ਕੁ ਉਹ ਮੈਥੋਂ ਪਰੇ ਨੂੰ ਘਿਸਰਦੀ ਮੈਂ ਹੌਲ਼ੀ ਹੌਲ਼ੀ ਫੇਰ ਉਹਦੇ ਨਾਲ਼ ਖਹਿਣ ਲੱਗ ਪੈਂਦਾ ! ਦੁਖੀ ਜਿਹੀ ਹੁੰਦਿਆਂ ਉਸਨੇ ਇੱਕ-ਦੋ ਵਾਰੀ ਉੱਚਾ ਸਿਰ ਕਰਕੇ ਅੱਗੇ-ਪਿੱਛੇ ਵੱਲ੍ਹ ਨੂੰ ਵੀ ਝਾਕਿਆ, ਜਿਵੇਂ ਸ਼ਾਇਦ ਉਹ ਸੀਟ ਬਦਲਣਾ ਚਾਹ ਰਹੀ ਹੋਵੇ ! ਪਰ ਬੱਸ ਫੁੱਲ ਹੋਣ ਕਰਕੇ 'ਵਿਚਾਰੀ' ਭਰੀ-ਫਿੱਸੀ ਜਿਹੀ ਮੇਰੇ ਨਾਲ਼ ਹੀ ਬੈਠੀ ਰਹੀ!

ਕੁਦਰਤੀ ਉਹਦੀ ਤੇ ਮੇਰੀ ਮੰਜਲ ਇੱਕ ਹੀ ਸੀ। ਬੱਸੋਂ ਉਤਰਨ ਲੱਗਿਆਂ ਕਿਸੇ ਅਗਾਊਂ ਖਤਰੇ ਦੇ ਡਰ ਕਾਰਨ ਮੈਂ ਕੁੜੀ ਨਾਲ਼ੋਂ ਉੱਠ ਕੇ ਫਟਾ ਫਟ ਪਿਛਲੀ ਬਾਰੀ ਥਾਣੀ ਬਾਹਰ ਆਇਆ। ਉਹ ਕੁੜੀ ਮੋਹਰਲੀ ਬਾਰੀ ਵਿੱਚੋਂ ਉੱਤਰ ਕੇ ਸਿੱਧੀ ਮੇਰੇ ਵੱਲ੍ਹ ਨੂੰ ਵਧੀ!

ਕੋਲ਼ ਆ ਕੇ ਕਹਿੰਦੀ-

"ਵੀਰ ! ਮੈਂ ਤੈਨੂੰ ਇਸ ਕਰਕੇ ਬਰਦਾਸ਼ਤ ਕਰਦੀ ਰਹੀ ਕਿ ਮੇਰੇ ਭਰਾ ਦਾ ਮੜੰਗਾ ਐਨ੍ਹ ਤੇਰੇ ਵਰਗਾ ਹੀ ਹੈ।ਮੈਂ ਵੀ ਸਿੱਖ ਸਰਦਾਰਾਂ ਦੀ ਧੀ ਹਾਂ। ਤੇਰੀਆਂ ਕਮੀਨੀਆਂ ਹਰਕਤਾਂ ਦੇਖ ਕੇ ਕਈ ਵਾਰ ਮੇਰਾ ਦਿਲ ਕਰਦਾ ਰਿਹਾ ਕਿ ਬੱਸ ਰੁਕਵਾ ਕੇ ਸਵਾਰੀਆਂ ਤੋਂ ਤੇਰੀ 'ਸੇਵਾ' ਕਰਵਾਵਾਂ ! ਪਰ ਕੁਦਰਤੀ ਅੱਜ ਤੂੰ ਪੱਗ ਵੀ ਮੇਰੇ ਵੀਰ ਵਰਗੀ ਹੀ ਬੱਧੀ ਹੋਈ ਸੀ ! ਤੇਰੀ ਸੰਭਾਵੀ ਦੁਰਗਤ ਤੋਂ ਮੈਂ ਵਿਚਾਰਿਆ ਕਿ ਨਹੀਂ ! ਇਹ ਮੁੰਡਾ ਵੀ ਮੇਰੇ ਵਰਗੀ ਕਿਸੇ ਭੈਣ ਦਾ ਵੀਰ ਐ !

ਹੈ ਬੇਸ਼ੱਕ ਇਹ ਵਿਗੜਿਆ ਹੋਇਆ ! ਪਰ ਸਵਾਰੀਆਂ ਨੇ ਜੁਤ-ਪਤਾਣ ਕਰਦਿਆਂ ਸਭ ਤੋਂ ਪਹਿਲਾਂ ਇਹਦੀ ਪੱਗ ਲਾਹੁਣੀ ਐ !!! ਪੱਗ ਦੀ ਬੇਹੁਰਮਤੀ ਤੋਂ ਡਰਦੀ ਮੈਂ ਕਸੀਸ ਵੱਟ ਕੇ ਤੇਰੀ ਹਰ ਬੇਹੂਦਗੀ ਝੱਲਦੀ ਰਹੀ...!"

ਏਥੋਂ ਤੱਕ ਗੱਲ ਸੁਣਾ ਕੇ ਮੁੰਡੇ ਨੇ ਅੱਗੇ ਦੱਸਣਾ ਕਿ ਜਦ ਮੈਂ ਸ਼ਰਮਿੰਦਾ ਹੁੰਦਿਆਂ ਕੁੜੀ ਨੂੰ ਹੱਥ ਜੋੜ ਕੇ 'ਸੌਰੀ' ਕਿਹਾ ਤਾਂ ਉਹ ਨਮ ਅੱਖਾਂ ਨਾਲ ਮੇਰੇ ਜੁੜੇ ਹੋਏ ਹੱਥ ਫੜਕੇ ਕਹਿਣ ਲੱਗੀ ਕਿ ਵੀਰੇ ਸੌਰੀ ਤੋਂ ਇਲਾਵਾ ਮੇਰੇ ਨਾਲ਼ ਵਾਅਦਾ ਕਰ ਕਿ ਅੱਗੇ ਤੋਂ ਤੂੰ ਖੁਦ ਕਿਸੇ ਕੁੜੀ ਨਾਲ਼ ਇੰਜ ਦੀ ਬਦਤਮੀਜੀ ਨਹੀਂ ਕਰੇਂ ਗਾ ਅਤੇ ਆਪਣੇ ਸੰਪਰਕ 'ਚ ਆਉਣ ਵਾਲ਼ੇ ਹਰ ਮੁੰਡੇ ਨੂੰ 'ਬੰਦਾ ਬਣਨ' ਲਈ ਪ੍ਰੇਰਤ ਜਰੂਰ ਕਰਿਆ ਕਰੇਂ ਗਾ !!

# ਪ੍ਰਧਾਨ ਮੰਤਰੀ ਨੇ ਹਰ ਗੰਭੀਰ ਮੁੱਦੇ 'ਤੇ ਚੁੱਪ ਧਾਰੀ: ਕਾਂਗਰਸ

**ਨਵੀਂ ਦਿੱਲੀ-** ਕਾਂਗਰਸ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਚੀਨੀ ਘੁਸਪੈਠ ਤੇ ਮਨੀਪੁਰ 'ਚ ਹੋ ਰਹੀ ਹਿੰਸਾ ਜਿਹੇ ਗੰਭੀਰ ਮੁੱਦਿਆਂ 'ਤੇ ਚੁੱਪ ਧਾਰਨ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਦੀ ਚੁੱਪ ਤੋੜਨ ਲਈ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਲਈ ਮਜਬੂਰ ਹੋਈਆਂ ਹਨ। ਲੋਕ ਸਭਾ 'ਚ ਮਤੇ 'ਤੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਾਂਗਰਸ ਦੇ ਸੰਸਦ ਮੈਂਬਰ ਗੌਰਵ ਗੋਗੋਈ ਨੇ ਕਿਹਾ ਮਨੀਪੁਰ ਦੇ ਮੁੱਦੇ 'ਤੇ ਤਿੰਨ ਸਵਾਲ ਕੀਤੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਮਨੀਪੁਰ ਦਾ ਦੌਰਾ ਕਿਉਂ ਨਹੀਂ ਕੀਤਾ? ਉਨ੍ਹਾਂ ਸੂਬੇ 'ਚ ਬਣੇ ਹਾਲਾਤ ਬਾਰੇ ਚੁੱਪ ਤੋੜਨ ਲਈ 80 ਦਿਨ ਕਿਉਂ ਲਏ? ਅਤੇ ਉਨ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਅਹੁਦੇ ਤੋਂ ਕਿਉਂ ਨਹੀਂ ਹਟਾਇਆ? ਉਨ੍ਹਾਂ ਨਾਲ ਹੀ ਤਿੰਨ ਮੰਗਾਂ ਵੀ ਰੱਖੀਆਂ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਚਾਹੁੰਦੀ ਹੈ ਕਿ ਪ੍ਰਧਾਨ ਮੰਤਰੀ ਮਨੀਪੁਰ ਦਾ ਦੌਰਾ ਕਰਨ, ਉਹ ਉੱਤਰ-ਪੂਰਬੀ ਸੂਬੇ 'ਚ ਸਰਬ-ਪਾਰਟੀ ਵਫ਼ਦ ਦੀ ਅਗਵਾਈ ਕਰਨ ਅਤੇ ਸੂਬੇ 'ਚ ਵੱਖ ਵੱਖ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਉੱਥੇ ਸ਼ਾਂਤੀ ਬਹਾਲ ਕਰਨ ਲਈ ਕਦਮ ਚੁੱਕਣ। ਪ੍ਰਧਾਨ ਮੰਤਰੀ ਦੀ ਚੁੱਪ ਲਈ ਆਪਣੇ ਕਾਰਨ ਗਿਣਾਉਂਦਿਆਂ ਉਨ੍ਹਾਂ ਦੋਸ਼ ਲਾਇਆ, 'ਸੂਬਾ ਸਰਕਾਰ ਦੇ ਮਨੀਪੁਰ 'ਚ ਹਿੰਸਕ ਘਟਨਾਵਾਂ ਨਾਲ ਨਜਿੱਠਣ ਵਿਚ ਨਾਕਾਮ ਰਹਿਣ ਅਤੇ ਗ੍ਰਹਿ ਵਿਭਾਗ ਤੇ ਕੌਮੀ ਸੁਰੱਖਿਆ ਸਲਾਹਕਾਰ ਦੇ ਹਾਲਾਤ ਨਾਲ ਨਜਿੱਠਣ 'ਚ ਨਾਕਾਮ ਰਹਿਣ ਕਾਰਨ ਉਹ ਚੁੱਪ ਹਨ।' ਉਨ੍ਹਾਂ ਕਿਹਾ, 'ਪ੍ਰਧਾਨ ਮੰਤਰੀ ਦੀ ਚੁੱਪ ਦਾ ਤੀਜਾ ਕਾਰਨ ਇਹ ਹੈ ਕਿ ਉਹ ਆਪਣੀ ਗਲਤੀ ਮੰਨਣੀ ਪਸੰਦ ਨਹੀਂ ਕਰਦੇ। ਉਹ ਕਦੀ ਵੀ ਜਨਤਕ ਤੌਰ 'ਤੇ ਸਵੀਕਾਰ ਨਹੀਂ ਕਰਨਗੇ ਕਿ ਉਨ੍ਹਾਂ ਦੀ ਸਰਕਾਰ ਨਾਕਾਮ ਰਹੀ ਹੈ। ਉਹ ਗਲਤੀ ਮੰਨਣ ਦੀ ਥਾਂ ਚੁੱਪ ਰਹਿਣ ਨੂੰ ਤਰਜੀਹ ਦੇਣਗੇ।' ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਗੱਠਜੋੜ 'ਇੰਡੀਆ' ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਲਈ ਮਜਬੂਰ ਹੋਇਆ ਹੈ ਅਤੇ ਇਹ ਮਤਾ ਵਿਰੋਧੀ ਧਿਰ ਦੇ ਮੈਂਬਰਾਂ ਦੀ ਗਿਣਤੀ ਬਾਰੇ ਨਹੀਂ ਹੈ ਬਲਕਿ ਇਹ ਮਨੀਪੁਰ ਲਈ ਇਨਸਾਫ ਬਾਰੇ ਹੈ। ਉਨ੍ਹਾਂ ਕਿਹਾ, 'ਜੇਕਰ ਮਨੀਪੁਰ ਸੜਦਾ ਹੈ ਤਾਂ ਸਾਰਾ ਭਾਰਤ ਸੜਦਾ ਹੈ। ਜੇਕਰ ਮਨੀਪੁਰ ਵੰਡਿਆ ਜਾਂਦਾ ਹੈ ਤਾਂ ਦੇਸ਼ ਵੀ ਵੰਡਿਆ ਜਾਵੇਗਾ। ਦੇਸ਼ ਦੇ ਆਗੂ ਹੋਣ ਦੇ ਨਾਤੇ ਸਾਡੀ ਮੰਗ ਹੈ ਕਿ ਪ੍ਰਧਾਨ ਮੰਤਰੀ ਸਦਨ 'ਚ ਆਉਣ ਅਤੇ ਮਨੀਪੁਰ ਬਾਰੇ ਬੋਲਣ। ਹਾਲਾਂਕਿ ਉਨ੍ਹਾਂ ਮੌਨ ਵਰਤ5 ਰੱਖਿਆ ਹੋਇਆ ਹੈ ਅਤੇ ਉਹ ਨਾ ਲੋਕ ਸਭਾ ਤੇ ਨਾ ਹੀ ਰਾਜ ਸਭਾ 'ਚ ਕੁਝ ਬੋਲਣਗੇ।' ਉਨ੍ਹਾਂ ਕਿਹਾ, 'ਜਦੋਂ ਦੇਸ਼ ਦੇ ਲੋਕ ਕਰੋਨਾ ਦੀ ਦੂਜੀ ਲਹਿਰ ਦੌਰਾਨ ਮਰ ਰਹੇ ਸੀ ਤਾਂ ਪ੍ਰਧਾਨ ਮੰਤਰੀ ਪੱਛਮੀ ਬੰਗਾਲ 'ਚ ਵੋਟਾਂ ਮੰਗ ਰਹੇ ਸੀ।




ਰੌਸ਼ਨੀ ਦਾ ਮੇਲਾ ਲੱਗਣ ਵਾਲੇ ਸ਼ਹਿਰ ਦੀ ਸਵੇਰ। ਭੀੜਾ ਜਿਹਾ ਬਾਜ਼ਾਰ। ਦੁਕਾਨਦਾਰ ਆਪੋ ਆਪਣੀਆਂ ਦੁਕਾਨਾਂ ਖੋਲ੍ਹਣ ਦੇ ਆਹਰ 'ਚ ਰੁੱਝੇ ਹੋਏ ਹਨ। ਕੋਈ ਆਪਣੀ ਦੁਕਾਨ ਦੀ ਹੱਦ 'ਚ ਸੜਕ ਤੱਕ ਝਾੜੂ ਮਾਰ ਰਿਹੈ ਤੇ ਕੋਈ ਪਾਣੀ ਦਾ ਛਿੜਕਾ ਕਰ ਰਿਹੈ ਤਾਂ ਕਿ ਧੂੜ ਨਾ ਉੱਡੇ। ਚਾਰੇ ਪਾਸੇ ਆਪਾਧਾਪੀ ਦਾ ਮਾਹੌਲ। ਕਿਸੇ ਨੂੰ ਨਹੀਂ ਪਤਾ ਕਿ "ਮੇਲੇ 'ਚ ਧੰਨਾ ਸਿਉਂ ਕੀਹਦਾ ਫੁੱਫੜ ਐ?"

ਪਰਲੋਕ ਕੁਮਾਰ ਦੀ ਬੰਦ ਪਈ ਦੁਕਾਨ ਅੰਦਰੋਂ ਤਾਂ ਖੰਡਰ ਬਣੀ ਹੀ ਹੋਵੇਗੀ, ਬੰਦ ਸ਼ਟਰ ਦੇਖ ਕੇ ਵੀ ਪਤਾ ਲਗਦਾ ਸੀ ਕਿ ਕਈ ਵਰ੍ਹੇ ਹੋ ਗਏ ਹੋਣਗੇ ਇਹਦਾ ਜਿੰਦਰਾ ਖੋਲ੍ਹਿਆਂ ਨੂੰ। ਸ਼ਟਰ ਮੂਹਰੇ ਟੁੱਟਿਆ ਜਿਹਾ ਲੋਹੇ ਦੇ ਫਰੇਮ ਵਾਲਾ ਮੋਟੀ ਲੱਕੜ ਦਾ ਤਖਤਪੋਸ਼ ਤੇ ਦੁਕਾਨ ਮੂਹਰੇ ਬਣਿਆ ਛੱਜਾ, ਇੱਕ ਪਾਗਲ ਜਿਹਾ ਦਿਸਦਾ ਬਜ਼ੁਰਗ ਇਸ ਤਖਤਪੋਸ਼ ਨੂੰ ਸੌਣ ਪੈਣ ਲਈ ਵਰਤਦਾ ਸੀ। ਲੰਮਾ ਪਰ ਸਿਲਤ ਵਰਗਾ ਸਰੀਰ ਸੀ ਉਸਦਾ। ਮੈਲ ਨਾਲ ਲੱਥਪੱਥ ਲੀੜੇ। ਸਿਰ ਨਾਭੀ ਰੰਗ ਦੀ ਪੱਗ, ਧੋਤੀ ਨਾ ਹੋਣ ਕਰਕੇ ਕਾਲੀ ਤਾਂ ਹੋਈ ਹੀ ਸੀ ਸਗੋਂ ਇਉਂ ਲਗਦੀ ਸੀ ਜਿਵੇਂ ਮਾਵਾ ਦੇ ਕੇ ਵਟ ਬਣਾਏ ਹੋਣ। ਬਜ਼ੁਰਗ ਸਾਰਾ ਦਿਨ ਜਗਰਾਉਂ ਦੀਆਂ ਗਲੀਆਂ 'ਚ ਆਲੀਸ਼ਾਨ ਕੋਠੀਆਂ ਨੂੰ ਰੀਝ ਲਾ ਕੇ ਤੱਕਦਾ ਰਹਿੰਦਾ। ਉਸ ਬਜ਼ੁਰਗ ਨਾਂ ਦਾ ਹੀ 'ਧਰਮ ਸਿੰਘ' ਸੀ ਪਰ ਧਰਮ ਸ਼ਬਦ ਤੋਂ ਹਜਾਰਾਂ ਕੋਹਾਂ ਦੂਰ। ਇਲਤੀ ਜੁਆਕ ਲੰਘੇ ਜਾਂਦੇ ਧਰਮ ਸਿਉਂ ਨੂੰ "ਕੋਠੀ ਦੱਬ" ਕਹਿ ਕੇ ਛੇੜਦੇ ਤਾਂ ਧਰਮ ਸਿਉਂ ਇੱਕ ਵਾਰ ਤਾਂ ਕੁਨੱਖਾ ਜਿਹਾ ਝਾਕਦਾ ਪਰ ਫਿਰ ਕੰਨ ਜਿਹੇ ਵਲੇਟ ਕੇ ਤੁਰ ਜਾਂਦਾ। ਜਾਨਣ ਵਾਲੇ ਜਾਣਦੇ ਸਨ ਪਰ ਜਿਹਨਾਂ ਨੂੰ ਨਹੀਂ ਪਤਾ ਸੀ ਉਹ ਜਿਆਦਾਤਰ ਉਹਦਾ ਪੱਕਾ ਨਾਂ "ਕੋਠੀ ਦੱਬ" ਹੀ ਮੰਨੀ ਬੈਠੇ ਸਨ।

ਹੁਣ ਸੰਨ 2050 ਦਾ ਸਮਾਂ ਚੱਲ ਰਿਹੈ। ਤੇਜ ਤੇਜ ਜ਼ਿੰਦਗੀ, ਕਿਸੇ ਕੋਲ ਕੋਈ ਵਿਹਲ ਨਹੀਂ।

ਲੋਪੋ ਵਾਲੇ ਨਰਮਜੀਤ ਸਿਉਂ ਦਾ ਗੱਭਰੂ ਹੋਇਆ ਮੁੰਡਾ ਕੈਨੇਡਾ ਦਾ ਜੰਮਪਲ ਹੋਣ ਦੇ ਬਾਵਜੂਦ ਪੰਜਾਬ ਆਉਣ ਦੀ ਜ਼ਿਦ ਕਰਕੇ ਜਗਰਾਉਂ ਆਇਆ ਹੋਇਆ ਸੀ। ਉਹ ਆਪਣੀ ਬਜ਼ੁਰਗ ਦਾਦੀ ਦੇ ਨਾਲ ਈ ਆ ਗਿਆ ਸੀ। ਪੰਜਾਬ 'ਚ ਦਾਦੀ ਪੋਤੇ ਦਾ ਅੱਜ ਪੰਦਰ੍ਹਵਾਂ ਦਿਨ ਸੀ। ਡਾਇਮੰਡ ਬਾਗ 'ਚ ਆਵਦੇ ਪਿਓ ਦਾਦੇ ਦੀ ਰੀਝਾਂ ਨਾਲ ਬਣਾਈ ਤਿੰਨ ਮੰਜਲੀ ਕੋਠੀ ਦੀ ਦੂਜੀ ਛੱਤ 'ਤੇ ਕਮਰੇ 'ਚੋਂ ਨਿਕਲ ਕੇ ਵਿਕਰਮ ਨੇ ਦੋਹੇਂ ਬਾਹਾਂ ਅਸਮਾਨ ਵੱਲ ਕਰਕੇ ਅੰਗੜਾਈ ਭੰਨ੍ਹੀ। ਜੰਗਲੇ 'ਤੇ ਹੱਥ ਰੱਖ ਕੇ ਖੜ੍ਹਿਆ ਤਾਂ ਉਹਨੂੰ ਅੱਜ ਫੇਰ ਓਹੀ ਮੈਲੇ ਜਿਹੇ ਲੀੜਿਆਂ ਵਾਲਾ ਬਜ਼ੁਰਗ ਦੂਰੋਂ ਕੋਠੀ ਵੱਲ ਟਿਕਟਿਕੀ ਲਾਈ ਖੜ੍ਹਾ ਦਿਸਿਆ। ਵਿਕਰਮ ਕਈ ਦਿਨਾਂ ਤੋਂ ਲਗਾਤਾਰ ਦੇਖ ਰਿਹਾ ਸੀ ਕਿ ਓਹ ਸੱਜਣ ਨੇਮ ਵਾਂਗ ਹੀ ਹਰ ਰੋਜ ਬਾਹਵਾ ਟੈਮ ਗਲੀ ਦੀ ਨੁੱਕਰ 'ਚ ਖੜ੍ਹ ਕੇ ਕੋਠੀ ਨੂੰ ਨਿਹਾਰ ਕੇ ਆਖਰ ਮੁੜ ਜਾਂਦਾ। ਅਚਾਨਕ ਵਿਕਰਮ ਦੇ ਪੈਰਾਂ ਨੇ ਕਾਹਲ ਫੜੀ ਤੇ ਓਹ ਨੁੱਕਰੇ ਘੋੜੇ ਵਾਂਗ ਪੌੜੀਆਂ ਉੱਤਰ ਕੇ ਹੇਠਾਂ ਪਾਠ ਕਰਕੇ ਵਿਹਲੀ ਹੋ ਚੁੱਕੀ ਦਾਦੀ ਸੁਰਜੀਤ ਕੌਰ ਦੇ ਪੈਰਾਂ ਵਾਲੇ ਪਾਸੇ ਬੈਠ ਗਿਆ।

– "ਦਾਦੀ ਮਾਂ, ਮੈਂ ਰੋਜ ਸਵੇਰੇ ਉੱਠਦਾਂ ਤਾਂ ਇੱਕ "ਓਲਡ ਮੈਨ" ਆਪਣੇ ਘਰ ਵੱਲ ਜਿੱਦਾਂ "ਸਟਿੱਲ" ਹੋ ਕੇ ਦੇਖਦਾ ਹੁੰਦਾ। ਦਾਦੀ ਕੌਣ ਆ ਓਹ ਬਾਬਾ ਜੀ?" ਵਿਕਰਮ ਨੇ ਆਪਣੀ ਬਜ਼ੁਰਗ ਦਾਦੀ ਨੂੰ ਪੁੱਛਿਆ।

– "ਵਿਕਰਮ ਪੁੱਤ, ਓਹ ਭਟਕਦੀਆਂ ਰੂਹਾਂ 'ਚੋਂ ਇੱਕ ਆ। ਸਾਲ 2023 ਦੀ ਗੱਲ ਐ, ਜਦੋਂ ਇਸ ਬਜ਼ੁਰਗ ਸਣੇ ਦੋ ਤਿੰਨ ਹੋਰ ਰੂਹਾਂ ਨੇ ਇਸ ਕੋਠੀ 'ਤੇ ਲ਼ਾਲ਼ਾਂ ਸੁੱਟੀਆਂ ਸਨ। ਇਸ ਕੋਠੀ ਨੂੰ ਸਰਕਾਰੇ ਦਰਬਾਰੇ ਪਹੁੰਚ ਵਰਤ ਕੇ ਜਾਅਲੀ ਕਾਗਜ ਤਿਆਰ ਕਰਕੇ ਦੱਬਣ ਦੀ ਕੋਸ਼ਿਸ਼ ਕੀਤੀ ਸੀ।"

– "ਇਹ ਮੈਲੇ ਜਿਹੇ ਕੱਪੜਿਆਂ ਵਾਲਾ ਭਾਈ ਜਾਅਲੀ ਡਿਗਰੀ ਲੈ ਕੇ ਆਵਦੇ ਆਪ ਨੂੰ ਕਾਨੂੰਨ ਦਾ ਰਖਵਾਲਾ ਦੱਸਦਾ ਹੁੰਦਾ ਸੀ। ਕਾਨੂੰਨ ਦੀ ਖੁਦ ਹੀ ਸੰਘੀ ਘੁੱਟਣ ਵਾਲਾ ਰਖਵਾਲਾ।" ਮਾਤਾ ਇੱਕੋ ਸਾਹ ਹੀ ਬੋਲ ਗਈ ਤਾਂ ਦਮ ਪੱਟਿਆ ਗਿਆ। ਵਿਕਰਮ ਨੇ ਕੋਲ ਪਿਆ ਪਾਣੀ ਦਾ ਗਿਲਾਸ ਫੜਾਇਆ।

– "ਇਹਦੇ ਨਾਲ ਇੱਕ ਪਰਲੋਕ ਕੁਮਾਰ ਤੇ ਇੱਕ ਸਿਆਸੀ ਬੀਬੀ ਅੜਬਜੀਤ ਕੌਰ ਨੇ ਰਲ ਕੇ ਸਾਨੂੰ ਆਵਦੇ ਇਸ ਘਰੋਂ ਹੀ ਬੇਘਰ ਕਰ ਦਿੱਤਾ ਸੀ। ਮੈਂ ਤੇ ਤੇਰੀ ਮਾਂ ਕਈ ਮਹੀਨੇ ਕਾਨੂੰਨੀ ਲੜਾਈ ਲੜਦੀਆਂ ਅਫਸਰਾਂ ਦੇ ਦਫਤਰਾਂ 'ਚ ਧੱਕੇ ਖਾਂਦੀਆਂ ਰਹੀਆਂ। ਏਸ ਤਿੱਕੜੀ ਨੇ ਸਾਡੇ ਪੈਰ ਨਾ ਲੱਗਣ ਦਿੱਤੇ। ਜਾਅਲੀ ਇਨਕਲਾਬ ਉਲਟਾ ਸਾਡਾ ਹੀ ਘਰ ਦੱਬਣ ਨੂੰ ਤਾਹੂ ਸੀ। ਭਲਾ ਹੋਵੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ, ਜੋ ਬਿਨਾਂ ਕਿਸੇ ਲੋਭ ਲਾਲਚ ਦੇ ਸਾਡੇ ਨਾਲ ਆ ਡਟੇ।"

– "ਦਾਦੀ ਮਾਂ, ਜੇ ਓਹ ਬਾਬਾ ਕੱਲ੍ਹ ਨੂੰ ਆਇਆ, ਮੈਂ ਓਹਨੂੰ ਭਜਾ ਕੇ ਆਊਂ।" ਵਿਕਰਮ ਪਤਾ ਨਹੀਂ ਕਿਹੜੇ ਵੇਗ 'ਚ ਕਹਿ ਗਿਆ।

–"ਨਾ ਸ਼ੇਰਾ, ਓਹਨਾਂ ਨੂੰ ਸਮੇਂ ਦੀ ਬਹੁਤ ਭੈੜੀ ਮਾਰ ਪੈ ਚੁੱਕੀ ਐ। ਆਪਾਂ ਕੀ ਭਜਾਉਣੈ, ਓਹਨਾਂ ਨੂੰ ਤਾਂ ਉਹਨਾਂ ਦੀ ਤਮਾਂ ਨੇ ਈ ਐਨਾ ਭਜਾਇਆ ਹੋਇਐ ਕਿ ਸਾਰਾ ਦਿਨ ਤਿੱਖੜ ਦੁਪਹਿਰੇ ਵੀ ਪਾਗਲ ਹਾਲਤ 'ਚ ਭੱਜਦੇ ਫਿਰਦੇ ਰਹਿੰਦੇ ਆ।" ਮਾਤਾ ਨੇ ਵਿਕਰਮ ਨੂੰ ਰੋਕਦਿਆਂ ਕਿਹਾ।

– "ਦਾਦੀ ਮਾਂ, ਪਰਲੋਕ ਕੁਮਾਰ ਤੇ ਅੜਬਜੀਤ ਕੌਰ ਦਾ ਕੀ ਬਣਿਆ? ਓਹ ਕਿੱਥੇ ਰਹਿੰਦੇ ਆ?" ਵਿਕਰਮ ਨੇ ਭੋਲਾ ਜਿਹਾ ਸਵਾਲ ਕੀਤਾ।

– "ਲੋਕ ਦੱਸਦੇ ਆ ਕਿ ਪਰਲੋਕ ਕੁਮਾਰ ਤਾਂ ਓਦੋਂ ਤੋਂ ਹੀ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ ਜਦੋਂ ਇਹਨਾਂ ਨੇ ਰਲ ਕੇ ਰਾਤੋ ਰਾਤ ਆਪਣੀ ਏਸ ਕੋਠੀ ਦਾ ਜਾਅਲੀ ਇੰਤਕਾਲ ਕਰਵਾਉਣ ਦਾ ਕੇਸ ਚੱਲਿਆ ਸੀ। ਧਰਮ ਸਿਉਂ ਤੇ ਅੜਬਜੀਤ ਕੌਰ ਨੇ ਆਵਦਾ ਮਾਸ ਬਚਾਉਣ ਲਈ ਪਰਲੋਕ ਕੁਮਾਰ ਦੀ ਬਲੀ ਦੇ ਦਿੱਤੀ। ਕਾਗਜਾਂ 'ਚ ਭਗੌੜਾ ਕਰਾਰ ਦੇਣ ਤੋਂ ਬਾਅਦ ਪਰਲੋਕ ਕੁਮਾਰ ਪਰਲੋਕ ਤਾਂ ਸਿਧਾਰ ਗਿਆ ਪਰ ਉਹਦੇ ਮੱਥੇ ਤੋਂ ਭਗੌੜੇ ਦਾ ਕਲੰਕ ਨਾ ਲੱਥਾ। ਸੁਣਿਐ ਕਿ ਉਹਦੀ ਕਿਸੇ ਬਿਰਧ ਆਸ਼ਰਮ 'ਚ ਮੌਤ ਹੋ ਗਈ ਸੀ। ਕੋਈ ਜੁਆਕ ਵੀ ਸਸਕਾਰ 'ਤੇ ਨਹੀਂ ਸੀ ਗਿਆ।" ਮਾਤਾ ਸੁਰਜੀਤ ਕੌਰ ਨੇ ਗੱਲ ਖਤਮ ਕਰਕੇ ਹੱਥ ਜੋੜ ਕੇ "ਵਾਹਿਗੁਰੂ" ਕਿਹਾ।

– "ਅੜਬਜੀਤ ਕੌਰ ਨੇ ਜਾਇਦਾਦ ਤਾਂ ਬਹੁਤ ਬਣਾ ਲਈ ਸੀ। ਘਰਵਾਲਾ ਤੇ ਓਹ ਪੈਸਾ ਜੋੜਨ 'ਚ ਹੀ ਲੱਗੇ ਰਹੇ ਤੇ ਔਲਾਦ ਨੂੰ ਨੋਟਾਂ ਨਾਲ ਲੱਦ ਦਿੱਤਾ। ਓਹਨਾਂ ਨੂੰ ਜਦੋਂ ਇਹ ਪਤਾ ਲੱਗਿਆ ਕਿ ਸਾਡੇ ਮਾਂ ਪਿਉ ਨੇ ਕਿੰਨੇ ਲੋਕਾਂ ਨਾਲ ਜਿਆਦਤੀਆਂ ਕਰ ਕਰ ਕੇ ਮਾਇਆ ਕੱਠੀ ਕੀਤੀ ਐ ਤਾਂ ਦੋਵੇਂ ਜੀਅ ਜੁਆਕਾਂ ਦੇ ਮੂੰਹੋਂ ਲਹਿ ਗਏ। ਜੁਆਕ ਵਿਦੇਸ਼ਾਂ 'ਚ ਜਾ ਵਸੇ ਤੇ ਇਹਨਾਂ ਦੋਵੇਂ ਮੀਆਂ ਬੀਵੀ ਨੂੰ ਬਿਮਾਰੀਆਂ ਨੇ ਘੇਰ ਲਿਆ। ਸਰੀਰ ਮਾੜੇ ਹੋਏ ਤਾਂ ਨਾਲ ਰਹਿੰਦਿਆਂ ਗੁਰਗਿਆਂ ਨੇ ਈ ਇੱਕ ਇੱਕ ਕਰਕੇ ਕੋਠੀਆਂ ਪਲਾਟਾਂ 'ਤੇ ਕਬਜ਼ੇ ਕਰ ਲਏ।" ਸੁਰਜੀਤ ਕੌਰ ਕਥਾ ਕਰਨ ਵਾਂਗ ਆਵਦੇ ਪੋਤੇ ਨੂੰ ਗੱਲ ਸੁਣਾ ਰਹੀ ਸੀ।

– "ਦਾਦੀ, ਇਹਨੂੰ ਈ "ਟਿੱਟ ਫੌਰ ਟੈਟ" ਕਹਿੰਦੇ ਆ। ਪਹਿਲਾਂ ਲੋਕਾਂ ਨੂੰ "ਰੌਬ" ਕਰੀ ਗਏ, ਫੇਰ ਨਾਲ ਰਹਿੰਦੇ ਲੋਕ ਈ ਉਹਨਾਂ ਨੂੰ "ਰੌਬ" ਕਰਗੇ।.....ਵੈਰੀ ਸਟਰੇਂਜ....।" ਵਿਕਰਮ ਗੱਲ ਦਾ ਤੱਤਸਾਰ ਜਲਦੀ ਹੀ ਸਮਝ ਗਿਆ ਸੀ।

– "ਹੁਣ ਅੜਬਜੀਤ ਕੌਰ ਤੇ ਉਹਦਾ ਘਰਵਾਲਾ ਵੀ ਆਹ ਮੁੱਲਾਂਪੁਰ ਕੋਲ ਕਿਸੇ ਬਿਰਧ ਆਸ਼ਰਮ 'ਚ ਰਹਿੰਦੇ ਆ। ਬਾਘੜਬਿੱਲੇ ਵਰਗੇ ਹੁੰਦੇ ਸੀ, ਕਿਸੇ ਨੂੰ ਮੂੰਹ ਨੀ ਸੀ ਬੋਲਦੇ ਹੁੰਦੇ। ਹੁਣ ਬੋਲ ਨੀ ਨਿੱਕਲਦਾ ਮੂੰਹ 'ਚੋਂ। ਪੁੱਤ, ਸਮਾਂ ਬਹੁਤ ਬਲਵਾਨ ਆ। ਜਦੋਂ ਸਮੇਂ ਦੇ ਚਪੇੜੇ ਪੈਂਦੇ ਆ, ਓਦੋਂ ਮੂੰਹ 'ਤੇ ਨੀ ਸਗੋਂ ਰੂਹ 'ਤੇ ਨੀਲ ਪੈਂਦੇ ਆ। ਆਹ ਜਿਹੜਾ ਧਰਮ ਸਿਉਂ ਨਿੱਤ ਸਵੇਰੇ ਆਪਣੀ ਕੋਠੀ ਵੱਲ ਮੂੰਹ ਕਰਕੇ ਖੜ੍ਹਾ ਹੁੰਦੈ, ਕੀ ਪਤਾ ਵਿਚਾਰੇ ਦੇ ਚਿੱਤ 'ਚ ਕੀ ਕੀ ਖੌਰੂ ਪਾਉਂਦਾ ਫਿਰਦਾ ਹੋਊ?"

– "ਦਾਦੀ, ਆਪਾਂ ਕੱਲ੍ਹ ਨੂੰ ਓਸ ਬਾਬੇ ਨੂੰ ਬੁਲਾ ਕੇ ਦੇਖੀਏ?" ਵਿਕਰਮ ਨੇ ਸੁਰਜੀਤ ਕੌਰ ਦੇ ਮੂੰਹ ਵੱਲ ਦੇਖਿਆ। ਉਹਨੂੰ ਉਮੀਦ ਹੀ ਨਹੀਂ ਸਗੋਂ ਯਕੀਨ ਵੀ ਸੀ ਕਿ ਦਾਦੀ ਜਵਾਬ ਨਹੀਂ ਦਿੰਦੀ।

– "ਪੁੱਤ, ਆਪਣੀ ਕਿਹੜਾ ਓਹਨਾਂ ਨਾਲ ਡਾਂਗ ਚੱਲੀ ਸੀ। ਓਹਨਾਂ ਨੂੰ ਸੱਤਾ ਦਾ, ਪੈਸੇ ਦਾ ਨਸ਼ਾ ਈ ਐਨਾ ਚੜ੍ਹਿਆ ਹੋਇਆ ਸੀ ਕਿ ਸਾਰੀ ਦੁਨੀਆ ਨੂੰ ਆਵਦੀ ਮੁੱਠੀ 'ਚ ਸਮਝਦੇ ਸੀ। ਕੋਈ ਨਾ..... ਤੂੰ ਕੋਈ ਖਾਣ ਪੀਣ ਵਾਲੀ ਚੀਜ ਫੜਾ ਆਵੀਂ ਕੋਲ ਜਾ ਕੇ। ਪੁੰਨ ਈ ਹੁੰਦੈ ਕਿਸੇ ਭੁੱਖੇ ਦੇ ਮੂੰਹ ਬੁਰਕੀ ਪਾਉਣ ਦਾ।" ਸੁਰਜੀਤ ਕੌਰ ਨੇ ਆਪਣੇ ਸੁਭਾਅ ਮੁਤਾਬਕ ਕਿਹਾ।

ਵਿਕਰਮ ਨੂੰ ਅੱਚਵੀ ਲੱਗ ਗਈ ਕਿ ਉਹਨਾਂ ਦੇ ਇਸ ਘਰ ਨੂੰ ਕਾਨੂੰਨ ਦੀ ਦੁਰਵਰਤੋਂ ਕਰਕੇ ਲਗਭਗ ਨੱਪ ਚੁੱਕੇ "ਕੋਠੀ ਦੱਬਾਂ" ਵਿੱਚੋਂ ਇੱਕ ਧਰਮ ਸਿੰਘ ਨੂੰ ਨੇੜਿਉਂ ਕਿਹੜੇ ਵੇਲੇ ਦੇਖਾਂ। ਉਹਦੀ ਸਾਰੀ ਰਾਤ ਪਾਸੇ ਮਾਰਦੇ ਤੇ ਫੋਨ 'ਤੇ ਟਾਈਮ ਦੇਖਦੇ ਦੀ ਲੰਘ ਗਈ।

ਸਵੇਰ ਹੋਈ ਤਾਂ ਵਿਕਰਮ ਨੇ ਕਮਰੇ ਦੇ ਅੰਦਰੋਂ ਹੀ ਸ਼ੀਸ਼ੇ ਥਾਈਂ ਗਲੀ ਦਾ ਮੋੜ ਦੇਖਿਆ ਪਰ ਅੱਜ ਧਰਮ ਸਿਉਂ ਨਹੀਂ ਆਇਆ ਸੀ। ਉਹਦੇ ਚਿੱਤ ਨੂੰ ਕਾਹਲ ਬਣੀ ਹੋਈ ਸੀ। ਪਰ ਅੱਧਾ ਘੰਟਾ ਬੀਤਣ 'ਤੇ ਵੀ ਓਹ ਜਗ੍ਹਾ ਕਿਸੇ ਔਤ ਦੀ ਮਟੀ ਵਾਂਗ ਸੁੰਨੀ ਜਿਹੀ ਹੀ ਸੀ। ਵਿਕਰਮ ਨਿਰਾਸ਼ ਜਿਹਾ ਹੇਠਾਂ ਉੱਤਰ ਆਇਆ। ਦਾਦੀ ਪਾਠ ਕਰ ਰਹੀ ਸੀ। ਵਿਕਰਮ ਨੇ ਗੇਟ ਦੀ ਅਰਲ ਨੂੰ ਹੱਥ ਪਾਇਆ ਤਾਂ ਚੀਂਅਅਅ..... ਦੀ ਆਵਾਜ ਆਈ। ਉਹ ਘੱਟ ਖੜਕਾ ਕਰਨਾ ਚਾਹੁੰਦਾ ਸੀ ਤਾਂ ਕਿ ਦਾਦੀ ਦੇ ਪਾਠ ਕਰਨ ਵਿੱਚ ਵਿਘਨ ਨਾ ਪਵੇ। ਵਿਕਰਮ ਦਰਵਾਜ਼ਾ ਖੋਲ੍ਹਦੈ ਤਾਂ ਉਹਦਾ ਇਕਦਮ ਤ੍ਰਾਹ ਨਿਕਲ ਜਾਂਦੈ। ਉਹ ਓਹਨੀਂ ਪੈਰੀਂ ਪਿਛਾਂਹ ਮੁੜ ਕੇ ਦਾਦੀ ਸੁਰਜੀਤ ਕੌਰ ਕੋਲ ਜਾਂਦੈ ਤਾਂ ਦਾਦੀ ਸੁਰਜੀਤ ਕੌਰ ਵੀ ਪਾਠ ਕਰਕੇ ਅੱਖਾਂ ਮੁੰਦੀ ਬੈਠੀ ਸੀ।

–"ਦਾਦੀ ਮਾਂ ਦਾਦੀ ਮਾਂ .....।" ਵਿਕਰਮ ਹਫਿਆ ਤੇ ਡਰਿਆ ਪਿਆ ਸੀ। ਉਸ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ। ਵਿਕਰਮ ਦੀ ਘਬਰਾਹਟ ਦੇਖ ਕੇ ਸੁਰਜੀਤ ਕੌਰ "ਵਾਹਿਗੁਰੂ ਵਾਹਿਗੁਰੂ" ਕਰਦੀ ਬਾਹਰ ਦਰਵਾਜ਼ੇ ਵੱਲ ਹੋ ਤੁਰੀ। ਕੀ ਦੇਖਦੀ ਐ ਕਿ ਦਰਵਾਜ਼ੇ ਮੂਹਰੇ ਧਰਮ ਸਿਉਂ ਨੀਵੀਂ ਪਾਈ ਖੜ੍ਹਾ ਸੀ, ਇਉਂ ਲਗਦਾ ਸੀ ਜਿਵੇਂ ਹੁਣੇ ਹੁਣੇ ਅੱਥਰੂ ਵਗੇ ਹੋਣ। ਮੂੰਹ ਦੇਖ ਕੇ ਇਉਂ ਲਗਦਾ ਸੀ ਜਿਵੇਂ ਸਦੀਆਂ ਦੇ ਦੁੱਖਾਂ ਨੇ ਸੁੱਕੇ ਦਰੱਖ਼ਤ 'ਤੇ ਆਲ੍ਹਣਾ ਪਾਇਆ ਹੋਇਆ ਹੋਵੇ। ਧਰਮ ਸਿਉਂ ਨੇ ਪੁਰਾਣੇ ਜਿਹੇ ਅਖਬਾਰ ਵਾਲਾ ਹੱਥ ਅੱਗੇ ਵਧਾਇਆ ਤਾਂ ਵਿਕਰਮ ਨੇ ਦਾਦੀ ਤੋਂ ਪਹਿਲਾਂ ਹੀ ਖੁਦ ਅੱਗੇ ਹੋ ਕੇ ਫੜ ਲਿਆ। ਧਰਮ ਸਿਉਂ ਓਹਨੀਂ ਪੈਰੀਂ ਪਿਛਾਂਹ ਨੂੰ ਮੁੜ ਗਿਆ।

ਵਿਕਰਮ ਨੇ ਅਖਬਾਰ ਦੀ ਤਰੀਕ ਦੇਖੀ ਤਾਂ ਲਗਭਗ 27 ਵਰ੍ਹੇ ਪੁਰਾਣੀ ਸੀ। ਖਬਰ ਤੇ ਤਸਵੀਰ 'ਚ ਧਰਮ ਸਿਉਂ, ਅੜਬਜੀਤ ਕੌਰ ਤੇ ਉਹਦਾ ਘਰਵਾਲਾ, ਓਸ ਵੇਲੇ ਦੇ ਰਾਜ ਦੇ ਮੁਖੀ ਦੀ ਘਰਵਾਲੀ ਤੇ ਭੈਣ ਨਾਲ ਖੜ੍ਹੇ ਸਨ। ਖਬਰ ਦਾ ਸਿਰਲੇਖ ਸੀ "ਐਨ ਆਰ ਆਈ ਬੀਬੀ ਝੂਠ ਬੋਲ ਕੇ ਸਾਡਾ ਸਿਆਸੀ ਅਕਸ ਖਰਾਬ ਕਰ ਰਹੀ ਹੈ।"

ਜਿਉਂ ਹੀ ਵਿਕਰਮ ਨੇ ਰੱਦੀ ਤੇ ਰੇਤੇ ਵਾਂਗ ਭੁਰ ਰਹੇ ਅਖਬਾਰ ਨੂੰ ਖੋਲ੍ਹਣਾ ਚਾਹਿਆ ਤਾਂ ਇੱਕ ਮੈਲੀ ਜਿਹੀ ਪਰਚੀ ਨਿੱਕਲੀ, ਜਿਸ 'ਤੇ ਲਿਖਿਆ ਸੀ,

"ਦੁਖਾਏ ਦਿਲ ਲਈ ਮੁਆਫੀ ਦੇ ਦੇਣੀ।"

ਮਾਤਾ ਸੁਰਜੀਤ ਕੌਰ ਨੇ ਮੁਆਫੀਨਾਮੇ ਵਰਗੀ ਸਤਰ ਪੜ੍ਹੀ ਤਾਂ ਅੱਖਾਂ ਦੇ ਕੋਏ ਸਿੱਲ੍ਹੇ ਹੋ ਗਏ। ਇਉਂ ਲਗਦਾ ਸੀ ਜਿਵੇਂ ਧਰਮ ਸਿਉਂ ਆਪਣੀਆਂ ਕੀਤੀਆਂ ਦਾ ਪਛਤਾਵਾ ਕਰਨ ਹੀ ਹਰ ਰੋਜ ਆਉਂਦਾ ਸੀ।

ਲਗਭਗ ਮਹੀਨਾ ਛੁੱਟੀਆਂ ਗੁਜਾਰ ਕੇ ਦਾਦੀ ਪੋਤਾ ਵਾਪਸ ਕੈਨੇਡਾ ਜਾਣ ਲਈ ਤਿਆਰ ਸਨ। ਹੈਰਾਨ ਵੀ ਸਨ ਕਿ ਉਸ ਦਿਨ ਤੋਂ ਬਾਅਦ ਧਰਮ ਸਿਉਂ ਮੁੜ ਉਸ ਗਲੀ 'ਚ ਕਦੇ ਨਾ ਆਇਆ। ਕੋਠੀ ਨੂੰ ਜਿੰਦਰਾ ਮਾਰ ਕੇ ਗੱਡੀ ਬਜ਼ਾਰ ਵਿੱਚ ਦੀ ਦਿੱਲੀ ਵੱਲ ਨੂੰ ਹੋ ਤੁਰੀ।

ਅਚਾਨਕ ਅੱਗੇ ਲੋਕਾਂ ਦਾ ਝੁਰਮਟ ਜਿਹਾ ਬਣਿਆ ਤਾਂ ਗੱਡੀ ਰੁਕ ਗਈ। ਗੱਡੀ ਦੁਖਭੰਜਨ ਸਿਉਂ ਦਾ ਵੱਡਾ ਮੁੰਡਾ ਭੋਲਾ ਚਲਾ ਰਿਹਾ ਸੀ। ਬਰੇਕਾਂ ਮਾਰ ਕੇ ਭੋਲਾ ਓਸ ਇਕੱਠ 'ਚ ਧੁੱਸ ਦੇ ਕੇ ਵੜ ਗਿਆ ਤੇ ਪਿੱਛਲਪੈਰੀਂ ਵਾਪਸ ਵੀ ਮੁੜ ਆਇਆ।

–"ਕੀ ਹੋਇਆ ਭੋਲੇ ਪੁੱਤ? ਐਨੇ ਲੋਕ ਕਿਉਂ ਇਕੱਠੇ ਹੋਏ ਆ?" ਮਾਤਾ ਨੇ ਪੁੱਛਿਆ।

–"ਬੇਬੇ, ਪਰਲੋਕ ਦੀ ਦੁਕਾਨ ਮੂਹਰੇ ਕੋਠੀ ਦੱਬ ਪਿਆ ਹੁੰਦਾ ਸੀ ਨਾ? ਓਹ ਚਲਾਣਾ ਕਰ ਗਿਆ ਰਾਤ। ਓਹਦਾ ਆਵਦਾ ਧੀ ਪੁੱਤ ਤਾਂ ਕੋਈ ਬਹੁੜਿਆ ਨੀ, ਹੁਣ ਕਲੱਬ ਆਲੇ ਮੁੰਡੇ ਸਸਕਾਰ ਕਰਨ ਨੂੰ ਲੈ ਕੇ ਚੱਲੇ ਆ।", ਭੋਲੇ ਨੇ ਸੁਤੇ ਸਿੱਧ ਕਿਹਾ।

–"ਓ ਮੇਰਿਆ ਮਾਲਕਾ! ਬਖਸ਼ ਲਵੀਂ ਇਹਨਾਂ ਨੂੰ।", ਇੰਨਾ ਕਹਿ ਕੇ ਮਾਤਾ ਸੁਰਜੀਤ ਕੌਰ ਨੇ ਸਿੜ੍ਹੀ 'ਤੇ ਪਾ ਕੇ ਸਸਕਾਰ ਵਾਸਤੇ ਲਈ ਜਾ ਰਹੇ ਧਰਮ ਸਿਉਂ ਵੱਲ ਦੇਖ ਕੇ 'ਆਖਰੀ ਸਲਾਮ' ਵਾਂਗ ਮੱਥਾ ਟੇਕਿਆ।

ਹੁਣ ਗੱਡੀ ਦਿੱਲੀ ਵੱਲ ਨੂੰ ਵਾਟਾਂ ਵੱਢਦੀ ਜਾ ਰਹੀ ਸੀ ਤੇ ਗੀਤ ਚੱਲ ਰਿਹਾ ਸੀ

"ਸਾਢੇ ਤਿੰਨ ਹੱਥ ਧਰਤੀ ਤੇਰੀ
ਬਹੁਤੀਆਂ ਜਾਗੀਰਾਂ ਵਾਲਿਆ।"

### ਬਰਸੀ 'ਤੇ ਵਿਸ਼ੇਸ਼

# 'ਭਗਤ ਪੂਰਨ ਸਿੰਘ' ਜੀ ਤੇ ਪਿੰਗਲਵਾੜਾ

ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ, 1904 ਨੂੰ ਰਾਜੇਵਾਲ (ਰਾਹੋਂ), ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਮਹਿਤਾਬ ਕੌਰ ਅਤੇ ਪਿਤਾ ਚੌਧਰੀ ਚਿਬੂ ਮੱਲ ਦੇ ਘਰ ਹੋਇਆ, ਜੋ ਇਕ ਹਿੰਦੂ ਪਰਿਵਾਰ ਸੀ ਤੇ ਬਚਪਨ ਵਿਚ ਉਨ੍ਹਾਂ ਦਾ ਅਸਲੀ ਨਾਂ ਰਾਮਜੀ ਦਾਸ ਸੀ।

ਉਹਨਾਂ ਨੇ ਆਪਣੀ ਮੁਢਲੀ ਸਿੱਖਿਆ ਖੰਨਾ, ਪੰਜਾਬ ਤੋਂ ਸ਼ੁਰੂ ਕੀਤੀ ਅਤੇ ਫਿਰ ਬਾਅਦ ਵਿਚ ਲਾਹੌਰ ਦੇ ਖਾਲਸਾ ਹਾਈ ਸਕੂਲ ਵਿਚ ਦਾਖਲਾ ਲਿਆ। ਉਹ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਅਤੇ ਗੁਰਦੁਆਰਾ ਸ਼ਹੀਦਗੰਜ ਵਿਚ 'ਸੇਵਾ' ਕਰਦੇ ਸਨ, ਉਥੇ ਉਹ ਸਫਾਈ, ਖਾਣਾ ਬਣਾਉਣ ਅਤੇ ਭੋਜਨ ਪਰੋਸਣ ਵਿਚ ਮਦਦ ਕਰਦੇ ਸਨ। ਉਹ ਬਿਰਧ, ਬਿਮਾਰ ਅਤੇ ਬਿਮਾਰਾਂ ਦੀ ਸੇਵਾ ਵੀ ਕਰਦੇ ਸਨ ਜੋ 'ਗੁਰੂ ਗ੍ਰੰਥ' ਸਾਹਿਬ ਦਾ ਸਤਿਕਾਰ ਕਰਨ ਲਈ ਗੁਰਦੁਆਰਿਆਂ ਵਿਚ ਆਉਂਦੇ ਸਨ।

**ਸਿੱਖ ਧਰਮ ਗ੍ਰਹਿਣ ਕਰਨਾ:-** ਆਪਣੇ ਸ਼ੁਰੂਆਤੀ ਜੀਵਨ ਵਿਚ ਉਹ ਪਿੰਡ-ਪਿੰਡ ਵਿਚ ਬਹੁਤ ਯਾਤਰਾ ਕਰਦਾ ਸੀ ਅਤੇ ਹਿੰਦੂ ਮੰਦਰਾਂ ਵਿਚ ਰਾਤ ਕੱਟਦਾ ਸੀ। ਇਕ ਦਿਨ ਜਦੋਂ ਉਹ ਅਜਿਹੇ ਹੀ ਇਕ ਮੰਦਰ ਵਿਚ ਠਹਿਰਿਆ ਹੋਇਆ ਸੀ ਤਾਂ ਉਥੋਂ ਦੇ ਪੁਜਾਰੀਆਂ ਨੇ ਉਸ ਨੂੰ ਮੰਦਰ ਦੀ ਸਫਾਈ ਕਰਨ ਲਈ ਕਿਹਾ ਅਤੇ ਉਸ ਨੇ ਅਜਿਹਾ ਕੀਤਾ ਤਾਂ ਉਹ ਉਸ ਦੇ ਸਾਹਮਣੇ ਬੈਠ ਗਏ ਅਤੇ ਉਸ ਨੂੰ ਬਿਨਾਂ ਕੁਝ ਦਿੱਤੇ ਭੋਜਨ ਖਾ ਲਿਆ।

ਅਗਲੀ ਵਾਰ, ਉਸਨੇ ਇਕ ਗੁਰਦੁਆਰੇ ਵਿਚ ਸ਼ਰਨ ਲਈ ਅਤੇ ਗੁਰਦੁਆਰੇ ਦੇ ਪੁਜਾਰੀ ਨੇ ਉਸ ਨੂੰ ਨਾ ਸਿਰਫ਼ ਗਰਮ ਭੋਜਨ ਦਿੱਤਾ, ਸਗੋਂ ਬਾਅਦ ਵਿਚ ਇਕ ਬਿਸਤਰਾ ਅਤੇ ਇਕ ਗਿਲਾਸ ਦੁੱਧ ਵੀ ਦਿੱਤਾ ਅਤੇ ਬਿਨਾਂ ਸੇਵਾ ਤੋਂ ਗੁਰਦੁਆਰੇ ਦੀ ਸੇਵਾ ਮੰਗੀ। ਉਸ ਗੁਰਦੁਆਰੇ ਵਿਚ ਤਕਰੀਬਨ ਹਰ ਰਾਤ 25-30 ਯਾਤਰੀ ਠਹਿਰਨ ਲਈ ਰੋਜ਼ਾਨਾ ਆਉਂਦੇ ਸਨ, ਉਨ੍ਹਾਂ ਸਾਰਿਆਂ ਨੂੰ ਸਾਂਝੀ ਰਸੋਈ ਤੋਂ ਭੋਜਨ ਪਰੋਸਿਆ ਜਾਂਦਾ ਸੀ। ਗੁਰਦੁਆਰਿਆਂ ਦੇ ਇਸ ਸਭਿਆਚਾਰ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਘਟਨਾ ਤੋਂ ਬਾਅਦ, ਰਾਮਜੀ ਦਾਸ, ਹਿੰਦੂ ਨੇ 'ਖੰਡੇ-ਬਾਟੇ ਦਾ ਅੰਮ੍ਰਿਤ' ਲੈਣ ਦਾ ਫੈਸਲਾ ਕੀਤਾ ਅਤੇ 1923 ਵਿਚ ਉਹ ਖਾਲਸਾ ਬਣ ਗਿਆ।

ਭਗਤ ਜੀ ਇਸ ਸਦੀ ਦੇ ਸਭ ਤੋਂ ਉੱਘੇ ਸਿੱਖ ਨਾਇਕ ਸਨ। ਉਨ੍ਹਾਂ ਨੇ ਆਪਣੇ ਬਾਲਗ ਜੀਵਨ ਦਾ ਜ਼ਿਆਦਾਤਰ ਸਮਾਂ ਜ਼ਿੰਦਗੀ ਤੇ ਅੰਤਿਮ ਸਮੇਂ ਤੱਕ ਅਤੇ ਮਾਨਸਿਕ ਤੌਰ 'ਤੇ ਬਿਮਾਰ ਮਰੀਜ਼ਾਂ ਦੀ ਪੂਰੀ ਨਿਰਸਵਾਰਥ ਸੇਵਾ ਲਈ ਦਿੱਤਾ, ਜਿਨ੍ਹਾਂ ਨੂੰ ਜ਼ਿਆਦਾਤਰ ਮਾਮਲਿਆਂ ਵਿਚ ਉਨ੍ਹਾਂ ਦੇ ਪਰਿਵਾਰਾਂ ਅਤੇ ਸਮਾਜ ਦੁਆਰਾ ਵੱਡੇ ਪੱਧਰ 'ਤੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਹਤਾਸ਼ ਮਰੀਜ਼ਾਂ ਲਈ ਆਖਰੀ ਉਮੀਦ ਪ੍ਰਦਾਨ ਕਰਨ ਲਈ ਆਪਣੀ ਜਾਨ ਦੇ ਦਿੱਤੀ। ਇਹ ਇਕ ਅਟੱਲ ਸਚਾਈ ਹੈ ਕਿ ਜਦੋਂ ਵੀ ਅਤੇ ਜਿੱਥੇ ਵੀ ਉਨ੍ਹਾਂ ਨੇ ਕਿਸੇ ਮਨੁੱਖ ਜਾਂ ਜਾਨਵਰ ਦੀ ਲਾਸ਼ ਦੇਖਦੇ, ਉਹ ਤੁਰੰਤ ਆਪਣੇ ਹੱਥਾਂ ਨਾਲ ਇਕ ਕਬਰ ਤਿਆਰ ਕਰ ਲੈਂਦੇ ਸਨ ਅਤੇ ਲਾਸ਼ ਦੇ ਸਨਮਾਨ ਦੇ ਚਿੰਨ੍ਹ ਵਜੋਂ ਲਾਸ਼ ਨੂੰ ਦਫ਼ਨਾਉਣ ਜਾਂ ਸਸਕਾਰ ਦੇ ਯੋਗ ਬਣਾਉਂਦੇ ਸਨ। ਉਨ੍ਹਾਂ ਨੇ ਕਿਹਾ ਸੀ, 'ਮੌਤ ਵਿਚ ਸਨਮਾਨ ਹਰੇਕ ਜੀਵਤ ਚੀਜ਼ ਦਾ ਜਨਮ ਸਿੱਧ ਅਧਿਕਾਰ ਹੈ।'


**ਉਹ ਭਾਰਤ ਅਤੇ ਸਿੱਖ ਧਰਮ ਦੀ ਮਦਦ ਟਰੇਸਾ ਸਨ:** 1947 ਦੀ ਵੰਡ ਦੀ ਹਿੰਸਾ ਅਤੇ ਗਰੀਬੀ ਦੇ ਬਦਸੂਰਤ ਪਿਛੋਕੜ ਦੇ ਵਿਰੁੱਧ, ਉਸ ਨੇ ਅੰਮ੍ਰਿਤਸਰ, ਪੰਜਾਬ ਵਿਚ ਇਕ ਪ੍ਰਮੁੱਖ ਦੇਖਭਾਲ ਸੰਸਥਾ ਦੀ ਸਥਾਪਨਾ ਕੀਤੀ, ਜੋ ਕਿ ਪੰਜਾਬ ਰਾਜ ਦੇ ਗਰੀਬ, ਬਿਮਾਰ, ਅਪਾਹਜ ਅਤੇ ਗਰੀਬ ਲੋਕਾਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਥਾਪਤ ਕੀਤੀ ਗਈ ਸੀ। ਉਹਨਾਂ ਨੂੰ ਰਿਹਾਇਸ਼ ਪ੍ਰਦਾਨ ਕਰਦਾ ਸੀ। ਭੋਜਨ, ਡਾਕਟਰੀ ਦੇਖਭਾਲ, ਪਿਆਰ ਅਤੇ ਧਿਆਨ। ਉਨ੍ਹਾਂ ਦਾ ਜੀਵਨ ਮਹਾਨ ਨਿੱਜੀ ਕੁਰਬਾਨੀ ਦੀ ਕਹਾਣੀ ਹੈ, ਇਕ ਵੱਡੀ ਸਮੱਸਿਆ ਦੇ ਵਿਰੁੱਧ ਇਕ ਪੱਕਾ ਇਰਾਦਾ, ਸੇਵਾ ਅਤੇ ਸੇਵਾ ਲਈ ਇਕ ਜਨੂੰਨ, ਪੂਰਨ ਵਿਸ਼ਵਾਸ ਅਤੇ ਸ਼ਕਤੀਸ਼ਾਲੀ ਸਰਬ-ਸ਼ਕਤੀਮਾਨ ਨੂੰ ਸਮਰਥਨ ਅਤੇ ਸੰਸਾਰ ਦੇ ਦੁੱਖੀ ਲੋਕਾਂ ਲਈ ਬੇਅੰਤ ਪਿਆਰ।

ਛੋਟੀ ਉਮਰ ਤੋਂ ਹੀ ਭਗਤ ਜੀ ਹੋਰਨਾਂ ਜੀਵਾਂ ਦੀ ਮਦਦ ਕਰਨ ਲਈ ਅਤੇ ਨਿਸ਼ਕਾਮ ਸੇਵਾ ਕਰਨ ਵਿਚ ਲੱਗੇ ਹੋਏ ਸਨ। ਇਹ ਉਹ ਚੀਜ਼ ਸੀ ਜੋ ਉਹਨਾਂ ਦੀ ਮਾਂ ਨੇ ਉਨ੍ਹਾਂ ਨੂੰ ਅੱਗੇ ਵਧਾਇਆ ਅਤੇ ਸਿਖਾਇਆ ਸੀ। ਭਗਤ ਜੀ ਨੇ ਲਿਖਿਆ: "ਬਚਪਨ ਤੋਂ ਹੀ, ਮੇਰੀ ਮਾਂ ਨੇ ਮੈਨੂੰ ਪਰਮਾਤਮਾ ਦੀਆਂ ਸਾਰੀਆਂ ਰਚਨਾਵਾਂ ਦੀ ਨਿੱਜੀ ਸੇਵਾ ਕਰਨ ਲਈ ਕਿਹਾ ਸੀ। ਨੇਕ ਕਾਰਜਾਂ ਦੀ ਇਹ ਕੋਮਲ ਅਤੇ ਵੱਖਰੀ ਭਾਵਨਾ ਮੇਰੇ ਮਨ ਵਿਚ ਵੱਸ ਗਈ ਸੀ। ਮੇਰੀ ਮਾਂ ਨੇ ਮੈਨੂੰ ਪਸ਼ੂਆਂ ਨੂੰ ਪਾਣੀ ਪਿਲਾਉਣਾ ਸਿਖਾਇਆ ਸੀ। ਰੁੱਖ ਲਗਾਓ ਅਤੇ ਨਵੇਂ ਲਗਾਏ ਬੂਟੇ ਨੂੰ ਪਾਣੀ ਦਿਓ, ਚਿੜੀਆਂ, ਕਾਂ ਅਤੇ ਮੈਨਾ ਨੂੰ ਚਾਰਾ ਦਿਓ, ਰਾਹਾਂ ਤੋਂ ਕੰਡੇ ਚੁੱਕੋ ਅਤੇ ਗੱਡੀਆਂ ਦੀਆਂ ਪਟੜੀਆਂ ਤੋਂ ਪੱਥਰ ਹਟਾਓ, ਇਸ ਨੇ ਸਰਬ-ਸ਼ਕਤੀਮਾਨ ਦਾ ਨਾਮ ਮੇਰੇ ਹਿਰਦੇ ਵਿਚ ਵਸਾਇਆ ਸੀ, ਉਸ ਨੇ ਮੈਨੂੰ ਸੌਂਪਿਆ ਸੀ। ਗੁਰਦੁਆਰਾ ਡੇਰਾ ਸਾਹਿਬ ਦੀ ਮਰਿਆਦਾ ਵਿਚ ਲੈ ਕੇ ਮੈਨੂੰ ਨੇਕ ਜੀਵਨ ਦੇ ਮਾਰਗ 'ਤੇ ਚਲਾਇਆ। ਇਸ ਮਾਰਗ 'ਤੇ ਚੱਲਣ ਨਾਲ ਤੇਰਾ ਮਨ ਕਦੇ ਡੋਲ ਨਹੀਂ ਸਕਦਾ।'

1947 ਵਿਚ, ਭਗਤ ਜੀ ਨੇ ਪਿੰਗਲਵਾੜਾ ਨਾਮਕ ਸੰਸਥਾ ਦੀ ਸਥਾਪਨਾ ਕੀਤੀ ਜਿਸਦਾ ਅਰਥ ਹੈ "ਅਪੰਗਾਂ ਦਾ ਘਰ" ਕੁਝ ਛੱਡ ਗਏ ਅਪਾਹਜ ਜਾਂ ਬਿਮਾਰ ਮਰੀਜ਼ਾਂ ਦੇ ਨਾਲ। "ਪਿੰਗਲ" ਸ਼ਬਦ ਦਾ ਅਰਥ ਹੈ "ਲੰਗੜਾ" ਅਤੇ "ਵਾੜਾ" ਦਾ ਅਰਥ ਹੈ "ਘਰ"। ਅੱਜ ਇਹ ਸੰਸਥਾ ਜੋ ਬੀਬੀ ਡਾ. ਇੰਦਰਜੀਤ ਕੌਰ ਦੁਆਰਾ ਚਲਾਈ ਜਾਂਦੀ ਹੈ, ਇਕ ਹਜ਼ਾਰ ਤੋਂ ਵੱਧ ਮਰੀਜ਼ਾਂ ਦੀ ਦੇਖਭਾਲ ਕਰਦੀ ਹੈ।

ਭਗਤ ਜੀ ਲੇਖਕ ਹੋਣ ਦੇ ਨਾਲ-ਨਾਲ ਪ੍ਰਕਾਸ਼ਕ ਅਤੇ ਵਾਤਾਵਰਣ ਪ੍ਰੇਮੀ ਵੀ ਸਨ। ਵਾਤਾਵਰਣ ਪ੍ਰਦੂਸ਼ਣ, ਮਿੱਟੀ ਦੇ ਪੁੱਟਣ ਨੂੰ ਵਧਾਉਣ ਆਦਿ ਦੇ ਵਿਸ਼ਵ-ਵਿਆਪੀ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣ ਵਿਚ ਭਗਤ ਜੀ ਦੇ ਯੋਗਦਾਨ ਨੂੰ ਹੁਣ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਉਸ ਦੇ ਸਮਰਪਣ ਅਤੇ ਮਾਨਵਤਾ ਦੀ ਅਣ-ਰੱਖਿਅਤ ਸੇਵਾ ਲਈ ਕਈ ਹਿੱਸਿਆਂ ਤੋਂ ਸਨਮਾਨਾਂ ਦੇ ਢੇਰਾਂ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਵਿਚੋਂ ਵੱਕਾਰੀ 1979 ਵਿਚ ਪਦਮਸ਼੍ਰੀ ਪੁਰਸਕਾਰ ਸੀ, ਜੋ ਉਸਨੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲੇ ਦੇ ਮੱਦੇਨਜ਼ਰ ਸਮਰਪਣ ਕਰ ਦਿੱਤਾ ਸੀ।

**ਆਰੰਭਕ ਦਿਨ:** ਉਨ੍ਹਾਂ ਦਾ ਜਨਮ 4 ਜੂਨ, 1904 ਨੂੰ ਪੰਜਾਬ (ਬ੍ਰਿਟਿਸ਼ ਇੰਡੀਆ) ਦੇ ਲੁਧਿਆਣਾ ਜ਼ਿਲ੍ਹੇ




ਦੇ ਪਿੰਡ ਰਾਜੇਵਾਲ ਵਿਚ ਹੋਇਆ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ, ਉਨ੍ਹਾਂ ਦੀ ਮਾਂ ਨੇ ਉਸ ਨੂੰ ਸਿੱਖਿਆ ਦਾ ਮੈਟ੍ਰਿਕ ਪੱਧਰ ਪਾਸ ਕਰਨ ਅਤੇ ਸਰਕਾਰੀ ਨੌਕਰੀ ਲੱਭਣ ਲਈ ਉਤਸ਼ਾਹਿਤ ਕੀਤਾ। ਉਸ ਦੀ ਮਾਤਾ ਨੇ ਆਪਣੇ ਪੁੱਤਰ ਦੀ ਪੜ੍ਹਾਈ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਮਿੰਟਗੁਮਰੀ ਵਿਖੇ ਇਕ ਡਾਕਟਰ ਦੇ ਘਰ ਘਰੇਲੂ ਸਹਾਇਕ ਵਜੋਂ ਕੰਮ ਕੀਤਾ। ਬਾਅਦ ਵਿਚ ਉਹ ਲਾਹੌਰ ਚਲੀ ਗਈ ਅਤੇ ਪੈਸੇ ਕਮਾਉਣ ਲਈ ਉਥੇ ਘਰਾਂ ਵਿਚ ਭਾਂਡੇ ਸਾਫ ਕਰਨ ਲਈ ਕੰਮ ਕੀਤਾ। ਪੂਰਨ ਸਿੰਘ ਨੂੰ ਇਕ ਹੋਸਟਲ ਵਿਚ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਉਸ ਦੀ ਮਾਂ ਵੱਲੋਂ ਹਰ ਮਹੀਨੇ ਦਸ ਰੁਪਏ ਭੇਜੇ ਜਾਂਦੇ ਸਨ।

ਬਦਕਿਸਮਤੀ ਨਾਲ, ਉਹ ਆਪਣੀ ਦਸਵੀਂ ਦੀ ਪ੍ਰੀਖਿਆ ਵਿਚ ਫੈਲ ਹੋ ਗਿਆ, ਜਿਸ ਤੋਂ ਉਹ ਬਹੁਤ ਉਦਾਸ ਹੋ ਗਿਆ। ਉਸਦੀ ਮਾਂ ਨੇ ਉਸ ਨੂੰ ਕਿਹਾ, "ਉਦਾਸ ਨਾ ਹੋਵੋ, ਇੱਥੋਂ ਤੱਕ ਕਿ ਫੇਲ੍ਹ ਹੋਣ ਵਾਲੇ ਵੀ ਆਪਣਾ ਖਾਣਾ ਖਾਂਦੇ ਹਨ।" ਬਾਅਦ ਵਿਚ ਆਪਣੇ ਜੀਵਨ ਵਿਚ ਉਸਨੇ ਇਸ ਘਟਨਾ ਬਾਰੇ ਲਿਖਿਆ, "ਉਹ ਇਕ ਕਿਸਾਨ ਦੀ ਧੀ ਸੀ। ਉਸਨੇ ਦੇਖਿਆ ਸੀ ਕਿ ਉਸਦੇ ਮਾਪੇ ਦਿਨ ਚੜ੍ਹਦੇ ਹੀ ਖੇਤਾਂ ਨੂੰ ਜਾਂਦੇ ਸਨ ਅਤੇ ਦਿਨ ਭਰ ਦੀ ਮਿਹਨਤ ਤੋਂ ਬਾਅਦ ਸ਼ਾਮ ਨੂੰ ਘਰ ਆਉਂਦੇ ਸਨ। ਫਿਰ ਵੀ ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਉਨ੍ਹਾਂ ਨੂੰ ਵਾਢੀ ਮਿਲੇਗੀ ਜਾਂ ਭੁੱਖਮਰੀ ਝੱਲਣੀ ਪਵੇਗੀ।"

ਉਸ ਨੂੰ ਵਾਪਸ ਲਾਹੌਰ ਬੁਲਾਇਆ ਗਿਆ ਅਤੇ ਉਥੇ ਦੇ ਇਕ ਸਥਾਨਕ ਸਕੂਲ ਵਿਚ ਦਾਖਲਾ ਲਿਆ ਗਿਆ ਪਰ ਉਹ ਆਪਣੇ ਕੋਰਸ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਵਿਚ ਦਿਲਚਸਪੀ ਨਹੀਂ ਰੱਖਦਾ ਸੀ ਕਿਉਂਕਿ ਉਹ ਕਾਲਪਨਿਕ ਤੇ ਸਿਧਾਂਤਕ ਗਿਆਨ ਨਾਲ ਭਰੀਆਂ ਹੋਈਆਂ ਸੀ, ਜਿਹਨਾਂ ਦਾ ਰੋਜ਼ਾਨਾ ਜੀਵਨ ਵਿਚ ਬਿਲਕੁਲ ਕੋਈ ਸਬੰਧ ਜਾਂ ਐਪਲੀਕੇਸ਼ਨ ਨਹੀਂ ਸੀ। ਹਾਲਾਂਕਿ ਉਹ ਦਿਆਲ ਸਿੰਘ ਲਾਇਬ੍ਰੇਰੀ, ਲਾਹੌਰ ਵਿਚ ਕਿਤਾਬਾਂ ਦੀ ਝਲਕ ਦੇਖਣ ਵਿਚ ਘੰਟਿਆਂਬੱਧੀ ਬਿਤਾਉਂਦੇ ਅਤੇ ਜਿੰਨਾ ਹੋ ਸਕੇ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ। ਜਲਦੀ ਹੀ ਇਹ ਲੜਕਾ ਉਸ ਗਿਆਨ ਦਾ ਭੰਡਾਰ ਬਣ ਗਿਆ, ਜਿਸਨੂੰ ਹਾਸਲ ਕਰਨ ਦਾ ਕਈ ਵੱਡੇ ਵਿਦਵਾਨ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ।

**ਮਾਨਵਤਾ ਦੀ ਸੇਵਾ:** ਲਾਹੌਰ ਵਿਚ ਰਹਿੰਦਿਆਂ ਉਹ ਅਕਸਰ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨ ਕਰਦੇ ਅਤੇ ਸੰਗਤਾਂ ਨੂੰ ਗੁਰਦੁਆਰੇ ਵਿਚ ਹਾਜ਼ਰੀ ਭਰ ਕੇ, ਉਨ੍ਹਾਂ ਨੂੰ ਇਸ਼ਨਾਨ ਕਰਨ ਲਈ ਪਾਣੀ ਮੁਹੱਈਆ ਕਰਵਾਉਂਦੇ ਅਤੇ ਗੁਰਦੁਆਰੇ ਨਾਲ ਸਬੰਧਤ ਪਸ਼ੂਆਂ ਦਾ ਪ੍ਰਬੰਧ ਵੀ ਕਰਦੇ। ਉਹ ਲੰਗਰ, ਸਾਂਝੀ ਰਸੋਈ, ਭਾਂਡਿਆਂ ਦੀ ਸਫਾਈ, ਚਪਾਤੀ ਬਣਾ ਕੇ ਅਤੇ ਸੰਗਤਾਂ ਨੂੰ ਭੋਜਨ ਵੰਡ ਕੇ ਸੇਵਾ ਵੀ ਕਰਦੇ ਸਨ। ਉਹ ਸ਼ਾਮ ਨੂੰ ਗੁਰਦੁਆਰੇ ਦਾ ਫਰਸ਼ ਵੀ ਸਾਫ ਕਰਦੇ ਸਨ।

ਇਕ ਦਿਨ ਇਕ ਸ਼ਰਧਾਲੂ ਗੁਰਦੁਆਰੇ ਦੀ ਛੱਤ ਤੋਂ ਡਿੱਗ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਭਗਤ ਪੂਰਨ ਸਿੰਘ ਜੀ ਨੇ ਉਸ ਨੂੰ ਤੁਰੰਤ ਸਥਾਨਕ 'ਮਿਊ ਹਸਪਤਾਲ'' ਵਿਖੇ ਪਹੁੰਚਾਇਆ। ਮਰੀਜ਼ ਦੀ ਮਦਦ ਕਰਨ ਤੋਂ ਬਾਅਦ ਅੰਦਰੋਂ ਖੁਸ਼ੀ ਦਾ ਅਨੁਭਵ ਕਰਦੇ ਹੋਏ, ਉਹ ਕੀੜਿਆਂ ਨਾਲ ਭਰੀ ਲੱਤ ਨਾਲ ਬੁਰੀ ਤਰ੍ਹਾਂ ਖੂਨ ਵਹਿਣ ਵਾਲੇ ਵਿਅਕਤੀ ਨੂੰ ਹਸਪਤਾਲ ਲੈ ਗਿਆ, ਜਿੱਥੇ ਉਸ ਨੇ ਭਗਤ ਪੂਰਨ ਸਿੰਘ ਦਾ ਧੰਨਵਾਦ ਕੀਤਾ ਅਤੇ ਕਿਹਾ, "ਪੁੱਤ! ਹੁਣ ਮੈਂ ਸ਼ਾਂਤੀ ਨਾਲ ਮਰ ਸਕਦਾ ਹਾਂ।" ਇਸ ਘਟਨਾ ਨਾਲ ਮਨੁੱਖਤਾ ਦੀ ਸੇਵਾ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਬਣ ਗਿਆ। ਉਹ ਹੁਣ ਇੱਧਰ-ਉਧਰ ਭਟਕਦਾ, ਜ਼ਖਮੀਆਂ, ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਲੱਭ ਕੇ ਹਸਪਤਾਲ ਲੈ ਜਾਂਦਾ। ਉਸ ਨੇ ਆਪਣੀ ਜੇਬ ਅਤੇ ਸਮਰੱਥਾ ਅਨੁਸਾਰ ਉਹਨਾਂ ਦੀ ਦੇਖਭਾਲ ਵੀ ਕੀਤੀ। ਇਕ ਵਾਰ, ਉਸ ਨੇ ਇਕ ਬੁੱਢੇ ਅਤੇ ਗਰੀਬ ਭਿਖਾਰੀ ਦੇ ਕੱਪੜੇ ਵੀ ਧੋ ਦਿੱਤੇ ਜੋ ਢਿੱਲੀ-ਮੋਟ (ਲੂਜ਼ਮੋਸ਼ਨ) ਤੋਂ ਪੀੜਤ ਸੀ।

ਸੰਨ 1934 ਦੀ ਇਕ ਚੰਨੀ ਰਾਤ ਨੂੰ, ਕੋਈ ਚਾਰ ਸਾਲ ਦੇ ਕੋਹੜੀ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਵਾਜ਼ੇ 'ਤੇ ਛੱਡ ਗਿਆ, ਜਿਸ ਨੂੰ ਉਸ ਸਮੇਂ ਦੇ ਗੁਰਦੁਆਰੇ ਦੇ ਹੈੱਡ ਗ੍ਰੰਥੀ, ਜਥੇਦਾਰ ਅੱਛਰ ਸਿੰਘ ਨੇ ਅਰਦਾਸ ਕਰਨ ਤੋਂ ਬਾਅਦ ਭਗਤ ਪੂਰਨ ਸਿੰਘ ਨੂੰ ਸੌਂਪ ਦਿੱਤਾ ਸੀ। ਉਸ ਦੀ ਭਲਾਈ ਲਈ ਉਸ ਨੇ ਲੜਕੇ ਦਾ ਨਾਂ ਪਿਆਰਾ ਸਿੰਘ ਰੱਖਿਆ, ਜਿਸ ਦੀ ਦੇਖਭਾਲ ਭਗਤ ਪੂਰਨ ਸਿੰਘ ਨੇ ਕੀਤੀ ਸੀ। ਇਸ ਘਟਨਾ ਨੇ ਉਸ ਦੀ ਜ਼ਿੰਦਗੀ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਦਿੱਤਾ।

1947 ਵਿਚ ਭਾਰਤ ਦੀ ਵੰਡ ਤੋਂ ਬਾਅਦ, ਭਗਤ ਪੂਰਨ ਸਿੰਘ ਅੰਮ੍ਰਿਤਸਰ ਦੇ ਇਕ ਸ਼ਰਨਾਰਥੀ ਕੈਂਪ ਵਿਚ ਪਹੁੰਚਿਆ, ਜਿਸ ਵਿਚ 25 ਹਜ਼ਾਰ ਤੋਂ ਵੱਧ ਸ਼ਰਨਾਰਥੀ ਸਨ ਤੇ ਭਗਤ ਪੂਰਨ ਸਿੰਘ ਜੀ ਦੀ ਜੇਬ ਵਿਚ ਸਿਰਫ਼ ਪੰਜ ਆਨੇ ਹੀ ਸਨ। ਵੱਡੀ ਗਿਣਤੀ ਵਿਚ ਸ਼ਰਨਾਰਥੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਸਨ ਅਤੇ ਆਪਣੇ ਆਪ ਨੂੰ ਸੰਭਾਲਣ ਵਿਚ ਅਸਮਰੱਥ ਸਨ। ਸਰਕਾਰ ਨੇ ਇਨ੍ਹਾਂ ਸ਼ਰਨਾਰਥੀਆਂ ਦੀ ਦੇਖਭਾਲ ਲਈ ਕੋਈ ਪ੍ਰਬੰਧ ਨਹੀਂ ਕੀਤਾ। ਭਗਤ ਪੂਰਨ ਸਿੰਘ ਨੇ ਪਹਿਲ ਕੀਤੀ, ਉਨ੍ਹਾਂ ਨੇ ਕੁਝ ਕਲੋਰੋਫਾਰਮ ਅਤੇ ਟਰਪੇਨਵਾਈਨ ਤੇਲ ਲਿਆ ਅਤੇ ਜ਼ਖਮੀਆਂ ਦੇ ਜ਼ਖ਼ਮਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਉਹ ਅਕਸਰ ਨੇੜਲੀਆਂ ਕਾਲੋਨੀਆਂ ਵਿਚ ਭੁੱਖਿਆਂ ਲਈ ਭੋਜਨ ਅਤੇ ਬਿਮਾਰਾਂ ਲਈ ਦਵਾਈ ਲੈਣ ਜਾਂਦਾ ਸੀ।

**ਬਾਅਦ ਦੇ ਦਿਨ:** 1947 ਤੋਂ 1958 ਤੱਕ ਭਗਤ ਪੂਰਨ ਸਿੰਘ ਨੂੰ ਪੱਕਾ ਟਿਕਾਣਾ ਨਹੀਂ ਮਿਲਿਆ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਖਾਨੇ, ਰੇਲਵੇ ਸਟੇਸ਼ਨਾਂ ਜਾਂ ਸਿਵਲ ਸਰਜਨ ਦੇ ਦਫ਼ਤਰ ਦੇ ਬਾਹਰ ਦਰਖ਼ਤ ਹੇਠਾਂ ਦੇਖਿਆ ਜਾ ਸਕਦਾ ਸੀ। ਉਹ ਗਲੀਆਂ ਵਿਚ ਘੁੰਮਦਾ ਫਿਰਦਾ, ਲੋੜਵੰਦਾਂ ਦੀ ਮਦਦ ਲਈ ਦਾਨ ਮੰਗਦਾ। ਕੁਝ ਲੋਕਾਂ ਨੇ ਉਸ ਦੀ ਮਦਦ ਕਰਨ ਦੀ ਪੇਸ਼ਕਸ਼ ਕੀਤੀ, ਪਰ ਬਾਕੀਆਂ ਨੇ ਆਪਣੇ ਆਪ ਨੂੰ ਨੇਕ ਕੰਮ ਲਈ ਦਾਨ ਕਰਨ ਤੋਂ ਰੋਕਿਆ।

ਆਖਿਰਕਾਰ ਉਨ੍ਹਾਂ ਨੇ 'ਦ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ' ਦੀ ਸਥਾਪਨਾ ਕੀਤੀ, ਜਿਸ ਦੀ ਸਾਲਾਨਾ ਬਜਟ ਉਸ ਸਮੇਂ 12.5 ਮਿਲੀਅਨ ਰੁਪਏ ਸੀ ਅਤੇ ਇਸ ਨੂੰ ਰਜਿਸਟਰਡ ਕਰਵਾਇਆ। ਅੱਜ ਵੀ ਇਹ ਸੰਸਥਾ, ਤਹਿਸੀਲਪੁਰਾ ਗ੍ਰੈਂਡ, ਟਰੰਕ ਰੋਡ, ਅੰਮ੍ਰਿਤਸਰ ਵਿਖੇ ਹੈੱਡਕੁਆਰਟਰ, ਗਰੀਬਾਂ, ਰੋਗੀਆਂ ਅਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਅਪਾਹਜ ਦੀ ਮਦਦ ਲਈ ਕੰਮ ਕਰਦੀ ਹੈ। ਭਗਤ ਪੂਰਨ ਸਿੰਘ ਜੀ ਦੀ 5 ਅਗਸਤ 1992 ਨੂੰ ਮੌਤ ਹੋ ਗਈ ਤਾਂ ਮਨੁੱਖਤਾ ਨੇ ਸੱਚਮੁਚ ਇਕ ਰੂਹ ਨੂੰ ਗੁਆ ਦਿੱਤਾ। ਭਗਤ ਪੂਰਨ ਸਿੰਘ ਜੀ ਕਦਰਾਂ-ਕੀਮਤਾਂ ਦੀ ਚਮਕਦੀ ਮਿਸਾਲ ਸਨ।

**ਹੋਰ ਯੋਗਦਾਨ-** ਭਗਤ ਪੂਰਨ ਸਿੰਘ ਜੀ ਇਕ ਪਰਿਪੱਕ ਵਾਤਾਵਰਣਵਾਦੀ ਅਤੇ ਦੂਰਦਰਸ਼ੀ ਸ਼ਖਸੀਅਤ ਸਨ। ਉਸ ਨੇ ਰੁੱਖ ਲਗਾਉਣ ਦੀਆਂ ਮੁਹਿੰਮਾਂ ਦੀ ਸ਼ੁਰੂਆਤ ਕੀਤੀ, ਵਾਤਾਵਰਣ ਅਤੇ ਸਮਾਜਿਕ ਜੀਵਨ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਭਾਸ਼ਣਾਂ ਅਤੇ ਭਾਸ਼ਣਾਂ ਦਾ ਆਯੋਜਨ ਕੀਤਾ। ਇਸ ਬਾਰੇ ਵੱਡੀ ਗਿਣਤੀ ਵਿਚ ਕਿਤਾਬਾਂ ਵੀ ਲਿਖੀਆਂ। ਉਨ੍ਹਾਂ ਦੀਆਂ ਕੁਝ ਮਸ਼ਹੂਰ ਰਚਨਾਵਾਂ ਵਿਚ ਮਨੁੱਖ ਦੀ ਸਿੱਖਿਆ, ਸਿਰਫ਼ ਧਾਰਮਿਕਤਾ ਇਕ



ਪ੍ਰੋ: ਐਚ.ਐਲ.ਕਪੂਰ

ਰਾਸ਼ਟਰ ਨੂੰ ਉੱਚਾ ਕਰਦੀ ਹੈ", "ਪੌਦਾ ਜਾਂ ਨਾਸ਼", ਰਾਹ "ਵਧਦੀ ਆਬਾਦੀ" ਅਤੇ ਹੋਰ ਬਹੁਤ ਸਾਰੇ ਸ਼ਾਮਲ ਹਨ।

ਉਹਨਾਂ ਨੇ ਪਿੰਗਲਵਾੜਾ ਸੋਸਾਇਟੀ ਰਾਹੀਂ ਲੋਕਾਂ ਨੂੰ ਵਾਤਾਵਰਣ ਅਤੇ ਸਮਾਜ ਨੂੰ ਹੋ ਰਹੇ ਖ਼ਤਰਿਆਂ ਤੋਂ ਜਾਣੂ ਕਰਵਾਉਣ ਲਈ ਮੁਫ਼ਤ ਪੈਂਫਲੇਟ ਅਤੇ ਕਿਤਾਬਾਂ ਵੰਡੀਆਂ।

**ਵਿਦਵਾਨਾਂ ਦੇ ਵਿਚਾਰ:** ਪ੍ਰਸਿੱਧ ਭਾਰਤੀ ਲੇਖਕ ਖੁਸ਼ਵੰਤ ਸਿੰਘ ਦਾ ਭਗਤ ਪੂਰਨ ਸਿੰਘ ਜੀ ਬਾਰੇ ਕਹਿਣਾ ਹੈ ਕਿ, "ਭਗਤ ਪੂਰਨ ਸਿੰਘ ਕੋਈ ਸਾਧਾਰਨ ਪ੍ਰਾਣੀ ਨਹੀਂ ਸਨ ਪਰ ਬਿਨਾਂ ਸ਼ੱਕ ਦੁਨੀਆਂ ਦੇ ਸਭ ਤੋਂ ਪਿਆਰੇ ਅਤੇ ਸਤਿਕਾਰਯੋਗ ਵਿਅਕਤੀ ਸਨ। ਮੈਂ ਇਕ ਵਾਰ ਉਨ੍ਹਾਂ ਨੂੰ 'ਪੰਜਾਬ ਦੀ ਦਾੜ੍ਹੀਦਾਰ ਮਦਰ ਟਰੇਸਾ' ਦੱਸਿਆ ਸੀ। ਮਦਰ ਟਰੇਸਾ ਨੂੰ ਸ਼ਕਤੀਸ਼ਾਲੀ ਰੋਮਨ ਕੈਥੋਲਿਕ ਚਰਚ, ਅੰਗਰੇਜ਼ੀ ਪ੍ਰੈਸ ਅਤੇ ਅਣਗਿਣਤ ਬੁਨਿਆਦਾਂ ਦਾ ਸਮਰਥਨ ਪ੍ਰਾਪਤ ਸੀ। ਮਦਰ ਟਰੇਸਾ ਨੂੰ ਸ਼ਕਤੀਸ਼ਾਲੀ ਰੋਮਨ ਕੈਥੋਲਿਕ ਚਰਚ, ਅੰਗਰੇਜ਼ੀ ਪ੍ਰੈਸ ਅਤੇ ਅਣਗਿਣਤ ਬੁਨਿਆਦਾਂ ਦਾ ਸਮਰਥਨ ਪ੍ਰਾਪਤ ਸੀ। ਭਗਤ ਪੂਰਨ ਸਿੰਘ ਜੀ ਪਾਸ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਦੇ ਆਪਣੇ ਇਕਲੌਤੇ ਸਮਰਪਣ ਤੋਂ ਇਲਾਵਾ ਕੁਝ ਵੀ ਨਹੀਂ ਸੀ ਅਤੇ ਫਿਰ ਵੀ ਉਹ ਹਜ਼ਾਰਾਂ ਕੌੜੀਆਂ, ਮਾਨਸਿਕ ਅਤੇ ਸਰੀਰਕ ਤੌਰ 'ਤੇ ਅਪਾਹਜ ਅਤੇ ਮਰ ਰਹੇ ਲੋਕਾਂ ਦੀ ਮਦਦ ਕਰਨ ਦੇ ਯੋਗ ਸਨ, ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਸੰਸਾਰ ਦੇ ਇਤਿਹਾਸ ਵਿਚ ਸੋਨਾ ਹੈ।

**ਹਵਾਲੇ:** "ਮਹਾਨ ਪੁਰਸ਼ਾਂ ਦੇ ਵਿਚਾਰ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ ਅਤੇ ਸਾਡੇ ਦੇਸ਼ ਵਾਸੀਆਂ ਨੂੰ ਇਨ੍ਹਾਂ ਵਿਚਾਰਾਂ ਤੋਂ ਪ੍ਰੇਰਨਾ ਅਤੇ ਮਾਰਗ ਦਰਸ਼ਨ ਪ੍ਰਾਪਤ ਕਰਨ ਦਿਓ।"

"ਆਜ਼ਾਦੀ ਇਕ ਪ੍ਰਾਪਤੀ ਨਹੀਂ, ਸਗੋਂ ਇਕ ਮੌਕਾ ਹੈ।"

"ਆਪਣੇ ਦੇਸ਼ ਲਈ ਮਰਨ ਵਾਲੇ ਸ਼ਹੀਦ ਹਨ ਅਤੇ ਜੋ ਆਪਣੇ ਦੇਸ਼ ਲਈ ਜਿਊਂਦੇ ਹਨ, ਉਹ ਮਹਾਨ ਸ਼ਹੀਦ ਹਨ।"

"ਮੌਤ ਵਿਚ ਸਨਮਾਨ ਹਰੇਕ ਜੀਵਤ ਚੀਜ਼ ਦਾ ਜਨਮ ਸਿੱਧ ਅਧਿਕਾਰ ਹੈ।"

"ਸਾਰੇ ਪੰਜਾਬੀਆਂ ਨੂੰ "ਬੋਹੜ, ਪਿੱਪਲ ਅਤੇ ਨਿੰਮ" ਦੇ ਰੁੱਖ ਬੀਜਣੇ ਚਾਹੀਦੇ ਹਨ ਜੋ ਕਿ ਸਾਡੇ ਵਾਤਾਵਰਣ ਪ੍ਰਣਾਲੀ ਲਈ ਜ਼ਰੂਰੀ ਹਨ।"

"ਇਹ ਮਖੌਲ ਬੰਦ ਕਰੋ ਅਤੇ ਗੱਲ ਨਾ ਕਰੋ, ਪਰ ਜੀਓ। ਸਿੱਖੀ ਨੂੰ ਬਚਾਉਣ ਦੀ ਚਿੰਤਾ ਨਾ ਕਰੋ। ਯਕੀਨ ਰੱਖੋ ਕਿ ਸਿੱਖ ਧਰਮ ਆਪਣੇ ਆਪ ਨੂੰ ਸੰਭਾਲ ਸਕਦਾ ਹੈ। ਤੁਹਾਡੀ ਚਿੰਤਾ ਸਿਰਫ਼ ਆਪਣੇ ਆਪ ਨੂੰ ਬਚਾਉਣ ਦੀ ਹੋਣੀ ਚਾਹੀਦੀ ਹੈ।"

ਭਾਰਤ ਅਤੇ ਵਿਦੇਸ਼ਾਂ ਵਿਚ ਸਿੱਖ ਅਤੇ ਗੁਰਦੁਆਰੇ ਫੰਡ ਇਕੱਠਾ ਕਰਕੇ ਪਿੰਗਲਵਾੜੇ ਨੂੰ ਭੇਜਦੇ ਹਨ। ਪਿੰਗਲਵਾੜੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਹੋਰ ਕਈ ਤਰ੍ਹਾਂ ਦੀਆਂ ਸੰਸਥਾਵਾਂ ਤੋਂ ਗ੍ਰਾਂਟਾਂ ਮਿਲਦੀਆਂ ਹਨ।

ਭਗਤ ਪੂਰਨ ਸਿੰਘ ਆਪਣੇ ਆਪ ਵਿਚ ਇਕ ਸੰਸਥਾ ਹੈ। ਭਗਤ ਪੂਰਨ ਸਿੰਘ ਜੀ ਇਕ ਨਿਮਰ ਅਤੇ ਸਮਰਪਿਤ ਸਿੱਖ ਸਨ, ਜੋ ਦਸਵੇਂ ਗੁਰੂ ਸਾਹਿਬ ਦੇ ਸਿੱਖ ਭਾਈ ਕਨ੍ਹਈਆ ਦੀ ਯਾਦ ਦਿਵਾਉਂਦੇ ਹਨ। ਭਗਤ ਪੂਰਨ ਸਿੰਘ ਜੀ ਪੁਰਾਣੀ ਪਰੰਪਰਾ ਵਿਚ ਇਕ ਸੱਚਾ ਸਿੱਖ ਹੈ ਅਤੇ ਪੂਰੇ ਭਾਰਤ ਵਿਚ ਆਪਣੇ ਮਾਨਵਤਾਵਾਦੀ ਕਾਰਜਾਂ ਲਈ ਜਨਤਕ, ਜਨਤਕ ਸਨਮਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਵੱਖੋ-ਵੱਖਰੇ ਉਪਨਾਮਾਂ ਦੁਆਰਾ ਬੁਲਾਇਆ ਜਾਂਦਾ ਹੈ- ਪੰਜਾਬ ਦੀ ਜਨਤਕ 'ਮਦਰ ਟਰੇਸਾ', 'ਅੰਮ੍ਰਿਤਸਰ ਦਾ ਦਾੜ੍ਹੀ ਵਾਲਾ ਸੰਤ', 'ਵੀਹਵੀਂ ਸਦੀ ਦਾ ਭਾਈ ਕਨ੍ਹੀਆ'।

**ਵਿਰਾਸਤ :** ਭਗਤ ਪੂਰਨ ਸਿੰਘ ਚੇਅਰ ਫਾਰ ਸਟੱਡੀਜ਼ ਇਨ ਸੇਫਲੈਸ ਸਰਵਿਸ ਟੂ ਹਿਊਮੈਨਿਟੀ ਦੀ ਸਥਾਪਨਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 2005 ਵਿਚ ਕੀਤੀ ਗਈ ਸੀ।

ਭਗਤ ਪੂਰਨ ਸਿੰਘ ਦੀਆਂ ਯਾਦਗਾਰੀ ਡਾਕ ਟਿਕਟਾਂ 2004 ਵਿਚ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੁਆਰਾ ਜਾਰੀ ਕੀਤੀਆਂ ਗਈਆਂ ਸਨ। ਇਹ ਟਿਕਟ ਪੰਜ ਰੁਪਏ ਦੇ ਮੁੱਲ ਵਿਚ ਹੈ।

ਭਗਤ ਪੂਰਨ ਸਿੰਘ ਜੀ ਨੂੰ ਫਿਲਮ 'ਏਹ ਜਨਮ ਤੁਮਾਰੇ ਲੇਖੇ' ਵਿਚ ਪਵਨ ਮਲਹੋਤਰਾ ਦੇ ਨਾਲ ਮੁੱਖ ਭੂਮਿਕਾ ਵਿਚ ਦਰਸਾਇਆ ਗਿਆ ਸੀ। ਇਹ ਫਿਲਮ 2004 ਵਿਚ ਰਿਲੀਜ਼ ਕੀਤੀ ਗਈ ਸੀ।

## ਭਾਰਤ ਦੇ 77ਵੇਂ ਸੁਤੰਤਰਤਾ ਦਿਵਸ 'ਤੇ ਵਿਸ਼ੇਸ਼

# 'ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ'

ਬ੍ਰਿਟਿਸ਼ ਰਾਜ ਅਦਿਤਯ ਭਾਰਤੀ ਉਪ-ਮਹਾਂਦੀਪ ਉੱਤੇ 1858 ਈਸਵੀ ਅਤੇ 1947 ਈ: ਦੇ ਵਿਚਕਾਰ ਬ੍ਰਿਟਿਸ਼ ਸ਼ਾਸਨ ਦੇ ਸਮੇਂ ਨੂੰ ਦਰਸਾਉਂਦਾ ਹੈ। ਸ਼ਾਸਨ ਪ੍ਰਣਾਲੀ ਦੀ ਸਥਾਪਨਾ 1858 ਵਿਚ ਕੀਤੀ ਗਈ ਸੀ ਜਦੋਂ 'ਈਸਟ ਇੰਡੀਆ ਕੰਪਨੀ' ਦਾ ਸ਼ਾਸਨ ਮਹਾਰਾਣੀ ਵਿਕਟੋਰੀਆ ਦੇ ਵਿਅਕਤੀ ਵਿਚ ਤਾਜ ਨੂੰ ਤਬਦੀਲ ਕੀਤਾ ਗਿਆ ਸੀ। ਇਹ ਰਾਜ 1947 ਤੱਕ ਚੱਲਿਆ ਸੀ। ਭਾਰਤ ਦੇ ਬ੍ਰਿਟਿਸ਼ ਪ੍ਰਾਂਤਾਂ ਨੂੰ ਵੰਡ ਕੇ ਭਾਰਤ ਤੇ ਪਾਕਿਸਤਾਨ ਦੇ ਦੋਸ਼ਾਂ ਵਿਚ ਵੰਡ ਕੇ ਬਣਾ ਦਿੱਤਾ ਗਿਆ।

ਭਾਰਤ ਵਿਚ ਲਾਰਡ ਡਲਹੌਜ਼ੀ ਤੋਂ ਲੈ ਕੇ ਉਸ ਸਮੇਂ ਗ੍ਰੇਟ ਬ੍ਰਿਟੇਨ ਵਿਚ ਫੈਲੀ ਤਕਨੀਕੀ ਤਬਦੀਲੀ ਨੂੰ ਅਪਣਾ ਲਿਆ ਸੀ। ਭਾਰਤ 'ਚ ਵੀ ਉਨ੍ਹਾਂ ਸਾਰੀਆਂ ਤਕਨੀਕਾਂ ਦਾ ਤੇਜ਼ੀ ਨਾਲ ਵਿਕਾਸ ਹੋਇਆ ਸੀ। ਭਾਰਤ ਵਿਚ ਰੇਲਵੇ, ਸੜਕਾਂ, ਨਹਿਰਾਂ ਅਤੇ ਪੁਲ ਤੇਜ਼ੀ ਨਾਲ ਬਣਾਏ ਗਏ ਸਨ ਅਤੇ ਟੈਲੀਗ੍ਰਾਫ ਲਿੰਕ ਵੀ ਉਸੇ ਤਰ੍ਹਾਂ ਤੇਜ਼ੀ ਨਾਲ ਸਥਾਪਤ ਕੀਤੇ ਗਏ ਸਨ ਤਾਂ ਜੋ ਭਾਰਤ ਦੇ ਅੰਦਰਲਿਆਂ ਇਲਾਕਿਆਂ ਤੋਂ ਕਪਾਹ ਵਰਗੇ ਤੇ ਹੋਰ ਅਨੇਕਾਂ ਤਰ੍ਹਾਂ ਦੇ ਕੱਚੇ ਮਾਲ ਨੂੰ ਬਾਅਦ ਵਿਚ ਇੰਗਲੈਂਡ ਨੂੰ ਨਿਰਯਾਤ ਕਰਨ ਲਈ ਬੰਬਈ ਵਰਗੀਆਂ ਬੰਦਰਗਾਹਾਂ ਤੱਕ ਵਧੇਰੇ ਕੁਸ਼ਲਤਾ ਨਾਲ ਪਹੁੰਚਾਇਆ ਜਾ ਸਕੇ ਅਤੇ ਇਸ ਆਵਾਜਾਈ ਦੀ ਤੇਜ਼ੀ ਨਾਲ ਉਹ ਭਾਰਤ 'ਤੇ ਬੜੀ ਆਸਾਨੀ ਨਾਲ ਆਪਣਾ ਰਾਜ ਪ੍ਰਬੰਧ ਚਲਾ ਸਕਣ ਵਿਚ ਵੀ ਸਮਰੱਥ ਬਣ ਗਏ ਸਨ।

ਸਾਲਾਂ ਦੇ ਸੰਘਰਸ਼ ਤੋਂ ਬਾਅਦ 15 ਅਗਸਤ, 1947 ਨੂੰ ਭਾਰਤ ਨੂੰ ਆਪਣੀ ਆਜ਼ਾਦੀ ਮਿਲੀ। ਬ੍ਰਿਟਿਸ਼ ਰਾਜ ਦੇ ਅਧੀਨ, ਅਸੀਂ ਇਤਿਹਾਸ ਦੀਆਂ ਕਿਤਾਬਾਂ ਦੇ ਵਰਣਨ ਨਾਲੋਂ, ਬਹੁਤ ਮਾੜੀ ਸਥਿਤੀ ਵਿਚ ਰਹਿ ਗਏ। ਅਸੀਂ ਆਪਣੇ ਹਿੱਸੇ ਦੇ ਵਿਕਾਸ ਤੋਂ ਬਹੁਤ ਪਿੱਛੇ ਰਹਿ ਗਏ, ਜਿਸ ਨੂੰ ਦੁਨੀਆਂ ਗਲੇ ਲਗਾ ਰਹੀ ਸੀ, ਪਰ ਸੁਤੰਤਰ ਭਾਰਤ ਨੂੰ ਇਕ ਟੁੱਟੀ ਹੋਈ ਆਰਥਿਕਤਾ, ਵਿਆਪਕ ਅਨਪੜ੍ਹਤਾ ਅਤੇ ਹੈਰਾਨ ਕਰਨ ਵਾਲੀ ਗਰੀਬੀ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਅਜੋਕੇ ਅਰਥ ਸ਼ਾਸਤਰੀ ਭਾਰਤ ਦੇ ਆਰਥਿਕ ਵਿਕਾਸ ਦੇ ਇਤਿਹਾਸ ਨੂੰ ਦੋ ਪੜਾਵਾਂ ਵਿਚ ਵੰਡਦੇ ਹਨ। ਆਜ਼ਾਦੀ ਤੋਂ ਬਾਅਦ ਪਹਿਲੇ 45 ਸਾਲ ਅਤੇ ਮੁਕਤ ਬਜ਼ਾਰ ਅਰਥਚਾਰੇ ਦੇ ਦੋ ਦਹਾਕਿਆਂ ਵਿਚ। ਆਰਥਿਕ ਉਦਾਰੀਕਰਨ ਤੋਂ ਪਹਿਲਾਂ ਦੇ ਸਾਲ ਮੁੱਖ ਤੌਰ 'ਤੇ ਅਜਿਹੇ ਉਦਾਹਰਣਾਂ ਦੁਆਰਾ ਚਿੰਨ੍ਹਿਤ ਕੀਤੇ ਗਏ ਸਨ, ਜਦੋਂ ਅਰਥਪੂਰਨ ਨੀਤੀਆਂ ਦੀ ਘਾਟ ਕਾਰਨ ਆਰਥਿਕ ਵਿਕਾਸ ਰੁਕ ਗਿਆ ਸੀ।

ਆਰਥਿਕ ਸੁਧਾਰ ਉਦਾਰੀਕਰਨ ਅਤੇ ਨਿੱਜੀਕਰਨ ਦੀ ਨੀਤੀ ਦੀ ਸ਼ੁਰੂਆਤ ਨਾਲ ਭਾਰਤ ਦੇ ਬਚਾਅ ਲਈ ਆਏ। ਇਕ ਲਚਕਦਾਰ ਉਦਯੋਗਿਕ ਲਾਇਸੈਂਸ ਨੀਤੀ ਅਤੇ ਇਕ ਢਿੱਡੀ ਐਫ. ਡੀ. ਆਈ. ਨੀਤੀ ਨੂੰ ਅੰਤਰ ਰਾਸ਼ਟਰੀ ਨਿਵੇਸ਼ਕਾਂ ਤੋਂ ਸਕਾਰਾਤਮਕ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਭਾਰਤ ਦੇ ਆਰਥਿਕ ਵਿਕਾਸ ਨੂੰ ਪ੍ਰੇਰਿਤ ਕਰਨ ਵਾਲੇ ਪ੍ਰਮੁੱਖ ਕਾਰਕਾਂ ਵਿਚ ਐਫ. ਡੀ. ਆਈ. ਵਿਚ ਵਾਧਾ, ਸੂਚਨਾ ਤਕਨਾਲੋਜੀ ਨੂੰ ਅਪਣਾਉਣ ਅਤੇ ਘਰੇਲੂ ਖਪਤ ਵਿਚ ਵਾਧਾ ਸੀ।

75 ਸਾਲ ਪਹਿਲਾਂ, ਅੱਜ ਦੇ ਦਿਨ, ਭਾਰਤ ਨੇ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਕਰਨ ਲਈ ਬਹੁਤ ਸਾਰੀਆਂ ਚੁਣੌਤੀਆਂ ਨੂੰ ਪਾਰ ਕਰਦੇ ਹੋਏ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਾਂ ਵਿਚ ਇਕ ਬਣਨ ਲਈ 'ਪੰਜ ਸਾਲਾ ਯੋਜਨਾਵਾਂ' ਰਾਹੀਂ ਮਹੱਤਵਪੂਰਨ ਕਦਮ ਚੁੱਕ ਕੇ ਭਾਰਤ ਨੇ ਆਜ਼ਾਦੀ ਤੋਂ ਬਾਅਦ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ, ਆਪਣੇ ਪਿੱਛੇ ਕਈ ਮੀਲ ਚਿੰਨ੍ਹ ਛੱਡ ਕੇ ਵੰਡ ਦੀ ਪੀੜਾਂ ਤੋਂ ਇਕ ਮਜ਼ਬੂਤ, ਤਾਕਤਵਰ ਅਤੇ ਵਿਕਾਸਸ਼ੀਲ ਰਾਸ਼ਟਰ ਤੱਕ ਦੀ ਯਾਤਰਾ ਨੂੰ ਪਰਿਭਾਸ਼ਿਤ ਕੀਤਾ ਹੈ।

ਆਪਣੀ ਆਜ਼ਾਦੀ ਦੇ 75 ਸਾਲਾਂ ਵਿਚ ਭਾਰਤ ਨੇ ਕਈ ਮਹਾਨ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਇਸ ਨੇ ਇਕ ਆਧੁਨਿਕ ਅਰਥਵਿਵਸਥਾ 'ਤੇ ਦੁਨੀਆਂ ਦੀ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਬਣਾਈ ਹੈ, ਇਹ ਇਕ ਲੋਕਤੰਤਰ ਬਣਿਆ ਰਿਹਾ, ਲੱਖਾਂ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ, ਇਕ ਸਪੇਸ ਅਤੇ ਪ੍ਰਮਾਣੂ ਸ਼ਕਤੀ ਬਣ ਗਿਆ ਅਤੇ ਇਕ ਮਜ਼ਬੂਤ, ਨਿਰਪੱਖ, ਵਿਦੇਸ਼ ਨੀਤੀ ਨੂੰ ਸੰਸਾਰ ਪੱਧਰ 'ਤੇ ਵਿਕਸਤ ਕੀਤਾ ਗਿਆ। ਭਾਰਤ ਵਿਸ਼ਵ ਮਾਮਲਿਆਂ ਵਿਚ ਜੀ-20, ਬ੍ਰਿਕਸ ਅਤੇ ਉਦਯੋਗਿਕ ਦੇਸ਼ਾਂ ਨਾਲ ਮਿਲ ਕੇ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।

ਪਿਛਲੇ ਤਕਰੀਬਨ 30 ਸਾਲਾਂ ਵਿਚ ਭਾਰਤ ਦੀ ਤਰੱਕੀ ਬਹੁਤ ਸ਼ਾਨਦਾਰ ਰਹੀ ਹੈ। ਇਹ ਵਿਸ਼ੇਸ਼ ਤੌਰ 'ਤੇ ਹੁਣ ਮਾਨਤਾ ਦਾ ਹੱਕਦਾਰ ਹੈ, ਕਿਉਂਕਿ ਅਮੀਰ ਦੇਸ਼ ਇਸ ਗੱਲ 'ਤੇ ਵਿਚਾਰ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਘਰ ਵਿਚ ਦਰਪੇਸ਼ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਬਾਵਜੂਦ ਵਿਸ਼ਵ ਵਿਕਾਸ ਸਹਾਇਤਾ ਵਿਚ ਨਿਵੇਸ਼ ਕਰਨਾ ਜਾਰੀ ਰੱਖਣਾ ਹੈ ਜਾਂ ਨਹੀਂ?

ਭਾਰਤ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਕਰੀਬਨ 30 ਕਰੋੜ ਤੋਂ ਵੱਧ ਭਾਰਤੀ ਬੇਹੱਦ ਗਰੀਬੀ ਦਾ ਜੀਵਨ ਬਤੀਤ ਕਰ ਰਹੇ ਹਨ। ਭਾਰਤ ਦੇਸ਼, ਦੁਨੀਆਂ ਦੇ ਕੁਪੋਸ਼ਿਤ (ਭੁੱਖਮਰੀ/ ਮਾੜੀ ਖੁਰਾਕ) ਅਤੇ ਘੱਟ ਵਜ਼ਨ ਵਾਲੇ ਬੱਚਿਆਂ ਦਾ ਅੱਧਾ ਅਤੇ ਦੁਨੀਆਂ ਦੇ ਟੀ. ਬੀ. ਦਾ ਇਕ ਚੌਥਾਈ ਹਿੱਸਾ ਹੈ।

**1947 ਤੋਂ ਬਾਅਦ ਭਾਰਤ ਦੀਆਂ ਪ੍ਰਮੁੱਖ ਪ੍ਰਾਪਤੀਆਂ:**

**ਭਾਰਤੀ ਸੰਵਿਧਾਨ:** ਭਾਰਤ ਨੇ 26 ਜਨਵਰੀ 1951 ਨੂੰ ਅਪਣਾ ਸੰਵਿਧਾਨ ਸ਼ੁਰੂ ਕੀਤਾ ਸੀ, ਇਸ ਨੇ ਸਰਕਾਰ ਅਤੇ ਨਾਗਰਿਕਾਂ ਦੇ ਬੁਨਿਆਦੀ ਰਾਜਨੀਤਿਕ ਕੋਡ, ਅਧਿਕਾਰਾਂ ਅਤੇ ਕਰਤੱਵਾਂ ਦੀ ਹੱਦਬੰਦੀ ਦਾ ਢਾਂਚਾ ਰੱਖਿਆ ਸੀ। ਸਾਡੇ ਸੰਵਿਧਾਨ ਨੇ ਸਾਨੂੰ ਦੁਨੀਆਂ ਦੇ ਸਭ ਤੋਂ ਵੱਡੇ ਧਰਮ ਨਿਰਪੱਖ, ਲੋਕਤੰਤਰੀ ਦੇਸ਼ ਦਾ ਖਿਤਾਬ ਦਿੱਤਾ ਹੈ।

**ਲੋਕ ਰਾਜ (ਡੈਮੋਕ੍ਰੇਸੀ):** ਭਾਰਤ ਦੀ ਰਾਜਨੀਤੀ ਦੇਸ਼ ਦੇ ਸੰਵਿਧਾਨ ਦੇ ਢਾਂਚੇ ਦੇ ਅੰਦਰ ਕੰਮ ਕਰਦੀ ਹੈ। ਭਾਰਤ ਇਕ ਸੰਸਦੀ ਲੋਕਤੰਤਰੀ ਧਰਮ ਨਿਰਪੱਖ ਗਣਰਾਜ ਹੈ, ਜਿਸ ਵਿਚ ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁਖੀ ਅਤ ਭਾਰਤ ਦਾ ਪਹਿਲਾ ਨਾਗਰਿਕ ਹੈ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ। ਇਹ ਸਰਕਾਰ ਦੇ ਸੰਘੀ ਢਾਂਚੇ 'ਤੇ ਆਧਾਰਿਤ ਹੈ, ਹਾਲਾਂਕਿ ਇਹ ਸ਼ਬਦ ਸੰਵਿਧਾਨ ਵਿਚ ਹੀ ਵਰਤਿਆ ਨਹੀਂ ਗਿਆ ਹੈ। ਭਾਰਤ ਦੋਹਰੀ ਰਾਜਨੀਤਿਕ ਪ੍ਰਣਾਲੀ ਦਾ ਪਾਲਣਾ ਕਰਦਾ ਹੈ, ਅਰਥਾਤ ਕੁਦਰਤ ਵਿਚ ਸੰਘੀ, ਜਿਸ ਵਿਚ ਕੇਂਦਰ ਅਤੇ ਰਾਜਾਂ ਵਿਚ ਕੇਂਦਰੀ ਅਥਾਰਟੀ ਸ਼ਾਮਲ ਹੁੰਦੀ ਹੈ। ਘੇਰੇ 'ਤੇ ਸੰਵਿਧਾਨ ਅਤੇ ਰਾਜ ਸਰਕਾਰਾਂ ਦੋਹਾਂ ਦੀਆਂ ਸੰਗਠਨਾਤਮਕ ਸ਼ਕਤੀਆਂ ਅਤੇ ਸੀਮਾਵਾਂ ਨੂੰ ਪਰਿਭਾਸ਼ਿਤ ਕਰਦਾ ਹੈ; ਇਹ ਚੰਗੀ ਤਰ੍ਹਾਂ ਮਾਨਤਾ ਪ੍ਰਾਪਤ ਹੈ, ਤਰਲ (ਸੰਵਿਧਾਨ ਦੀ ਪ੍ਰਸਤਾਵਨਾ ਕਠੋਰ ਹੋਣ ਅਤੇ ਸੰਵਿਧਾਨ ਵਿਚ ਹੋਰ ਸੋਧਾਂ ਨੂੰ ਨਿਰਧਾਰਿਤ ਕਰਨਾ) ਅਤੇ ਸਰਵਉਚ ਮੰਨਿਆ ਜਾਂਦਾ ਹੈ, ਭਾਵ ਰਾਸ਼ਟਰ ਦੇ ਕਾਨੂੰਨਾਂ ਨੂੰ ਇਸ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਕ ਉੱਚ ਸਦਨ, ਰਾਜ ਸਭਾ (ਰਾਜਾਂ ਦੀ ਕੌਂਸਲ) ਜੋ ਕਿ ਭਾਰਤੀ ਸੰਘ ਦੇ ਰਾਜਾਂ ਦੀ ਨੁਮਾਇੰਦਗੀ ਕਰਦੀ ਹੈ।




ਇਕ ਹੇਠਲਾ ਸਦਨ, ਲੋਕ ਸਭਾ (ਲੋਕਾਂ ਦੀ ਸਿੱਧੀ ਨੁਮਾਇੰਦਗੀ) ਦੀ ਨੁਮਾਇੰਦਗੀ ਕਰਦੀ ਹੈ, ਦੇ ਨਾਲ ਇਕ ਦੁਵੱਲੀ ਵਿਧਾਨ ਸਭਾ ਦਾ ਪ੍ਰਬੰਧ ਹੈ। ਸਮੁੱਚੇ ਭਾਰਤ ਦੇ ਲੋਕ, ਸੰਵਿਧਾਨ ਇਕ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕਰਦਾ ਹੈ, ਜਿਸਦੀ ਅਗਵਾਈ ਸੁਪਰੀਮ ਕੋਰਟ ਕਰਦੀ ਹੈ। ਅਦਾਲਤ ਦਾ ਆਦੇਸ਼ ਸੰਵਿਧਾਨ ਦੀ ਰੱਖਿਆ ਕਰਨਾ, ਕੇਂਦਰ ਸਰਕਾਰ ਅਤੇ ਰਾਜਾਂ ਵਿਚਕਾਰ ਵਿਵਾਦਾਂ ਦਾ ਨਿਪਟਾਰਾ ਕਰਨਾ, ਅੰਤਰ-ਰਾਜੀ ਝਗੜਿਆਂ ਦਾ ਨਿਪਟਾਰਾ ਕਰਨਾ, ਸੰਵਿਧਾਨ ਦੇ ਵਿਰੁੱਧ ਜਾਣ ਵਾਲੇ ਕੇਂਦਰੀ ਜਾਂ ਰਾਜ ਦੇ ਕਾਨੂੰਨਾਂ ਨੂੰ ਰੱਦ ਕਰਨਾ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨਾ, ਰਿੱਟ ਜਾਰੀ ਕਰਨਾ ਹੈ। ਉਲੰਘਣਾ ਦੇ ਮਾਮਲਿਆਂ ਵਿਚ ਉਹਨਾਂ ਨੂੰ ਲਾਗੂ ਕਰਨ ਲਈ ਆਦੇਸ਼ ਦੇਣਾ ਹੈ।

**ਭਾਰਤ ਕੋਲ ਏਸ਼ੀਆ ਦਾ ਸਭ ਤੋਂ ਵੱਡਾ ਰੇਲਵੇ ਨੈਟਵਰਕ-** ਰੇਲਵੇ ਨੈਟਵਰਕ ਦਾ ਰਾਸ਼ਟਰੀਕਰਨ 1951 ਵਿਚ ਕੀਤਾ ਗਿਆ ਸੀ ਅਤੇ ਸ਼ੁਰੂ ਵਿਚ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ ਸੀ। ਭਾਰਤੀ ਰੇਲਵੇ ਹੁਣ ਦੁਨੀਆਂ ਦੇ ਸਭ ਤੋਂ ਵੱਡੇ ਰੇਲਵੇ ਨੈਟਵਰਕਾਂ ਵਿਚੋਂ ਇਕ ਹੈ, ਜਿਸ ਵਿਚ 119,630 ਕਿਲੋਮੀਟਰ ਤੋਂ ਵੀ ਜ਼ਿਆਦਾ ਟ੍ਰੈਕ ਅਤੇ 7216 ਤੋਂ ਵੀ ਜ਼ਿਆਦਾ ਸਟੇਸ਼ਨ ਸ਼ਾਮਲ ਹਨ।

**ਸ਼ਕਤੀਸ਼ਾਲੀ ਰੱਖਿਆ:** ਆਜ਼ਾਦੀ ਤੋਂ ਬਾਅਦ ਭਾਰਤ ਨੇ ਆਪਣੀ ਰੱਖਿਆ ਨੂੰ ਬਹੁਤ ਮਜ਼ਬੂਤ ਕੀਤਾ ਹੈ ਤਾਂ ਕਿ ਇਤਿਹਾਸ ਆਪਣੇ ਆਪ ਨੂੰ ਨਾ ਦੁਹਰਾਵੇ। 1954 ਵਿਚ ਭਾਰਤ ਨੇ ਪਰਮਾਣੂ ਊਰਜਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। 1974 ਵਿਚ ਭਾਰਤ ਨੇ 'ਸਮਾਈਲਿੰਗ ਬੁੱਧਾ' ਕੀਤਾ, ਆਪਣਾ ਪਹਿਲਾ ਪ੍ਰਮਾਣੂ ਪ੍ਰੀਖਣ, ਪੰਜ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ ਦੀ ਸੂਚੀ ਵਿਚ ਆਪਣੀ ਜਗ੍ਹਾ ਬਣਾ ਲਈ। ਇਹ 1947 ਤੋਂ ਬਾਅਦ ਭਾਰਤ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਕ ਹੈ, ਅੱਜ ਭਾਰਤ ਕੋਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਫੌਜੀ ਬਲ ਅਤੇ ਸਭ ਤੋਂ ਵੱਡੀ ਸਵੈ-ਇੱਛੁਕ ਫੌਜ ਹੈ।

**ਲਿੰਗ ਨਿਆਂ:** ਭਾਰਤ ਨੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਪ੍ਰਗਤੀਸ਼ੀਲ ਕਦਮ ਚੁੱਕੇ ਹਨ। ਦਾਜ ਰੋਕੂ ਕਾਨੂੰਨ 1961 ਅਤੇ ਘਰੇਲੂ ਹਿੰਸਾ ਐਕਟ, 2005 ਨੇ ਸਮਾਜਿਕ ਬੁਰਾਈਆਂ ਨੂੰ ਨਿਰਾਸ਼ ਕੀਤਾ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਵਰਗੇ ਕਈ ਸਰਕਾਰੀ ਪ੍ਰੋਗਰਾਮ ਦੇਸ਼ 'ਚ ਲਿੰਗ ਭੇਦਭਾਵ ਨੂੰ ਖਤਮ ਕਰਨ ਤੇ ਕੰਮ ਕਰਦੇ ਹਨ।

**ਹਰੀ ਕ੍ਰਾਂਤੀ:** ਹਰੀ ਕ੍ਰਾਂਤੀ ਸਾਲ 1967 ਵਿਚ ਪੇਸ਼ ਕੀਤੀ ਗਈ ਸੀ। ਇਕ ਖੇਤੀਬਾੜੀ ਰਾਜ ਹੋਣ ਦੇ ਬਾਵਜੂਦ, ਭਾਰਤ ਵਿਚ ਅਨਾਜ ਦੀ ਘਾਟ ਸੀ ਅਤੇ ਵੱਡੀ ਆਬਾਦੀ ਨੂੰ ਭੋਜਨ ਦੇਣ ਲਈ ਅਨਾਜ ਦੀ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹਰੀ ਕ੍ਰਾਂਤੀ ਨੇ ਭਾਰਤ ਨੂੰ ਇਕ ਆਤਮ-ਨਿਰਭਰ ਰਾਸ਼ਟਰ ਬਣਾਇਆ। ਅੱਜ ਭਾਰਤ ਦਾਲਾਂ ਅਤੇ ਕਣਕ ਦਾ ਸਭ ਤੋਂ ਵੱਡਾ ਉਤਪਾਦਕ ਹੈ ਅਤੇ ਵਿਸ਼ਵ ਪੱਧਰ 'ਤੇ ਦਾਲਾਂ, ਕਣਕ, ਚਾਵਲ ਅਤੇ ਗੰਨੇ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਹੈ।

**ਸਪੇਸ ਤਕਨਾਲੋਜੀ:** 'ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ' (ਇਸਰੋ) ਦੀ ਸਥਾਪਨਾ 15 ਅਗਸਤ, 1969 ਨੂੰ ਕੀਤੀ ਗਈ ਸੀ, ਜਿਸਨੇ ਭਾਰਤ ਵਿਚ ਪੁਲਾੜ ਖੋਜ ਨੂੰ ਨਵੀਂ ਉਡਾਣ ਦਿੱਤੀ ਸੀ। 1975 ਵਿਚ, ਭਾਰਤ ਨੇ ਆਪਣਾ ਪਹਿਲਾ ਪੁਲਾੜ ਉਪਗ੍ਰਹਿ 'ਆਰੀਆ ਭੱਟ' ਲਾਂਚ ਕੀਤੀ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਕੇਸ਼ ਸ਼ਰਮਾ 1986 ਵਿਚ ਪੁਲਾੜ ਵਿਚ ਜਾਣ ਵਾਲੇ ਪਹਿਲੇ ਭਾਰਤੀ ਬਣੇ ਸਨ ਅਤੇ ਵਰਤਮਾਨ ਵਿਚ ''ਮੇਕ ਇਨ ਇੰਡੀਆ'' ਪ੍ਰੋਗਰਾਮ ਦੇ ਤਹਿਤ ਸਭ ਤੋਂ ਵਧੀਆ ਸਵਦੇਸ਼ੀ ਤਕਨਾਲੋਜੀ ਆਧਾਰਿਤ ਲਾਂਚ ਵਾਹਨਾਂ ਦਾ ਨਿਰਮਾਣ ਕੀਤਾ ਗਿਆ ਹੈ। 2008 ਵਿਚ ਭਾਰਤ ਨੇ ਪੀ. ਐਸ. ਐਲ. ਟੀ.- ਸੀ9 ਰਾਹੀਂ ਇਕ ਮਿਸ਼ਨ ਵਿਚ 10 ਸੈਟੇਲਾਈਟਾਂ ਨੂੰ ਆਰਬਿਟ ਵਿਚ ਭੇਜਣ ਦਾ ਵਿਸ਼ਵ ਰਿਕਾਰਡ ਬਣਾਇਆ। ਅਸੀਂ ਚੰਦਰਯਾਨ ਵਰਗੇ ਉਪਗ੍ਰਹਿ ਸਫਲਤਾ ਪੂਰਵਕ ਚੰਦਰਮਾ 'ਤੇ ਲਾਂਚ ਕੀਤੇ ਅਤੇ ਮੰਗਲਯਾਨ ਰਾਹੀਂ ਆਪਣੀ ਪਹਿਲੀ ਕੋਸ਼ਿਸ਼ ਵਿਚ ਮੰਗਲ 'ਤੇ ਪਹੁੰਚਣ ਵਾਲਾ ਪਹਿਲਾ ਦੇਸ਼ ਬਣ ਗਿਆ।

**ਚਿੱਟੀ ਕ੍ਰਾਂਤੀ:** 1970 ਵਿਚ ਭਾਰਤ ਨੇ ਚਿੱਟੀ ਕ੍ਰਾਂਤੀ (ਅਪਰੇਸ਼ਨ ਫਲੱਡ) ਦੇਖੀ- ਵਿਸ਼ਵ ਦਾ ਸਭ ਤੋਂ ਵੱਡਾ ਡੇਅਰੀ ਵਿਕਾਸ ਪ੍ਰੋਗਰਾਮ, ਵਰਗੀਸ ਕੁਰੀਅਨ ਦੁਆਰਾ ਮੋਢੀ ਕੀਤਾ ਗਿਆ। ਇਸਨੇ ਭਾਰਤ ਨੂੰ ਦੁੱਧ ਦੀ ਘਾਟ ਵਾਲੇ ਦੇਸ਼ਾਂ ਤੋਂ ਦੁਨੀਆਂ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਦੇਸ਼ ਵਿਚ ਬਦਲ ਦਿੱਤਾ।

**ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ)-** ਉੱਚ ਸਿੱਖਿਆ ਵਿਭਾਗ ਦੇ ਅਧੀਨ, ਇਕ ਵਿਧਾਨਕ ਸੰਸਥਾ ਹੈ, ਅਤੇ ਤਕਨੀਕੀ ਸਿੱਖਿਆ ਲਈ ਇਕ ਰਾਸ਼ਟਰ-ਪੱਧਰੀ ਕੌਂਸਲ ਹੈ। ਨਵੰਬਰ 1945 ਵਿਚ ਪਹਿਲਾਂ ਇਕ ਸਲਾਹਕਾਰ ਸੰਸਥਾ ਦੇ ਰੂਪ ਵਿਚ ਸਥਾਪਤ ਕੀਤਾ ਗਿਆ ਅਤੇ ਬਾਅਦ ਵਿਚ 1987 ਵਿਚ ਸੰਸਦ ਦੇ ਇਕ ਐਕਟ ਦੁਆਰਾ ਵਿਧਾਨਕ ਦਰਜਾ ਦਿੱਤਾ ਗਿਆ। ਇਹ ਸੰਸਥਾ ਭਾਰਤ ਵਿਚ ਤਕਨੀਕੀ ਸਿੱਖਿਆ ਅਤੇ ਪ੍ਰਬੰਧਨ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਲਈ ਜ਼ਿੰਮੇਵਾਰ ਹੈ।

ਇਸ ਦੀ ਸਹਾਇਤਾ 10 ਸਟੈਚੂਟਰੀ ਬੋਰਡ ਆਫ ਸਟੱਡੀਜ਼ ਦੁਆਰਾ ਕੀਤੀ ਜਾਂਦੀ ਹੈ, ਅਰਥਾਤ, ਇੰਜੀਨੀਅਰਿੰਗ ਵਿਚ ਯੂਜੀ ਸਟੱਡੀਜ਼, ਵੋਕੇਸ਼ਨਲ ਐਜੂਕੇਸ਼ਨ, ਟੈਕਨੀਕਲ ਐਜੂਕੇਸ਼ਨ, ਫਾਰਮਾਸਿਊਟੀਕਲ ਐਜੂਕੇਸ਼ਨ, ਆਰਕੀਟੈਕਚਰ, ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨਾਲੌਜੀ, ਸੂਚਨਾ ਤਕਨਾਲੌਜੀ, ਟਾਊਨ ਐਂਡ ਕੰਟਰੀ ਪਲੈਨਿੰਗ। ਇਸਦਾ ਨਵੀਂ ਦਿੱਲੀ ਵਿਚ ਮੁੱਖ ਦਫ਼ਤਰ ਹੈ, ਨਾਲ ਹੀ ਇਸ ਦੇ ਖੇਤਰੀ ਦਫ਼ਤਰ ਕਾਨਪੁਰ, ਚੰਡੀਗੜ੍ਹ ਵਿਖੇ ਹਨ। ਗੁੜਗਾਉਂ, ਮੁੰਬਈ, ਭੋਪਾਲ, ਵਡੋਦਰਾ, ਕੋਲਕਾਤਾ, ਗੁਹਾਟੀ, ਬੰਗਲੌਰ, ਹੈਦਰਾਬਾਦ, ਚੇਨਈ ਅਤੇ ਤਿਰੂਵਨੰਤਪੁਰਮ ਹਨ।

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, 1987 ਦੇ ਅਨੁਸਾਰ, ਏ. ਆਈ. ਸੀ. ਟੀ. ਈ. ਕੋਲ ਨਿਯਮਾਂ ਅਤੇ ਮਾਪਦੰਡਾਂ ਦੀ ਯੋਜਨਾਬੰਦੀ, ਨਿਰਮਾਣ ਅਤੇ ਰੱਖ-ਰਖਾਅ, ਸਕੂਲ ਮਾਨਤਾ ਦੁਆਰਾ ਗੁਣਵੱਤਾ ਦਾ ਭਰੋਸਾ, ਤਰਜੀਹੀ ਖੇਤਰਾਂ ਵਿਚ ਫੰਡਿੰਗ, ਨਿਗਰਾਨੀ ਅਤੇ ਮੁਲਾਂਕਣ, ਪ੍ਰਮਾਣੀਕਰਨ ਦੀ ਸਮਾਨਤਾ ਬਣਾਈ ਰੱਖਣ ਅਤੇ ਪੁਰਸਕਾਰ ਅਤੇ ਦੇਸ਼ ਵਿਚ ਤਕਨੀਕੀ ਸਿੱਖਿਆ ਦੇ ਤਾਲਮੇਲ ਅਤੇ ਏਕੀਕ੍ਰਿਤ ਵਿਕਾਸ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣਾ। ਐਕਟ ਦੇ ਹੀ ਸ਼ਬਦਾਂ ਵਿਚ: ਦੇਸ਼ ਭਰ ਵਿਚ ਤਕਨੀਕੀ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਦੇ ਦ੍ਰਿਸ਼ਟੀਕੋਣ ਨਾਲ ਤਕਨੀਕੀ ਸਿੱਖਿਆ ਲਈ ਇਕ ਆਲ ਇੰਡੀਆ ਕੌਂਸਲ ਦੀ ਸਥਾਪਨਾ ਲਈ, ਯੋਜਨਾਬੱਧ ਮਾਤਰਾਤਮਕ ਵਿਕਾਸ ਅਤੇ ਨਿਯਮਾਂ ਦੇ ਸਬੰਧ ਵਿਚ ਅਜਿਹੀ ਸਿੱਖਿਆ ਦੇ ਗੁਣਾਤਮਕ ਸੁਧਾਰ ਨੂੰ ਉਤਸ਼ਾਹਿਤ ਕਰਨਾ ਅਤੇ ਤਕਨੀਕੀ ਸਿੱਖਿਆ ਪ੍ਰਣਾਲੀ ਵਿਚ ਨਿਯਮਾਂ ਅਤੇ ਮਾਪਦੰਡਾਂ ਦੀ ਸਹੀ ਸਾਂਭ-ਸੰਭਾਲ ਅਤੇ ਇਕ ਨਾਲ ਜੁੜੇ ਮਾਮਲਿਆਂ ਲਈ ਉਸਾਰੂ ਆਦੇਸ਼ ਦੇਣਾ ਸ਼ਾਮਲ ਹੈ।


ਪ੍ਰੋ. ਐਚ. ਐਲ. ਕਪੂਰ

**ਸਿੱਖਿਆ ਦਾ ਅਧਿਕਾਰ:** ਭਾਰਤ ਨੇ ਸਿੱਖਿਆ ਨੂੰ ਭਾਰਤੀ ਵਿਕਾਸ ਦਾ ਇਕ ਅਜਿਹਾ ਹਿੱਸਾ ਬਣਾਉਣ ਵਿਚ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ। ਸਿੱਖਿਆ ਦਾ ਅਧਿਕਾਰ ਐਕਟ, 2010 ਸਿੱਖਿਆ ਨੂੰ ਹਰੇਕ ਬੱਚੇ ਦੇ ਬੁਨਿਆਦੀ ਅਧਿਕਾਰ ਵਜੋਂ ਪੁਸ਼ਟੀ ਕਰਦਾ ਹੈ, ਜੋ ਸਾਰਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਪ੍ਰਦਾਨ ਕਰਦਾ ਹੈ।

**ਅਰਥਵਿਵਸਥਾ ਦਾ ਵਿਸ਼ਵੀਕਰਨ:** ਭਾਰਤ ਨੇ ਆਜ਼ਾਦੀ ਤੋਂ ਬਾਅਦ ਉਦਯੋਗਿਕ ਵਿਕਾਸ ਦੇ ਮਾਮਲੇ ਵਿਚ ਵੀ ਮਹੱਤਵਪੂਰਨ ਤਰੱਕੀ ਕੀਤੀ ਹੈ। 1991 ਦੀ ਉਦਯੋਗਿਕ ਨੀਤੀ ਨੇ ਇਕ ਵੱਡੇ ਆਰਥਿਕ ਸੁਧਾਰ ਦਾ ਗਠਨ ਕੀਤਾ ਹੈ ਅਤੇ ਉਦਯੋਗਿਕ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਪੇਸ਼ ਕੀਤਾ ਗਿਆ ਹੈ ਤੇ ਭਾਰਤੀ ਅਰਥ ਵਿਵਸਥਾ ਨੇ ਵਿਦੇਸ਼ੀ ਨਿਵੇਸ਼ਕਾਂ ਦੁਆਰਾ ਮੁਫ਼ਤ ਵਪਾਰ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਨਤੀਜੇ ਵਜੋਂ ਉਦਯੋਗਿਕ ਲਾਇਸੈਂਸਿੰਗ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਅਤੇ ਖੇਤਰ ਨੂੰ ਵਧੇਰੇ ਨਿੱਜੀ ਖੇਤਰ ਦੀ ਭਾਗੀਦਾਰੀ ਦੇ ਨਾਲ ਵਿਦੇਸ਼ੀ ਨਿਵੇਸ਼ ਲਈ ਖੋਲ੍ਹ ਦਿੱਤਾ ਹੈ ਤੇ ਇਸ ਨਾਲ ਅੱਜ ਭਾਰਤ ਦੀ ਆਰਥਿਕਤਾ ਸੰਸਾਰ ਪੱਧਰ 'ਤੇ ਤੀਸਰੇ ਨੰਬਰ 'ਤੇ ਆ ਗਈ ਹੈ।

**ਪੋਲੀਓ ਦਾ ਅੰਤ:** ਦੇਸ਼ ਦੀ ਨਵੀਨਤਾ ਦੇ ਸੱਭਿਆਚਾਰ ਤੋਂ ਬਹੁਤ ਤਰੱਕੀ ਹੋਈ ਹੈ, ਜਿਸ ਨੇ ਕੁਝ ਅਸਲ, ਅਸਲੀ ਅਤੇ ਰਚਨਾਤਮਕ ਹੱਲ ਪੈਦਾ ਕੀਤੇ ਹਨ। ਫਿਰ ਵੀ, ਸਹਾਇਤਾ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਦੇਸ਼ਾਂ ਦੀਆਂ ਕਈ ਫਾਊਂਡੇਸ਼ਨਾਂ ਤੇ ਸੰਸਥਾਵਾਂ ਨੇ ਭਾਰਤ ਨਾਲ ਮਿਲ ਕੇ ਬਿਮਾਰੀਆਂ ਅਤੇ ਗਰੀਬੀ ਨਾਲ ਲੜਨ ਲਈ ਵੱਡੀ ਪੱਧਰ 'ਤੇ ਨਿਵੇਸ਼ ਕੀਤਾ ਹੈ। ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਭਾਰਤ ਵਿਚ ਕਾਫੀ ਹੱਦ ਤੱਕ ਸੁਧਾਰ ਨਜ਼ਰ ਆ ਰਿਹਾ ਹੈ ਤੇ ਅੱਗੇ ਭਵਿੱਖ ਵਿਚ ਹੋਰ ਸੁਧਾਰ ਦੀ ਆਸ ਵੀ ਨਜ਼ਰ ਆ ਰਹੀ ਹੈ।

ਸਿਹਤ ਦੇ ਖੇਤਰ ਵਿਚ ਪੋਲੀਓ ਨੂੰ ਖਤਮ ਕਰਨ ਅਤੇ ਏਡਜ਼ ਅਤੇ ਤਪਦਿਕ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਨੂੰ ਘਟਾਉਣ 'ਤੇ ਬਹੁਤ ਕੰਮ ਹੋਇਆ ਹੈ ਤੇ ਇਹ ਦੁਨੀਆਂ ਭਰ ਵਿਚ ਇਕ ਮਾਡਲ ਵਜੋਂ ਉਭਰਿਆ ਹੈ ਤੇ ਦੂਸਰੇ ਦੇਸ਼ਾਂ ਲਈ ਇਕ ਪ੍ਰੇਰਨਾ ਸਰੋਤ ਬਣ ਗਿਆ ਹੈ। ਉਦਾਹਰਣ ਵਜੋਂ, ਭਾਰਤ ਵਿਚ ਉੱਚ ਗੁਣਵੱਤਾ, ਘੱਟ ਲਾਗਤ ਵਾਲੀਆਂ ਵੈਕਸੀਨਾਂ, ਦਵਾਈਆਂ ਤੇ ਮੈਡੀਕਲ ਦੇ ਉਪਕਰਨਾਂ ਦੇ ਵਿਕਾਸ ਵਿਚ ਇਕ ਵਿਸ਼ਵ ਨੇਤਾ ਬਣ ਗਿਆ ਹੈ ਜੋ ਨਾ ਸਿਰਫ ਦੱਖਣੀ ਏਸ਼ੀਆ ਵਿਚ ਸਗੋਂ ਅਫਰੀਕਾ ਅਤੇ ਹੋਰ ਥਾਂਵਾਂ 'ਤੇ ਵੀ ਸਿਹਤ ਨੂੰ ਸੁਧਾਰਨ ਲਈ ਵੱਡੀ ਭੂਮਿਕਾ ਨਿਭਾਅ ਰਿਹਾ ਹੈ।

ਭਾਰਤ ਵਿਚ ਪੋਲੀਓ ਦਾ ਆਖਰੀ ਨਵਾਂ ਕੇਸ ਸਾਹ-ਮਣੇ ਆਏ ਨੂੰ ਹੁਣ ਕਈ ਸਾਲਾਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। 13 ਜਨਵਰੀ 2011 ਨੂੰ ਅਧਿਕਾਰਿਤ ਤੌਰ 'ਤੇ ਪੋਲੀਓ ਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਵਿਸ਼ਵ ਸਿਹਤ ਸੰਗਠਨ ਨੇ ਹਟਾ ਦਿੱਤਾ ਹੈ ਕਿਉਂਕਿ ਹੁਣ ਪੋਲੀਓ ਦਾ ਕੋਈ ਵੀ ਰੋਗੀ ਭਾਰਤ ਵਿਚ ਨਹੀਂ ਆਉਂਦਾ ਹੈ।

ਇਹ ਵਿਸ਼ੇਸ਼ ਤੌਰ 'ਤੇ ਬਹੁਤ ਵਧੀਆ ਹੈ ਜਦੋਂ ਤੁਸੀਂ ਇਸ ਨੂੰ ਸੰਦਰਭ ਵਿਚ ਦੇਖਦੇ ਹੋ। ਪੋਲੀਓਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਹਟਾਏ ਜਾਣ ਤੋਂ ਕੋਈ ਤਿੰਨ ਸਾਲ ਪਹਿਲਾਂ, ਭਾਰਤ ਵਿਚ ਦੁਨੀਆਂ ਦੇ ਕਿਸੇ ਵੀ ਹੋਰ ਥਾਂ ਨਾਲੋਂ 1994 ਵਿਚ ਭਾਰਤ ਵਿਚ ਪੋਲੀਓ ਦੇ 60 ਫੀਸਦੀ ਕੇਸ ਸਨ। ਦੋ ਦਹਾਕਿਆਂ ਦੇ ਅੰਦਰ, ਭਾਰਤ ਨੇ 2014 ਵਿਚ ਵਿਸ਼ਵ ਸਿਹਤ ਸੰਗਠਨ ਤੋਂ 'ਪੋਲੀਓ ਮੁਕਤ ਸਰਟੀਫਿਕੇਟ' ਪ੍ਰਾਪਤ ਕੀਤਾ। ਪੋਲੀਓ ਨੂੰ ਰੋਕਣ ਲਈ ਜਾਗਰੂਕ ਅੰਦੋਲਨ ਨੇ ਨਾਟਕੀ ਢੰਗ ਨਾਲ ਜੀਵਨ ਦੀ ਸੰਭਾਵਨਾ ਨੂੰ 32 ਸਾਲ (1947) ਤੋਂ ਵਧਾ ਕੇ 68.89 ਸਾਲ ਕਰ ਦਿੱਤਾ। ਪੋਲੀਓ ਦੀ ਸਮੱਸਿਆ ਨਾਲ ਨਜਿੱਠਣਾ ਸਭ ਤੋਂ ਔਖਾ ਲੱਗਦਾ ਸੀ। ਉਨ੍ਹਾਂ ਦੇਸ਼ਾਂ ਦੀ ਤੁਲਨਾ ਵਿਚ ਜਿੱਥੇ ਪੋਲੀਓ ਜਾਰੀ ਹੈ, ਭਾਰਤ ਹੁਣ ਤੱਕ ਸਭ ਤੋਂ ਵੱਡਾ ਹੈ, ਸਭ ਤੋਂ ਵੱਧ ਬੱਚੇ ਹਨ ਅਤੇ ਅਜੇ ਵੀ ਅਜਿਹੇ ਖੇਤਰ ਨੂੰ ਜਿੱਥੇ ਸਵੱਛਤਾ, ਮਾੜੀ ਹੈ। ਦੇਸ਼ ਦੇ ਅੰਦਰ ਬਹੁਤ ਸਾਰੀਆਂ ਲਹਿਰਾਂ ਹਨ, ਜੋ ਲਾਗ ਫੈਲਾਉਣ ਦਾ ਰੁਝਾਨ ਰੱਖਦੀਆਂ ਹਨ।

(ਬਾਕੀ ਅਗਲੇ ਸਫੇ 'ਤੇ)

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਭਿੰਦਾ ਔਜਲਾ 'ਪਿੰਡ ਅਮਰੀਕਾ' ਦਾ ਹੀਰੋ

ਗਾਇਕ–ਨਾਇਕ ਦਾ ਫ਼ਾਰਮੂਲਾ ਪਾਲੀਵੁੱਡ ਦਾ ਅਜ਼ਮਾਇਆ ਹੋਇਆ ਸਫ਼ਲ ਫਾਰਮੂਲਾ ਹੈ। ਸਿਮਰਨ ਸਿੰਘ ਯੂ.ਐਸ.ਏ. ਨੇ ਫ਼ਿਲਮ 'ਪਿੰਡ ਅਮਰੀਕਾ' ਦਾ ਕਪਤਾਨ ਬਣ ਭਿੰਦਾ ਔਜਲਾ ਨੂੰ ਫ਼ਿਓਮਪ;ਲਮ 'ਚ ਪ੍ਰੀਤੋ ਸਾਹਨੀ ਨਾਲ ਹੀਰੋ ਲਿਆ। ਅਮਰ ਨੂਰੀ, ਅਸ਼ੋਕ ਟਾਂਗਰੀ, ਕਮਲਜੀਤ ਨੀਰੂ, ਰਾਜ ਸੰਧੂ, ਬੀ.ਕੇ.ਰੱਖੜਾ, ਸੁਹੇਲ ਸਿੱਧੂ ਨਾਲ ਬਾਕੀ ਸਿਤਾਰੇ ਤੇ ਹਰਚੰਦ



ਸਿੰਘ ਲਈ ਉਂਜ ਹੀ ਨਿੱਖਰੀ ਫ਼ਿਲਮ ਬਣਾਈ ਜਿਵੇਂ ਡਾਕਟਰ ਹਰਚੰਦ ਨਿੱਖਰੇ ਦੰਦ ਬਣਾ ਦਿੰਦੇ ਹਨ । ਜੋਤੀ ਮਾਨ ਫ਼ਿਲਮ ਨੂੰ ਆਲ ਇੰਡੀਆ 'ਚ ਆਪਣੀ ਅਗਵਾਈ ਨਾਲ ਰਿਲੀਜ਼ ਕਰੇਗਾ।

### 'ਇੱਜਤਾਂ' ਮਾਨਾਵਾਲਾ ਦੀਆਂ

ਸੱਭਿਆਚਾਰ ਦਾ ਰਖਵਾਲਾ ਐਂਕਰ ਹੈ ਕੰਵਲਜੀਤ ਮਾਨਾਵਾਲਾ ਜਿਸਨੇ ਹੁਣ ਸਮੇਂ ਨਾਲ ਚਲਦਿਆਂ ਮਾਝੇ ਦੇ ਗਾਇਕਾਂ ਨੂੰ ਸਮੇਂ ਦਾ ਹਾਣੀ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੈ। ਅਗਰ ਨਿਮਾਣਾ ਉਹਨਾਂ ਲਈ ਵੀਡਿਉ ਕਰਦਾ ਹੈ ਤੇ ਗੁਰਜੀਤ ਹੇਅਰ, ਸ਼ਮਸ਼ੇਰ ਸਿੰਘ ਆ ਰਹੇ ਗੀਤਾਂ ਦੀ ਸ਼ੂਟਿੰਗ ਦੇ ਪ੍ਰਬੰਧ ਕਰਦੇ ਹਨ। ਗਾਇਕ ਕੁਲਦੀਪ ਰੰਧਾਵਾ ਨੂੰ 'ਇੱਜਤਾਂ' ਗਾਣੇ ਰਾਂਹੀ ਸਮੇਂ ਦਾ ਹਾਣੀ ਕੰਵਲਜੀਤ ਮਾਨਾਂਵਾਲਾ ਨੇ ਬਣਾਇਆ ਹੈ। ਅਦਾਕਾਰਾ ਗੁਰਪ੍ਰੀਤ ਭੰਗੂ ਆਖਦੀ ਹੈ ਕਿ ਮਾਨਾਂਵਾਲਾ ਵਕਤ ਦਾ ਬਾਦਸ਼ਾਹ।

### ਮਨਜੀਤ ਸਿੰਘ ਫ਼ਿਰ ਆਵੇਗਾ

'ਜੱਟ ਜੁਗਾੜੀ ਹੁੰਦੇ ਨੇ' ਫ਼ਿਲਮ ਰਿਲੀਜ਼ ਕਰਨ ਵਾਲਾ ਮਨਜੀਤ ਸਿੰਘ ਰਿਆਲਟੀ ਸੰਗੀਤ ਸ਼ੋਅ 'ਸਟਾਰ ਪੰਜਾਬ ਦੇ' ਕਰ ਚੁੱਕਾ ਹੈ। ਪਰ ਕਾਫੀ ਦੇਰ ਤੋਂ ਖਾਮੋਸ਼ ਹੈ । ਭਰੋਸੇਯੋਗ ਸੂਤਰਾਂ ਅਨੁਸਾਰ ਮਨਜੀਤ ਸਿੰਘ ਜਲਦੀ ਹੀ ਨਵੀਂ ਫ਼ਿਲਮ ਦਾ ਨਿਰਮਾਤਾ ਬਣ ਆਏਗਾ । ਯਾਦ ਰਹੇ ਸਿਮਰ ਜੌਹਲ, ਪ੍ਰੀਤ





ਮੁਹੱਦੀਪੁਰ, ਜਸਵਿੰਦਰ ਚੀਮਾ ਨੂੰ ਲੈ ਕਿ ਫ਼ਿਲਮ ਬਣਾਉਣ ਦਾ ਐਲਾਨ ਉਸ ਨੇ ਕੀਤਾ ਹੈ।

### ਅਮਰਜੀਤ ਢੋਟੀਆਂ 'ਸਰਕਾਰੀ ਅਫ਼ਸਰ'

ਗਿੱਲ ਹਰਦੀਪ ਦੀ ਅਵਾਜ਼ ਦਾ ਭੁਲੇਖਾ ਪਾਉਂਦਾ 'ਅਮਰਜੀਤ ਢੋਟੀਆਂ ਹੁਣ ਦੋਗਾਣੇ' ਸਰਕਾਰੀ ਅਫ਼ਸਰ ਨਾਲ ਚਰਚਾ ਵਿੱਚ ਹੈ। ਸੁਮਨ ਭੱਟੀ ਨੇ ਉਸ ਨਾਲ ਇਹ ਦੋਗਾਣਾ ਗਾ ਕਿ ਡੀ.ਡੀ. ਪੰਜਾਬੀ ਰਾਂਹੀ ਚਰਚਿਤ ਕੀਤਾ ਹੈ। ਸੰਦੀਪ ਬੱਲ ਢੋਟੀਆਂ ਨਾਲ ਮਾਡਲ ਹੈ ਤੇ ਅਮਰਜੀਤ ਪੰਜਾਬੀ ਰਾਂਹੀ ਚਰਚਿਤ






ਕੀਤਾ ਹੈ। ਸੰਦੀਪ ਬੱਲ ਢੋਟੀਆਂ ਨਾਲ ਮਾਡਲ ਹੈ ਤੇ ਅਮਰਜੀਤ ਢੋਟੀਆਂ ਦਾ 'ਸਰਕਾਰੀ ਅਫ਼ਸਰ' ਫ਼ਿਲਮਾਂ ਤੱਕ ਪਹੁੰਚਿਆ ਹੈ।

### ਪੰਮਾ ਮੱਲ੍ਹੀ ਸ਼ੁਕਰਗੁਜ਼ਾਰ ਚਰਨਜੀਤ ਆਹੂਜਾ ਦਾ

ਫ਼ਿਲਮ ਸੰਗੀਤਕਾਰ, ਮਹਾਨ ਸੰਗੀਤਕਾਰ ਚਰਨਜੀਤ ਆਹੂਜਾ ਦੇ



ਸਿਖਾਵੇ ਸੰਗੀਤ ਗੁਰ ਪੰਮਾ ਮੱਲ੍ਹੀ ਨੂੰ ਸਟਾਰ–ਸਿੰਗਰ ਬਣਾ ਗਏ ਹਨ ਤੇ ਉਸਦੀ ਗਾਇਕੀ ਨੂੰ 'ਸਲੂਟ' ਵੱਜ ਰਹੇ ਹਨ । ਪੰਮਾ ਮੱਲ੍ਹੀ ਨੇ ਕਿਹਾ ਕਿ ਸੰਗੀਤ ਸਮੁੰਦਰ ਹਨ ਚਰਨਜੀਤ ਅਹੂਜਾ ਜੀ ਜਿਹਨਾਂ ਨੇ ਸਰਦੂਲ, ਹੰਸਰਾਜ ਹੰਸ, ਗੁਰਦਾਸ ਮਾਨ ਜਿਹੇ ਹੀਰੇ ਤਰਾਸ਼ੇ ਹਨ।

### ਰੁਪਾਲੀ ਸੰਧੂ 'ਜਯਾ ਪ੍ਰਧਾ ਬਣਾਈ ਕਿਸਨੇ'?

ਲੰਮੀ ਸਰੂ ਜਿਹੀ, ਸੁਰੀਲੀ ਖੰਡ–ਮਿਸ਼ਰੀ ਜਿਹੀ ਤੇ ਅਦਾ ਲੱਖ–ਲੱਖ ਦੀ ਰੁਪਾਲੀ ਸੰਧੂ ਦੀ ਹੈ । ਜੀ. ਪੰਜਾਬੀ ਦੇ ਸੀਰੀਅਲਾਂ ਨੇ ਪਛਾਣ ਦਿੱਤੀ । ਗੋਗੀ ਟਿਵਾਣਾ ਨਾਲ ਦੋਗਾਣੇ ਪੇਸ਼ ਕਰਨ ਵਾਲੀ ਰੁਪਾਲੀ ਨੂੰ ਸਾਰੇ ਜਯਾ ਪ੍ਰਧਾ ਦੀ ਕਾਰਬਨ ਕਾਪੀ ਆਖਦੇ ਹਨ। ਅਸਲੀ ਗੱਲ ਕਿ ਜਤਿੰਦਰ ਦੀ ਸੂਰਤ ਵਾਲੇ ਹੀਰੋ ਗੁਰਦੀਪ ਸੰਧੂ ਨਾਲ ਫ਼ਿਲਮਾਂ ਕਰ ਕਿ ਰੁਪਾਲੀ ਜਯਾ ਪ੍ਰਧਾ ਬਣ ਗਈ । ਬਹੁਤ ਖੁਸ਼ ਹੈ..।

# 'ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ'

(ਸਫਾ 28 ਦੀ ਬਾਕੀ)

ਫਿਰ ਵੀ ਭਾਰਤ ਪੋਲੀਓ 'ਤੇ ਚੁਣੌਤੀ ਲਈ ਸੱਚਮੁਚ ਅੱਗੇ ਵਧਿਆ ਹੈ।ਸਰਕਾਰ ਨੇ ਆਪਣੇ ਖੁਦ ਦੇ ਪ੍ਰੋਗਰਾਮ ਤਹਿਤ ਖਾਤਮੇ ਲਈ ਫੰਡ ਦਿੱਤੇ। ਉਹਨਾਂ ਨੇ ਅਸਲ ਵਿਚ ਮਾਵਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਕਿ ਟੀਕਾਕਰਨ ਬੱਚਿਆਂ ਲਈ ਚੰਗਾ ਕਿਉਂ ਹੈ। ਸਾਲ ਵਿਚ ਦੋ ਵਾਰ, ਦੋ ਮਿਲੀਅਨ ਵਾਲੰਟੀਅਰ ਦੇਸ਼ ਭਰ ਵਿਚ ਦੋ ਵਾਰ, ਦੋ ਮਿਲੀਅਨ ਵਲੰਟੀਅਰ ਦੇਸ਼ ਭਰ ਵਿਚ ਅੱਠ ਲੱਖ ਤੋਂ ਵੀ ਵੱਧ ਟੀਕਾਕਰਨ ਬੂਥ ਤਿਆਰ ਕਰਦੇ ਹਨ- ਸਕੂਲਾਂ, ਹਸਪਤਾਲਾਂ ਅਤੇ ਕਮਿਊਨਿਟੀ ਸੈਂਟਰਾਂ ਵਿਚ, ਉਹ ਇਕ–ਇਕ ਕਰਕੇ ਇਕ ਸੌ ਬਹੱਤਰ ਮਿਲੀਅਨ ਤੋਂ ਵੱਧ ਬੱਚਿਆਂ ਦਾ ਟੀਕਾਕਰਨ ਕਰਦੇ ਹਨ। ਰੋਟਰੀ ਇੰਟਰਨੈਸ਼ਨਲ, ਡਬਲਿਊ. ਐਚ. ਓ. ਅਤੇ ਯੂਨੀਸੇਫ ਵਰਗੇ ਭਾਈਵਾਲਾਂ ਨਾਲ ਕੰਮ ਕਰਦੇ ਹੋਏ, ਉਹਨਾਂ ਦੇ ਦੁਨੀਆਂ ਦੇ ਸਭ ਤੋਂ ਘੱਟ ਗਰੀਬ ਬੱਚਿਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਪ੍ਰਭਾਵਸ਼ਾਲੀ ਬੁਨਿਆਦੀ ਢਾਂਚਾ ਬਣਾਇਆ ਹੈ ਅਤੇ ਉਹ ਬੱਚਿਆਂ ਨੂੰ ਲੱਭਣ ਲਈ, ਇੱਥੋਂ ਤੱਕ ਕਿ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ, ਟੀਕ-ਾਕਰਨ ਦੇ ਪੱਧਰ ਨੂੰ 90 ਪ੍ਰਤੀਸ਼ਤ ਤੋਂ ਉਪਰ ਪ੍ਰਾਪਤ ਕਰਨ ਲਈ ਪਾਲਣਾ ਕਰਨ ਵਿਚ ਬਹੁਤ ਨਿਰੰਤਰ ਰਹੇ ਹਨ ਅਤੇ ਇਸ ਤਰ੍ਹਾਂ ਬਿਮਾਰੀ ਰੁਕ ਗਈ ਹੈ।

ਭਾਰਤ ਨੂੰ ਇਸ ਪ੍ਰਾਪਤੀ 'ਤੇ ਬਹੁਤ ਮਾਣ ਹੈ, ਅਤੇ ਇਹ ਸਹੀ ਵੀ ਹੈ। ਇਹ ਰਾਜਨੀਤਿਕ ਇੱਛਾ ਸ਼ਕਤੀ, ਸਮਰਪਿਤ ਸਰੋਤਾਂ ਅਤੇ ਸਖ਼ਤ ਪ੍ਰਬੰਧਨ ਅਤੇ ਜਵਾਬਦੇਹੀ ਦਾ ਸਿੱਧਾ ਨਤੀਜਾ ਹੈ। ਸਰਕਾਰ ਦੇ ਨੇਤਾਵਾਂ ਦੀ ਵਚਨਬੱਧਤਾ ਬਹੁਤ ਮਹੱਤਵਪੂਰਨ ਰਹੀ ਹੈ ਅਤੇ ਇਹ ਵਚਨਬੱਧਤਾ ਹੋਰ ਸਿਹਤ ਸਮੱਸਿਆਵਾਂ ਵਿਚ ਮਦਦ ਕਰ ਰਹੀ ਹੈ। ਸਭ ਤੋਂ ਗਰੀਬ ਅਤੇ ਸਭ ਤੋਂ ਵੱਧ ਪਹੁੰਚਯੋਗ ਥਾਂਵਾਂ 'ਤੇ ਟੀਕਾਕਰਨ ਦਾ ਵਿਸਥਾਰ ਕਰਕੇ, ਪੋਲੀਓ ਵਿਰੁੱਧ ਮੁਹਿੰਮ ਨੇ ਬਿਹਤਰ ਜਨਤਕ ਸਿਹਤ ਡਿਲੀਵਰੀ ਪ੍ਰਣਾਲੀਆਂ ਸਥਾਪਤ ਕਰਨ ਵਿਚ ਮਦਦ ਕੀਤੀ ਹੈ ਜੋ ਲੱਖਾਂ ਬੱਚਿਆਂ ਅਤੇ ਪਰਿਵਾਰਾਂ ਦੀ ਭਲਾਈ ਨੂੰ ਬਿਹਤਰ ਬਣਾ ਸਕਦੀ ਹੈ।

ਭਾਰਤ ਦਾ ਤਜਰਬਾ ਦੁਨੀਆਂ ਭਰ ਦੇ ਵਿਕਾਸਸ਼ੀਲ ਅਤੇ ਨਵੇਂ ਉਦਯੋਗਿਕ ਦੇਸ਼ਾਂ ਲਈ ਸਬਕ ਦਿੰਦਾ ਹੈ। ਇਹ ਸਾਬਤ ਕਰਦਾ ਹੈ ਕਿ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪੋਲੀਓ ਅਤੇ ਹੋਰ ਬਿਮਾਰੀਆਂ ਦੇ ਵਿਰੁੱਧ, ਨਾਲ ਹੀ ਸਭ ਤੋਂ ਚੁਣੌਤੀਪੂਰਨ ਸਥਿਤੀਆਂ ਵਿਚ ਵੀ ਕੀਤਾ ਜਾ ਸਕਦਾ ਹੈ।

**ਐਚ. ਆਈ. ਵੀ./ ਏਡਜ਼ ਅਤੇ ਤਪਦਿਕ ਨੂੰ ਰੋਕਣਾ:** ਭਾਰਤ ਦੀ ਤਰੱਕੀ ਦੀ ਇਕ ਹੋਰ ਮਹਾਨ ਉਦਾਹਰਣ ਐਚ. ਆਈ. ਵੀ./ਏਡਜ਼ ਦੇ ਫੈਲਣ ਨੂੰ ਰੋਕਣ ਦੇ ਕੰਮ ਵਿਚ ਹੈ। ਸੰਸਾਰ ਦੇ ਕਈ ਅਗਾਂਹਵਧੂ ਦੇਸ਼ਾਂ ਦੀਆਂ ਫਾਊਂਡੇਸ਼ਨਾਂ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਭਾਰਤ ਦੀ ਮਦਦ ਕਰ ਰਹੀਆਂ ਹਨ। ਕਈ ਭਾਰਤੀ ਭਾਈਵਾਲਾਂ ਦੇ ਨਾਲ, ਇਹਨਾਂ ਦੇਸ਼ਾਂ ਨੇ ਇਸ ਖੇਤਰ ਵਿਚ ਉਸਾਰੂ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਇਹ ਭਾਈਚਾਰਿਆਂ ਵਿਚ ਅਤੇ ਗਲੀ–ਮੁਹੱਲਾ ਪੱਧਰ 'ਤੇ ਐਚ. ਆਈ. ਵੀ./ਏਡਜ਼ ਨਾਲ ਲੜ ਰਿਹਾ ਹੈ, ਸਥਾਨਕ ਸਮੂਹਾਂ ਨੂੰ ਡੋਰ–ਟੂ–ਡੋਰ ਕਾਊਂਸਲਰ ਤਾਇਨਾਤ ਕਰਨ, ਕੰਡੋਮ ਵੰਡਣ ਅਤੇ ਐਚ. ਆਈ. ਵੀ. ਟੈਸਟਿੰਗ, ਇਲਾਜ ਅਤੇ ਦੇਖਭਾਲ ਪ੍ਰਦਾਨ ਕਰਨ ਵਿਚ ਮਦਦ ਕਰ ਰਿਹਾ ਹੈ।

ਭਾਰਤ ਸਰਕਾਰ ਦੁਆਰਾ ਮਹੱਤਵਪੂਰਨ ਅਗਵਾਈ ਪ੍ਰਦਾਨ ਕੀਤੀ ਗਈ ਹੈ, ਜਿਸ ਨੇ ਐਚ. ਆਈ. ਵੀ./ਏਡਜ਼ ਲਈ ਫੰਡਿੰਗ ਵਧਾ ਦਿੱਤੀ ਹੈ ਅਤੇ ਇਕ ਰਾਸ਼ਟਰੀ ਰਣਨੀਤਿਕ ਯੋਗਤਾ ਦੀ ਸਥਾਪਨਾ ਕੀਤੀ ਹੈ, ਜਿਸ ਵਿਚ ਕਮਿਊਨਿਟੀ ਦੀ ਅਗਵਾਈ ਵਾਲੀ ਐਚ. ਆਈ. ਵੀ. ਦੀ ਰੋਕਥਾਮ ਸ਼ਾਮਲ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ (ਐਨ. ਏ. ਸੀ. ਓ.) ਅਤੇ ਕਈ ਸਮਾਜ ਸੇਵੀ ਸੰਗਠਨਾਂ ਨੇ ਪਿਛਲੇ ਲੰਮੇ ਸਮੇਂ ਤੋਂ ਐਚ. ਆਈ. ਵੀ./ਏਡਜ਼ ਦੀਆਂ ਘਟਨਾਵਾਂ ਵਿਚ ਤਕਰੀਬਨ ਪੰਜਾਹ ਫੀਸਦੀ ਦੀ ਕਮੀ ਤੋਂ ਵੱਧ ਵਿਚ ਯੋਗਦਾਨ ਪਾਇਆ ਹੈ। ਇਸ ਨੇ ਭਾਰਤ ਨੂੰ ਏਡਜ਼ ਦੇ ਘੱਟ ਕੇਸਾਂ ਕਾਰਨ ਸਿਹਤ ਖਰਚਿਆਂ ਵਿਚ, ਸੌ ਮਿਲੀਅਨ ਡਾਲਰਾਂ ਦੀ ਬੱਚਤ ਕੀਤੀ ਹੈ।

ਹੁਣ ਐਨ. ਏ. ਸੀ. ਓ. ਰਾਜ ਸਰਕਾਰਾਂ ਦੁਆਰਾ ਸਮਾਜ ਸੇਵੀ ਸੰਗਠਨਾਂ ਨੂੰ ਪ੍ਰਬੰਧਨ ਵਿਚ ਸੁਚਾਰੂ ਤਬਦੀਲੀ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ। ਇਹ ਤਬਦੀਲੀ ਬਹੁਤ ਮਹੱਤਵਪੂਰਨ ਅਤੇ ਉਤਸ਼ਾਹਜਨਕ ਹੈ ਕਿਉਂਕਿ ਇਹ ਐਚ. ਆਈ. ਵੀ./ਏਡਜ਼ ਵਿਰੁੱਧ ਲੜਾਈ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣ ਦੇ ਭਾਰਤ ਦੇ ਸੰਕਲਪ ਨੂੰ ਦਰਸਾਉਂਦਾ ਹੈ, ਜਿਸ ਨੂੰ ਅਸਲ ਵਿਚ ਇਸ ਚੀਜ਼ ਨੂੰ ਹਰਾਉਣ ਲਈ ਕੀ ਕਰਨਾ ਪਵੇਗਾ। ਫੰਡਰਾਂ ਅਤੇ ਸਰਕਾਰਾਂ ਵਿਚਕਾਰ ਸਹਿਯੋਗ ਕੀ ਪ੍ਰਾਪਤ ਕਰ ਸਕਦਾ ਹੈ, ਦੀ ਇਹ ਇਕ ਵਧੀਆ ਉਦਾਹਰਣ ਹੈ।

ਐਚ. ਆਈ. ਵੀ./ਏਡਜ਼ ਦੇ ਕੰਮ ਤੋਂ ਸਿੱਖੇ ਗਏ ਸਬਕਾਂ ਨੇ ਹੋਰ ਨਾਜ਼ੁਕ ਸਿਹਤ ਯਤਨਾਂ ਵਿਚ ਮਦਦ ਕੀਤੀ ਹੈ, ਜਿਵੇਂ ਕਿ ਅਨਨਿਆਂ ਭਾਈਵਾਲੀ, ਜੋ ਅਸਲ ਵਿਚ ਮਾਵਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ ਨੂੰ ਵਧਾ ਰਹੀ ਹੈ। ਭਾਰਤ ਹੋਰ ਦੇਸ਼ਾਂ ਲਈ ਵੀ ਇਕ ਨਮੂਨਾ ਹੈ ਕਿ ਜਿਵੇਂ ਐਚ. ਆਈ. ਵੀ. ਦੀ ਰੋਕਥਾਮ ਦੇ ਯਤਨਾਂ ਨੂੰ ਵਧਾਉਣਾ ਹੈ।

**ਤਪਦਿਕ ਅਤੇ ਟੀ. ਬੀ.:** ਦੇਸ਼ ਨੂੰ ਹੋਰ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਦਾਹਰਣ ਲਈ, ਭਾਰਤ ਵਿਚ ਦੁਨੀਆਂ ਵਿਚ ਸਭ ਤੋਂ ਵੱਡੀ ਤਪਦਿਕ ਮਹਾਂਮਾਰੀ ਹੈ, ਜਿੱਥੇ ਹਰ ਰੋਜ਼ ਟੀ. ਬੀ. ਨਾਲ ਲਗਭਗ ਇਕ ਹਜ਼ਾਰ ਮੌਤਾਂ ਹੁੰਦੀਆਂ ਹਨ। ਪਰ ਇਕ ਠੋਸ ਬੁਨਿਆਦੀ ਟੀ. ਬੀ. ਨਿਯੰਤਰਣ ਪ੍ਰੋਗਰਾਮ ਹੈ ਅਤੇ ਟੀ. ਬੀ. ਨੂੰ ਨਿਯੰਤਰਣ ਵਿਚ ਲਿਆਉਣ ਲਈ ਇਕ ਅਸਲ ਵਚਨਬੱਧਤਾ ਹੈ। ਸਰਕਾਰ ਦੀ ਟੀ. ਬੀ. ਦ ਸਾਰੇ ਮਰੀਜ਼ਾਂ ਨੂੰ ਚੰਗੀ ਤਸ਼ਖੀਸ ਅਤੇ ਇਲਾਜ ਤੱਕ ਵਿਆਪਕ ਪਹੁੰਚ ਪ੍ਰਦਾਨ ਕਰਨ ਲਈ ਇਕ ਅਭਿਲਾਸ਼ੀ ਰਣਨੀਤਿਕ ਯੋਜਨਾ ਹੈ। ਇਹ ਯੋਜਨਾ ਤੁਰੰਤ ਨਿਦਾਨ ਅਤੇ ਉਚਿਤ ਇਲਾਜ ਦੁਆਰਾ ਮਲਟੀਡਰੱਗ ਰੋਧਕ ਟੀ. ਬੀ. ਦੇ ਉਭਾਰ ਨੂੰ ਰੋਕ ਸਕਦੀ ਹੈ।

ਭਾਰਤ ਨੇ ਟੀ. ਬੀ. ਨੂੰ ਰਾਸ਼ਟਰੀ ਤੌਰ 'ਤੇ ਸੂਚਿਤ ਕਰਨ ਯੋਗ ਬਿਮਾਰੀ ਬਣਾ ਕੇ ਇਸ ਰਣਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਮਤਲਬ ਹੈ ਕਿ ਮਾਮਲਿਆਂ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗਾ ਕਿ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਹੋਵੇ, ਭਾਵੇਂ ਉਨ੍ਹਾਂ ਦਾ ਇਲਾਜ ਸਰਕਾਰੀ ਜਾਂ ਪ੍ਰਾਈਵੇਟ ਡਾਕਟਰਾਂ ਦੁਆਰਾ ਕੀਤਾ ਜਾ ਰਿਹਾ ਹੋਵੇ। ਭਾਰਤ ਸੂਚਨਾ ਤਕਨਾਲੌਜੀ ਵਿਚ ਵੀ ਆਪਣੀ ਅਗਵਾਈ ਦੀ ਵਰਤੋਂ ਕਰ ਰਿਹਾ ਹੈ, ਜੋ ਬਿਮਾਰੀ ਦੇ ਫੈਲਣ ਦੀ ਨਿਗਰਾਨੀ ਕਰਨ, ਟੀ. ਬੀ. ਕੰਟਰੋਲ ਪ੍ਰੋਗਰਾਮ ਦੀ ਕੁਸ਼ਲਤਾ ਵਿਚ ਸੁਧਾਰ ਕਰਨ ਅਤੇ ਮਰੀਜ਼ਾਂ ਦੇ ਇਲਾਜ ਲਈ ਸਰਕਾਰੀ ਅਤੇ ਨਿੱਜੀ ਸਿਹਤ ਪ੍ਰਦਾਤਾਵਾਂ ਲਈ ਇਕ ਵੱਡੀ ਮਦਦ ਹੋ ਸਕਦੀ ਹੈ।

**ਘੱਟ ਲਾਗਤ ਵਾਲੇ ਟੀਕਿਆਂ 'ਤੇ ਮੋਹਰੀ:** ਕੁਝ ਦਹਾਕੇ ਪਹਿਲਾਂ ਭਾਰਤ ਵਿਚ, ਬਹੁਤ ਸਾਰੇ ਬੁਨਿਆਦੀ ਟੀਕੇ ਪ੍ਰਾਪਤ ਕਰਨਾ ਬੜਾ ਔਖਾ ਸੀ। ਉਹ ਲਗਭਗ ਸਾਰੇ ਵਿਦੇਸ਼ਾਂ ਤੋਂ ਆਯਾਤ ਕੀਤੇ ਜਾਂਦੇ ਸਨ। ਪਰ ਅੱਜ, ਭਾਰਤੀ ਨਿਰਮਾਤਾ ਟੀਕਿਆਂ ਦੀਆਂ ਕੀਮਤਾਂ ਨੂੰ ਘੱਟ ਕਰਨ ਅਤੇ ਉਹਨਾਂ ਨੂੰ ਨਾ ਸਿਰਫ ਭਾਰਤੀਆਂ, ਸਗੋਂ ਦੁਨੀਆਂ ਭਰ ਦੇ ਲੱਖਾਂ ਗਰੀਬ ਲੋਕਾਂ ਲਈ ਉਪਲਬਧ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਪਰਿਵਰਤਨ ਦੇ ਨੇਤਾਵਾਂ ਵਿਚੋਂ ਇਕ ਪੁਣੇ ਵਿਚ 'ਸੀਰਮ ਇੰਸਟੀਚਿਊਟ' ਹੈ। ਇਸ ਦੇ ਚੇਅਰਮੈਨ ਸਾਇਰਸ ਪੂਨਾਵਾਲਾ ਤੇ ਇਸ ਦੇ ਹੋਰ ਕਾਰਜਕਾਰੀ ਅਧਿਕਾਰੀ ਦਿਨ–ਰਾਤ ਕੰਮ ਕਰ ਰਹੇ ਹਨ। ਉਹਨਾਂ ਦਾ ਕੰਮ ਸਾਰੀ ਦੁਨੀਆਂ ਵਿਚ ਸਰਾਹਿਆ ਜਾਂਦਾ ਹੈ ਕਿਉਂਕਿ ਸੀਰਮ ਬਹੁਤ ਸਾਰੀਆਂ ਵੱਖ–ਵੱਖ ਬਿਮਾਰੀਆਂ ਲਈ ਉੱਚ–ਗੁਣਵੱਤਾ ਵਾਲੇ ਟੀਕੇ ਬਣਾਉਣ ਵਿਚ ਬਹੁਤ ਵਧੀਆ ਹੈ ਅਤੇ ਇਸ ਨੂੰ ਘੱਟ ਕੀਮਤ 'ਤੇ ਕਰ ਰਿਹਾ ਹੈ ਤਾਂ ਜੋ ਗਰੀਬ ਦੇਸ਼ ਇਹਨਾਂ ਨੂੰ ਬਰਦਾਸ਼ਤ ਕਰ ਸਕਣ।

ਸੀਰਮ ਹੌਲੀ–ਹੌਲੀ ਟੈਟਨਸ ਵਰਗੀਆਂ ਚੀਜ਼ਾਂ ਲਈ ਮੁਕਾਬਲਤਨ ਸਧਾਰਨ ਟੀਕੇ ਬਣਾਉਣ ਤੋਂ ਲੈ ਕੇ ਹੋਰ ਉਨਤ ਟੀਕੇ ਬਣਾਉਣ ਤੱਕ ਵਿਕਸਤ ਹੋਇਆ ਹੈ।

ਮੈਨਿਨਜਾਈਟਿਸ ਮਹਾਂਮਾਰੀ ਦੇ ਵਿਰੁੱਧ ਇਕ ਬਿਹਤਰ ਹਥਿਆਰ ਲਈ ਅਫ਼ਰੀਕੀ ਨੇਤਾਵਾਂ ਦੀ ਬੇਨਤੀ ਦੇ ਜਵਾਬ ਵਿਚ, ਸੀਰਮ ਨੇ ਮੈਨਿਨਜਾਈਟਿਸ–ਏ ਲਈ ਇਕ ਵੈਕਸੀਨ ਵਿਕਸਤ ਕੀਤੀ, ਖਾਸ ਤੌਰ 'ਤੇ ਗਰੀਬ ਦੇਸ਼ਾਂ ਲਈ ਬਣਾਈ ਗਈ ਪਹਿਲੀ ਵੈਕਸੀਨ ਹੈ। ਸੀਰਮ ਰੋਟਾਵਾਇਰਸ ਦੇ ਵਿਰੁੱਧ ਮਹੱਤਵਪੂਰਨ ਨਵੇਂ ਟੀਕੇ ਵਿਕਸਤ ਕਰ ਰਿਹਾ ਹੈ, ਜੋ ਦਸਤ ਅਤੇ ਉਲਟੀਆਂ ਦਾ ਕਾਰਨ ਬਣਦਾ ਹੈ ਜੋ ਹਰ ਸਾਲ ਗਰੀਬ ਦੇਸ਼ਾਂ ਵਿਚ ਲੱਖਾਂ ਬੱਚਿਆਂ ਦੀ ਮੌਤ ਕਰਦਾ ਹੈ।

ਸੀਰਮ ਵੈਕਸੀਨ ਦਾ ਵਿਸ਼ਵ ਦਾ ਸਭ ਤੋਂ ਉੱਚਾ ਆਵਾਜ਼ ਪ੍ਰਦਾਤਾ ਹੈ। ਇਹ ਬਹੁਤ ਉੱਚ ਗੁਣਵੱਤਾ, ਬਹੁਤ ਘੱਟ ਕੀਮਤ 'ਤੇ ਕਰਦਾ ਹੈ। ਇਹ ਵਿਕਾਸਸ਼ੀਲ ਅਤੇ ਨਵੇਂ ਉਦਯੋਗੀਕਰਨ ਵਾਲੇ ਦੇਸ਼ਾਂ ਵਿਚ ਨਵੀਨਤਾ ਦੀ ਸੰਭਾਵਨਾ ਦੀ ਇਕ ਵਧੀਆ ਉਦਾਹਰਣ ਹੈ। ਇਹ ਨਵੀਨਤਾ ਜੋ ਹਰ ਜਗ੍ਹਾ ਗਰੀਬ ਲੋਕਾਂ ਨੂੰ ਲਾਭ ਪਹੁੰਚਾ ਸਕਦੀ ਹੈ।

**ਕੋਵਿਡ ਵਾਇਰਸ ਦਾ ਟੀਕਾਕਰਨ:** ਭਾਰਤ ਨੇ 16 ਜਨਵਰੀ 2021 ਨੂੰ ਕੋਵਿਡ–19 ਟੀਕਿਆਂ ਦਾ ਪ੍ਰਬੰਧਨ ਸ਼ੁਰੂ ਕੀਤਾ। 1 ਅਗਸਤ 2022 ਤੱਕ ਭਾਰਤ ਨੇ ਮੌਜੂਦਾ ਪ੍ਰਵਾਨਿਤ ਟੀਕਿਆਂ ਦੀਆਂ ਪਹਿਲੀ, ਦੂਜੀ ਅਤੇ ਸਾਵਧਾਨੀ (ਬੂਸਟਰ) ਖੁਰਾਕਾਂ ਸਮੇਤ ਕੁੱਲ ਮਿਲਾ ਕੇ 2.04 ਬਿਲੀਅਨ ਖ਼ੁਰਾਕਾਂ ਦਾ ਪ੍ਰਬੰਧਨ ਕੀਤਾ ਹੈ। ਭਾਰਤ ਵਿਚ 94 ਫੀਸਦੀ ਯੋਗ ਆਬਾਦੀ (12+) ਨੇ ਘੱਟੋ ਘੱਟ ਇਕ ਸ਼ਾਟ ਪ੍ਰਾਪਤ ਕੀਤੀ ਹੈ ਅਤੇ ਯੋਗ ਆਬਾਦੀ ਦਾ 86 ਫੀਸਦੀ (12+) ਪੂਰੀ ਤਰ੍ਹਾਂ ਟੀਕਾਕਰਨ ਕੀਤਾ ਗਿਆ ਹੈ। 'ਦਿਲ ਲੈਂਸੇਟ) ਵਿਚ ਪ੍ਰਕਾਸ਼ਿਤ ਜੂਨ 2022 ਦੇ ਇਕ ਅਧਿਐਨ ਦੇ ਅਨੁਸਾਰ ਭਾਰਤ ਵਿਚ ਕੋਵਿਡ–19 ਟੀਕਾਕਰਨ ਨੇ 8 ਦਸੰਬਰ 2020 ਤੋਂ 8 ਦਸੰਬਰ 2021 ਤੱਕ ਵਾਧੂ 4.2 ਮਿਲੀਅਨ ਮੌਤਾਂ ਨੂੰ ਰੋਕਿਆ ਹੈ।

**ਸੁਨਹਿਰੀ ਚਤੁਰਭੁਜ ਪ੍ਰੋਜੈਕਟ:** 2001 ਵਿਚ, ਵਾਜਪਾਈ ਸਰਕਾਰ ਨੇ ਗੋਲਡਨ ਚਤੁਰਭੁਜ ਦੀ ਸ਼ੁਰੂਆਤ ਕੀਤੀ। ਭਾਰਤ ਵਿਚ ਸਭ ਤੋਂ ਵੱਡਾ ਹਾਈਵੇਅ ਪ੍ਰੋਜੈਕਟ ਦਿੱਲੀ, ਮੁੰਬਈ, ਚੇਨਈ ਅਤੇ ਕੋਲਕਾਤਾ ਦੇ ਚਾਰ ਵੱਡੇ ਸ਼ਹਿਰਾਂ ਨੂੰ ਜੋੜਦਾ ਹੈ।

**ਤਿੰਨ ਤਲਾਕ ਰੱਦ ਕਰਨਾ:** ਸੁਪਰੀਮ ਕੋਰਟ ਨੇ ਤੁਰੰਤ 'ਤਿੰਨ ਤਲਾਕ' ਜਾਂ 'ਤਲਾਕ–ਏ–ਬਿੱਦਤ' ਦੀ ਪ੍ਰਥਾ ਨੂੰ ਰੱਦ ਕਰ ਦਿੱਤਾ ਜਿਸ ਵਿਚ ਮੁਸਲਮਾਨ ਮਰਦ ਆਪਣੀਆਂ ਪਤਨੀਆਂ ਨੂੰ ਲਗਾਤਾਰ ਤਿੰਨ ਵਾਰ ਤਲਾਕ ਦੇ ਕੇ ਤਲਾਕ ਦਿੰਦੇ ਸਨ।

**ਜੰਮੂ ਕਸ਼ਮੀਰ ਦੀ ਵੰਡ ਅਤੇ ਵਿਸ਼ੇਸ਼ ਦਰਜੇ ਦਾ ਅੰਤ:** 6 ਅਗਸਤ 2019 ਨੂੰ, ਸੰਸਦ ਨੇ ਜੰਮੂ ਅਤੇ ਕਸ਼ਮੀਰ ਨੂੰ ਜੰਮੂ–ਕਸ਼ਮੀਰ ਅਤੇ ਲੱਦਾਖ ਦੇ ਦੋ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚ ਵੰਡਣ ਵਾਲਾ ਇਕ ਬਿਲ ਪਾਸ ਕੀਤਾ ਅਤੇ ਧਾਰਾ 370 ਦੇ ਤਹਿਤ ਰਾਜ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਦਾ ਮਤਾ ਵੀ ਪਾਸ ਕੀਤਾ।

**ਸਹਿਯੋਗ ਦੁਆਰਾ ਤਰੱਕੀ ਪ੍ਰਾਪਤ ਕਰਨਾ:** ਭਾਰਤ ਸਰਕਾਰ ਸਿਹਤ ਸੇਵਾਵਾਂ ਵਿਚ ਸਰਕਾਰੀ ਨਿਵੇਸ਼ ਨੂੰ ਵਧਾਉਣ ਲਈ ਵਚਨਬੱਧ ਹੈ, ਜੋ ਅਸਲ ਵਿਚ ਸਿਹਤ ਸੇਵਾਵਾਂ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰ ਰਿਹਾ ਹੈ ਅਤੇ ਲੰਮੇ ਸਮੇਂ ਤੱਕ ਵੱਡੇ ਆਰਥਿਕ ਲਾਭਾਂ ਦਾ ਭੁਗਤਾਨ ਕਰਦਾ ਰਹੇਗਾ।

ਇਹ ਦੇਖਣ ਵਿਚ ਆਇਆ ਹੈ ਕਿ ਅਮਰੀਕਾ ਅਤੇ ਹੋਰ ਬਹੁਤ ਸਾਰੇ ਵਿਕਸਤ ਦੇਸ਼ਾਂ ਨਾਲ ਮਿਲ ਕੇ ਕੰਮ ਕਰਨ ਨਾਲ ਵਿਕਾਸ ਵਿਚ ਤੇਜੀ ਅਤੇ ਮਜ਼ਬੂਤੀ ਆਈ ਹੈ। ਬਿਹਾਰ, ਉਤਰ ਪ੍ਰਦੇਸ਼ ਤੇ ਦੇਸ਼ ਦੇ ਹੋਰ ਕਈ ਰਾਜਾਂ ਦੀਆਂ ਗਤੀਸ਼ੀਲ ਸਰਕਾਰਾਂ ਨੇ ਆਪਣੇ ਗਰੀਬ ਰਾਜਾਂ ਵਿਚ ਅੱਗੇ ਵਧਣ ਵਿਚ ਬਹੁਤ ਕੰਮ ਕੀਤਾ ਹੈ ਤੇ ਹੁਣ ਵੀ ਕੰਮ ਕਰ ਰਹੀਆਂ ਹਨ।

ਬਿਹਾਰ ਦੀ ਸਰਕਾਰ ਨੇ ਖੇਤੀ ਉਤਪਾਦਕਤਾ ਤੇ ਹੋਰ ਕਈ ਖੇਤਰਾਂ ਵਿਚ ਸ਼ਾਨਦਾਰ ਕੰਮ ਕੀਤਾ ਹੈ ਤੇ ਸਿਹਤ ਦੇ ਖੇਤਰ ਵਿਚ ਵੀ ਬਹੁਤ ਸੁਧਾਰ ਕੀਤਾ ਹੈ।

ਬਿਹਾਰ ਰਾਜ ਦੀ ਮਾਵਾਂ ਦੀ ਮੌਤ ਦਰ ਭਾਰਤ ਵਿਚ ਸਭ ਤੋਂ ਵੱਧ ਸੀ ਪਰ ਹੁਣ ਬਾਹਰਲੀਆਂ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਨਾਲ ਬਿਹਾਰ ਦੇਸ਼ ਦੀ ਸਭ ਤੋਂ ਵੱਡੀ ਸਫਲਤਾ ਦੀਆਂ ਕਹਾਣੀਆਂ ਵਿਚੋਂ ਇਕ ਬਣ ਗਿਆ ਹੈ ਜਿਵੇਂ ਕਿ ਦੇਸ਼ ਵਿਚ ਪੋਲੀਓ ਤੇ ਪਿਛਲੇ ਸਮੇਂ ਦੌਰਾਨ ਐਚ. ਆਈ. ਵੀ./ਏਡਜ਼ ਨਾਲ ਮਿਲ ਕੇ ਕੰਮ ਕਰਨ ਨਾਲ ਸਫਲਤਾ ਪ੍ਰਾਪਤ ਕੀਤੀ ਗਈ ਹੈ। ਇਹ ਚੰਗਾ ਹੈ, ਜੋ ਹੋ ਸਕਦਾ ਹੈ, ਜਦੋਂ ਸਹਾਇਤਾ ਦਾਨ ਕਰਨ ਵਾਲੇ ਅਤੇ ਸਰਕਾਰਾਂ ਹੱਥ ਮਿਲਾ ਕੇ ਕੰਮ ਕਰਨ।

ਇਹ ਉਕਤ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੀਆਂ 75 ਸਾਲਾਂ ਦੀਆਂ ਸਾਡੀਆਂ ਵੱਡੀਆਂ ਸੰਭਾਵਨਾਵਾਂ ਦੀਆਂ ਉਜਵਲ ਕੁਝ ਕੁ ਉਦਾਹਰਣਾਂ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੀਆਂ ਹੋਰ ਵੀ ਬੜੀਆਂ ਹਰ ਖੇਤਰ ਦੀਆਂ ਮਹਾਨ ਉਪਲਬਧੀਆਂ ਹਨ, ਜਿਹਨਾਂ ਨੂੰ ਇਸ ਛੋਟੇ ਜਿਹੇ ਲੇਖ ਵਿਚ ਵਰਣਨ ਕਰਨਾ ਕਠਿਨ ਹੈ। ਮੰਗਲਯਾਨ ਹੋਵੇ ਜਾਂ ਯੋਗਾ, ਉਲੰਪਿਕ, ਸੁੰਦਰਤਾ ਮੁਕਾਬਲੇ ਜਾਂ ਸਿਹਤ ਸੇਵਾਵਾਂ, ਭਾਰਤ ਲਗਾਤਾਰ ਰਿਕਾਰਡ ਤੋੜ ਰਿਹਾ ਹੈ ਅਤੇ ਇਤਿਹਾਸ ਰਚ ਰਿਹਾ ਹੈ। ਪ੍ਰਫੁੱਲਿਤ ਸਭਿਆਚਾਰਾਂ ਅਤੇ ਵਿਸ਼ਵਾਸਾਂ ਦੇ ਨਾਲ, ਭਾਰਤ ਅੱਗੇ ਵਧਦਾ ਜਾ ਰਿਹਾ ਹੈ।

ਇੱਕਜੁਟ ਹੋ ਕੇ ਸਫਲਤਾ ਦੀਆਂ ਉਚਾਈਆਂ ਵੱਲ ਵੱਧ ਰਿਹਾ ਹੈ। ਭਵਿੱਖ ਦੇ ਆਉਣ ਵਾਲੇ ਥੋੜ੍ਹੇ ਸਾਲਾਂ ਦੌਰਾਨ ਹੀ ਭਾਰਤ ਦੁਨੀਆਂ ਦੀ ਇਕ ਵੱਡੀ ਪ੍ਰਥਮ ਸ਼ਕਤੀ ਬਣ ਕੇ ਉਭਰੇਗਾ। ਇਸ ਟੀਚੇ 'ਤੇ ਪਹੁੰਚਣ ਲਈ ਭਾਰਤ ਨੂੰ ਸ਼ੁਭ ਇੱਛਾਵਾਂ ਦਿੰਦਾ ਹਾਂ।

# ਸ਼ਹੀਦ ਸੁੱਖਾ ਸਿੰਘ- ਮਹਿਤਾਬ ਸਿੰਘ (11 ਅਗਸਤ 1740)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗ਼ਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿੰਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਭ ਵਿਚ ਚਲੇ ਗਏ। ਹਕੂਮਤ ਨੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰਕੇ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰਮਰਿਆਦਾ ਨੂੰ ਪਰੇ ਕਰ ਆਪਣੀਆਂ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਕਿ ਹਰਿਮੰਦਰ ਸਾਹਿਬ ਵਿਚ ਹੁੱਕਾ ਪੀਣਾ, ਵੇਸ਼ਵਾਵਾਂ ਦੇ ਨਾਚ ਕਰਵਾਉਣਾ, ਸ਼ਰਾਬ ਦੀਆਂ ਮਜਲਿਸਾਂ ਸਜਣ ਲੱਗੀਆਂ।

ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵੱਸੇ ਸਿੰਘਾਂ ਨੂੰ ਜਾ ਦਿੱਤੀ। ਇਸ 'ਤੇ ਸਿੰਘਾਂ ਦਾ ਖੂਨ ਖੋਲਣ ਲੱਗਾ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚੋਂ ਪਿੰਡ 'ਮਾੜੀ ਕੰਬੋਕੀ' ਦੇ ਭਾਈ ਸੁੱਖਾ ਸਿੰਘ ਤੇ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ 'ਮੱਸਾ ਰੰਗੜ' ਦਸ ਸਿਰ ਵੱਢ ਕੇ ਭੇਂਟ ਕਰੀਏ। ਇਸ ਵਿਚ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ।

ਅਰਦਾਸਾ ਸੋਧ ਕੇ ਦੋਵੇਂ ਸੂਰਬੀਰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਚੌਧਰੀਆਂ ਦਾ ਭੇਸ ਵਟਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸਾ ਰੰਗੜ ਨੂੰ ਖਤਮ ਕਰਨ ਲਈ ਚੱਲ ਪਏ। ਰਸਤੇ ਵਿਚ ਉਹਨਾਂ ਇਕ ਖੂਹ 'ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਹ ਉਪਰਾਲਾ ਕਿਵੇਂ ਕੀਤਾ ਜਾਵੇ। ਉਹਨਾਂ ਨੇ ਨੇੜਲੇ ਘੁੰਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਹਨਾਂ ਦੀ ਟੁਣਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਆਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਵੇਲੇ ਮੁਗ਼ਲ ਫੌਜ ਦਾ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਘੋੜਿਆਂ ਨੂੰ ਲਾਚੀਬੇਰ ਨਾਲ ਬੰਨ੍ਹਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ।

ਮੱਸਾ ਰੰਗੜ ਪਲੰਗ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸ਼ਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਇਹ ਉਸ ਦਾ ਨਿੱਤ ਦਾ ਹੀ ਕੰਮ ਸੀ। ਦੋਵੇਂ ਸਿੰਘ ਕਚੀਚੀ ਵੱਟ ਮੱਸਾ ਰੰਗੜ ਨੂੰ ਜਾ ਮਿ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘ ਨੇ ਥੈਲੀਆਂ ਪਲੰਗ ਹੇਠ ਵਗਾਹ ਮਾਰੀਆਂ। ਮੱਸਾ ਰੰਗੜ ਨੇ ਜਦ ਹੀ ਥੈਲੀਆਂ ਚੁੱਕਣ ਲਈ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਕਿਰਪਾਨ ਕੱਢ ਕੇ ਮੱਸਾ ਰੰਗੜ ਦਾ ਸਿਰ ਵੱਢ ਲਿਆ। ਜੁੜੀ ਭੀੜ ਵਿਚ ਘਬਰਾਹਟ ਫੈਲ ਗਈ, ਕਿਸੇ ਨੂੰ ਸਮਝ ਆਉਣ ਤੋਂ ਪਹਿਲਾਂ ਹੀ ਸਿਰ ਨੂੰ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜ਼ੇ ਤੇ ਟੰਗ ਲਿਆ। ਬਿਜਲੀ ਵਾਂਗ ਘੋੜੇ ਦੁੜਾ ਕੇ ਪ੍ਰਕਰਮਾ ਤੋਂ ਬਾਹਰ ਆ ਗਏ। ਉਹਨਾਂ ਨੇ ਮੱਸਾ ਰੰਗੜ ਦੇ ਪਾਪਾਂ ਦਾ ਮਹਿਲ ਢਾਹ ਦਿੱਤਾ ਸੀ।



ਬੀਕਾਨੇਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਮੱਸਾ ਰੰਗੜ ਦਾ ਸਿਰ ਜਥੇਦਾਰ ਨੂੰ ਭੇਂਟ ਕੀਤਾ। ਸੰਗਤਾਂ ਨੇ ਜੈਕਾਰੇ ਬੋਲ ਕੇ ਜੋਸ਼ ਦਾ ਇਜ਼ਹਾਰ ਕੀਤਾ। ਮੁਗ਼ਲ ਸਰਕਾਰ ਲਈ ਇਹ ਬੜੀ ਸ਼ਰਮ ਦੀ ਗੱਲ ਸੀ। ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਸਾ ਦਿੱਤਾ ਕਿ ਗੁਰ ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦੇ ਰਾਹ 'ਤੇ ਚਲਦਿਆਂ ਸੀਸ ਵਾਰ ਕੇ ਜਿਊਣ ਮਰਨ ਸਫਲ ਕਰ ਲੈਂਦੇ ਹਨ।

**ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ**

**ਭਾਈ ਸੁੱਖਾ ਸਿੰਘ**

ਭਾਈ ਸੁੱਖਾ ਸਿੰਘ ਦਾ ਜਨਮ ਇਕ ਤਰਖਾਣ ਪਰਿਵਾਰ ਵਿਚ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ ਸਨ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵੀ ਅੱਗੇ ਹੋ ਕੇ ਕਰਦੇ ਸਨ। ਸੇਵਾ ਵਾਸਤੇ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਸਨ। ਕਦੇ ਵੀ ਥੱਕਦੇ ਨਹੀਂ ਸਨ। ਸਿੱਖਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ। ਜਦ ਪਿੰਡ ਪਹੁੰਚੇ ਤਾਂ ਉਹ ਮਿਲੇ ਨਹੀਂ ਤਾਂ ਬਚ ਗਏ। ਪਰ ਪਰਿਵਾਰ ਵਾਲੇ ਬਹੁਤ ਡਰ ਗਏ ਕਿ ਇਸ ਦੀ ਸਿੱਖੀ ਪਰਿਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸੁਤਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚਾਅ ਹੋ ਗਿਆ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ੍ਹ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ, ਦੁਬਾਰਾ ਅੰਮ੍ਰਿਤ ਛਕ ਕੇ ਫਿਰ ਸਿੰਘ ਸੱਜ ਗਏ। ਉਹਨਾਂ ਦੀ ਸ਼ਸਤਰ ਚਲਾਉਣ ਵਿਚ ਬੜੀ ਮੁਹਾਰਤ ਸੀ। ਪੱਕੇ ਨਿਸ਼ਾਨਚੀ ਸਨ, ਦ੍ਰਿੜ੍ਹ ਅਤੇ ਬਹਾਦਰ ਸਨ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸਦੀ ਫੌਜ ਨੂੰ ਹੀ ਲੁੱਟ ਲਿਆ। ਇਸ 'ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ 'ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਤੇ ਹਕੂਮਤ ਦਾ ਕਬਜ਼ਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਬਰਾਜ਼ ਸਿੰਘ ਜਥਾ ਲੈ ਕੇ ਜਥੇ ਦੇ ਸਿੰਘਾਂ ਨੂੰ ਦਰਵਾਜ਼ੇ ਅੱਗੇ ਪਹਿਰੇ ਲਈ ਛੱਡ ਕੇ ਆਪ ਇਸ਼ਨਾਨ ਕਰਕੇ ਫਿਰ ਜਥੇ ਨਾਲ ਆਣ ਰਲੇ। ਕਾਜ਼ੀ ਅਤੇ ਉਸਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋਂ ਮਾਰੇ ਗਏ।

1746 ਦੇ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਭ ਵਿਚ ਤਾਇਨਾਤ ਸੀ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕੀ ਦੀਵਾਨ ਲਖਪਤ ਰਾਏ 'ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਭਾਈ ਸੁੱਖਾ ਸਿੰਘ ਨੇ ਲਖਪਤ ਰਾਏ 'ਤੇ ਹਮਲਾ ਕਰਨਾ ਚਾਹਿਆ, ਪਰ ਉਸ ਤੱਕ ਪਹੁੰਚ ਨਾ ਸਕਿਆ। ਇਸ ਖੂਨੀ ਲੜਾਈ ਵਿਚ ਮੁਗ਼ਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰੇ ਖਤਮ ਹੋਣ ਤੇ ਜਥਾ ਜੈਤੋ ਪਹੁੰਚ ਕੇ ਲੱਤ ਬਣਵਾਈ।

ਅਹਿਮਦ ਸ਼ਾਹ ਅਬਦਾਲੀ 1747 ਈ: ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜੱਪ ਹੋ ਗਈ। ਭਾਈ ਸੁੱਖਾ ਸਿੰਘ ਕੱਲੇ-ਕੱਲੇ ਦੀ ਲੜਾਈ ਵਿਚ ਮੈਦਾਨ ਵਿਚ ਨਿੱਤਰਿਆ। ਪਠਾਣ ਨਾਲ ਹੋਈ ਝੜੱਪ ਵਿਚ ਪਠਾਣ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਸਨੂੰ ਸ਼ਾਮ ਸਿੰਘ ਦਾ ਘੋੜਾ ਤੋਹਫੇ ਵਿਚ ਭੇਂਟ ਕੀਤਾ।

1752 ਵਿਚ ਅਹਿਮਦਸ਼ਾਹ ਅਬਦਾਲੀ ਦੀ ਫੌਜੀ ਟੁਕੜੀ ਨਾਲ ਜੂਝਦਿਆਂ ਭਾਈ ਸੁੱਖਾ ਸਿੰਘ ਚੜ੍ਹਾਈ ਕਰ ਗਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਵਣ ਨੇ ਉਸਨੂੰ ਅਮਰ ਕਰ ਦਿੱਤਾ। ਉਹਨਾਂ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹੋਏ।

**ਭਾਈ ਮਹਿਤਾਬ ਸਿੰਘ**

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਨਾਦਰ ਸ਼ਾਹ ਦੇ ਹੁਕਮਾਂ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਜਦੋਂ ਸਿੱਖਾਂ ਨੂੰ ਖਤਮ ਕਰਨ ਦੇ ਖੂਨੀ ਇਰਾਦੇ ਨਾਲ ਸਿੱਖਾਂ 'ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਵੱਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਹਨਾਂ ਮੱਸਾ ਰੰਗੜ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ 1740 ਨੂੰ ਲਾਇਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖਬਰ ਸੁਣ ਕੇ ਜਕਰੀਆ ਖਾਂ ਤੈਸ਼ ਵਿਚ ਆ ਗਿਆ। ਉਸਨੇ ਸਾਰੇ ਚੌਧਰੀਆਂ ਜਿਵੇਂ ਡੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਹਿਰੇ ਢਾਹੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਆਂ ਆਦਿ ਨੂੰ ਸਿੰਘਾਂ ਦੇ ਗ੍ਰਿਫਤਾਰ ਕਰਨ ਦੇ ਹੁਕਮ ਸੁਣਾਏ। ਹਰਿਭਗਤ ਨਿਰੰਜਣੀਆ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ, ਜਿਸਨੂੰ ਪੰਚ ਨੱਥੇ ਖਹਿਰੇ ਕੋਲ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਦੂਰ ਜਾ ਕੇ ਉਹਨਾਂ ਨੂੰ ਘੇਰ ਲਿਆ। ਨੱਥਾ ਅਤੇ ਉਸਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰ੍ਹਾਂ ਜ਼ਖਮੀ ਹੋਏ ਨੂੰ ਮਾਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੇ ਨਜ਼ਰੀਂ ਪਿਆ ਜਿਸ ਨੇ ਉਸਦੀ ਸੰਭਾਲ ਕਰਕੇ ਬਚਾਅ ਲਿਆ। ਭਾਈ ਮਹਿਤਾਬ ਸਿੰਘ ਜਦੋਂ ਬੀਕਾਨੇਰ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਤਾਂ ਹਰਿਭਗਤ ਨਿਰੰਜਣੀਏ ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਕੇ ਲਾਹੌਰ ਭੇਜ ਦਿੱਤਾ। ਮੁਗ਼ਲਾਂ ਨੇ ਆਪਣੀ ਨੀਚ ਆਦਤ ਨਾਲ ਇਸਲਾਮ ਕਬੂਲ ਕਰਨ ਲਈ ਕਿਹਾ। ਪਰ ਭਾਈ ਸਾਹਿਬ ਨੇ ਮੌਤ ਕਬੂਲ ਕੀਤੀ। ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਭਾਈ ਮਹਿਤਾਬ ਸਿੰਘ ਜੀ ਜੂਨ 1745 ਵਿਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

# ਡਾ. ਆਤਮਜੀਤ ਸਿੰਘ- ਇਕ ਵਿਦਵਾਨ ਸ਼ਖਸੀਅਤ



**ਪ੍ਰਮਿੰਦਰ ਸਿੰਘ ਪ੍ਰਵਾਨਾ**

ਉਹਨਾਂ ਦਿਨਾਂ ਵਿਚ ਜਦੋਂ ਮੈਂ 29 ਮਈ 1995 ਨੂੰ ਨਿਊਯਾਰਕ ਤੋਂ ਕੈਲੇਫੋਰਨੀਆ (ਯੂ. ਐਸ. ਏ.) ਆਣ ਵੱਸਿਆ। ਮੇਰੀ ਰਸਮੀ ਮੁਲਾਕਾਤ ਡਾ. ਆਤਮਜੀਤ ਸਿੰਘ ਨਾਲ ਗੁਰਦੁਆਰਾ ਹੇਵਰਡ ਵਿਖੇ ਹੋਈ। ਫਿਰ ਪੰਜਾਬੀ ਸਾਹਿਤ, ਸਭਿਆਚਾਰ, ਵਿਦਿਅਕ, ਧਾਰਮਿਕ ਅਤੇ ਵਿਹਾਰਕ ਪ੍ਰੋਗਰਾਮਾਂ ਵਿਚ ਮਿਲਦੇ ਰਹੇ। ਨੇੜਤਾ ਵਧਦੀ ਗਈ ਟੈਲੀਫੋਨ 'ਤੇ ਲੰਮੀਆਂ ਵਿਚਾਰਾਂ ਹੋਣ ਲੱਗ ਪਈਆਂ। ਅਸੀਂ ਮਿਲ ਕੇ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਵਿਚ ਕਈ ਧਰਮ ਅਤੇ ਵਿਰਸੇ ਦੇ ਸਫਲ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ। ਉਹਨਾਂ ਨੇ ਪਹਿਲਾਂ ਅਗਸਤ 1993 ਵਿਚ ਬਰਕਲੇ ਯੂਨੀਵਰਸਿਟੀ ਕੈਲੇਫੋਰਨੀਆ ਦੇ ਦੱਖਣੀ ਅਤੇ ਦੱਖਣੀ ਪੂਰਬੀ ਅਧਿਐਨ ਵਿਭਾਗ ਵਿਚ ਪੰਜਾਬੀ ਭਾਸ਼ਾ ਦਾ ਪਹਿਲਾ ਪ੍ਰੋਗਰਾਮ ਸਥਾਪਤ ਕੀਤਾ। ਸੰਨ 1998 ਵਿਚ ਉਹ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਪੰਜਾਬੀ ਭਾਸ਼ਾ ਪ੍ਰੋਗਰਾਮ ਚਲਾਉਣ ਲੱਗੇ। ਸੰਨ 2010 ਵਿਚ ਉਨ੍ਹਾਂ ਦੀ ਧਰਮ ਪਤਨੀ ਬਿਮਾਰ ਪੈ ਗਈ। ਉਹ ਹਸਪਤਾਲ ਵਿਚ ਲੰਮਾ ਸਮਾਂ ਰਹੀ। ਇਸਦੇ ਨਾਲ ਹੀ ਜੂਨ 2010 ਵਿਚ ਪੰਜਾਬੀ ਕਲਾਸਾਂ ਯੂਨੀਵਰਸਿਟੀ ਵਿਚ ਬੰਦ ਹੋ ਗਈਆਂ। ਇਕ ਤਾਂ ਉਨ੍ਹਾਂ ਨੂੰ ਦਿਨ ਰਾਤ ਆਪਣੀ ਬਿਮਾਰ ਧਰਮ ਪਤਨ. ਦੀ ਦੇਖ-ਰੇਖ ਕਰਨੀ ਪੈਂਦੀ, ਦੂਸਰਾ ਪੰਜਾਬੀ ਕਲਾਸਾਂ ਦੁਬਾਰਾ ਸ਼ੁਰੂ ਕਰਵਾਉਣ ਲਈ ਮਾਲੀ ਸਹਾਇਤਾ ਜੁਟਾਉਣ ਲਈ ਯਤਨਸ਼ੀਲ ਸਨ। ਇਸ ਭੱਜ-ਦੌੜ ਵਿਚ ਅਤੇ ਪ੍ਰੇਸ਼ਾਨੀਆਂ ਵਿਚ ਅੰਦਰੋਂ ਉਹਨਾਂ ਦੀ ਸਿਹਤ ਵਿਗੜ ਰਹੀ ਸੀ। ਇਕ ਦਿਨ ਸਵੇਰੇ ਉਨ੍ਹਾਂ ਦੇ ਅੰਬਾਲਾ ਛਾਉਣੀ ਦੇ ਹਮਜਮਾਤੀ ਗੁਰਚਰਨ ਸਿੰਘ 'ਫਲਕ' ਸ਼ਾਇਰ ਦਾ ਫੋਨ ਆਇਆ ਕਿ ਡਾ. ਸਾਹਿਬ ਚਲਾਣਾ ਕਰ ਗਏ ਹਨ। ਮੈਂ ਕਿਹਾ ਬਿਮਾਰ ਤਾਂ ਉਨ੍ਹਾਂ ਦੀ ਧਰਮ ਪਤਨੀ ਸੀ। ਫਲਕ ਸਾਹਿਬ ਨੇ ਕਿਹਾ, ਨਹੀਂ ਡਾ. ਸਾਹਿਬ ਆਪ 12 ਨਵੰਬਰ 2010 ਨੂੰ ਚਲਾਣਾ ਕਰ ਗਏ ਹਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਮੈਂ ਅਕਸਰ ਹੀ ਉਨ੍ਹਾਂ ਦੀ ਧਰਮ ਪਤਨੀ ਦੀ ਖਬਰ ਵਾਸਤੇ ਮਿਲਦਾ ਰਹਿੰਦਾ ਸੀ। ਅਖੀਰਲੇ ਸਮੇਂ ਜਦੋਂ ਹਸਪਤਾਲ ਵਿਚ ਡਾ. ਸਾਹਿਬ ਦੀ ਵਿਗੜਦੀ ਹਾਲਤ ਵੇਖ ਕੇ ਨਰਸ ਨੇ ਸੰਭਾਲਣਾ ਚਾਹਿਆ, ਉਹਨਾਂ ਕਿਹਾ 'ਮੈਨੂੰ ਨਾ ਸੰਭਾਲੋ, ਜਾਣ ਦਿਓ'। ਇਥ ਰਾਹ ਦਸੇਰੇ ਹਮਸਫਰ, ਨਿੱਘੇ ਮਿੱਤਰ ਦੇ ਤੁਰ ਜਾਣ ਤੇ ਭਾਰੀ ਅਫਸੋਸ ਹੋਇਆ। ਉਨ੍ਹਾਂ ਦੀ ਧਰਮ ਪਤਨੀ ਸਵਰਨਜੀਤ ਕੌਰ ਜੀ ਵੀ 29 ਮਈ 2011 ਨੂੰ ਚਲਾਣਾ ਕਰ ਗਏ ਸਨ।



ਵਿਸ਼ਵ ਪ੍ਰਸਿੱਧ ਵਿਦਵਾਨ, ਉੱਘੇ ਅਕਾਦਮਿਕ, ਡਾ. ਅਤੇ ਪ੍ਰੋਫੈਸਰ ਸਨ। ਜਿਹਨਾਂ ਪੰਜਾਬੀ ਮਾਂ ਬੋਲੀ, ਧਰਮ ਤੇ ਵਿਰਸੇ ਨੂੰ ਪ੍ਰਫੁੱਲਿਤ, ਪ੍ਰਚਾਰਨ ਅਤੇ ਪ੍ਰਸਾਰਨ ਲਈ ਆਖਰੀ ਦਮ ਤੱਕ ਬੜੀ ਸ਼ਿੱਦਤ ਨਾਲ ਆਪਣਾ ਫਰਜ਼ ਨਿਭਾਇਆ। ਉਹ ਇਕ ਅਣਥੱਕ ਪਾਂਧੀ ਸਨ।

ਆਪ ਜੀ ਦਾ ਜਨਮ 7 ਅਗਸਤ 1934 ਨੂੰ ਇਕ ਅਕਾਦਮਿਕ ਪਰਿਵਾਰ ਵਿਚ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ ਵਿਚ ਹੋਇਆ। ਆਪ ਜੀ ਦੇ ਪਿਤਾ ਕੇਸਰ ਸਿੰਘ ਉਬਰਾਏ ਪ੍ਰੋਫੈਸਰ ਸਨ ਆਪ ਜੀ ਦੀ ਮਾਤਾ ਦਾ ਨਾਂ ਬਲਬੀਰ ਕੌਰ ਸੀ। ਹਾਈ ਸਕੂਲ ਤੱਕ ਦੀ ਵਿਦਿਆ ਸੀ. ਬੀ. ਹਾਈ ਸਕੂਲ ਅੰਬਾਲਾ ਛਾਉਣੀ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਜੀ. ਐਮ. ਐਨ. ਕਾਲਜ ਅੰਬਾਲਾ, ਲੁਧਿਆਣਾ ਅਤੇ ਪਟਿਆਲਾ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਪੀ. ਐਚ. ਡੀ. ਪੰਜਾਬੀ ਕਵੀ ਵਿਦਵਾਨ ਡਾ. ਹਰਿਭਜਨ ਸਿੰਘ ਦੀ ਅਗਵਾਈ ਹੇਠ ਦਿੱਲੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਖੋਜ ਵਿਸ਼ਾ ਰਿਹਾ ''ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਰਚਨਾਵਾਂ ਵਿਚ 'ਸ਼ਿੰਗਾਰ' (ਬ੍ਰਹਮ ਸੁੰਦਰਤਾ) ਦੀ ਧਾਰਨਾ 'ਤੇ ਸੀ।

20 ਸਾਲ ਦੀ ਉਮਰ ਵਿਚ ਮੁਕੰਦ ਲਾਲ ਨੈਸ਼ਨਲ ਕਾਲਜ ਯਮਨਾਨਗਰ ਵਿਚ ਲੈਕਚਰਾਰ ਲੱਗੇ। ਉਪਰੰਤ ਖਾਲਸਾ ਕਾਲਜ ਅਤੇ ਆਰਟਸ ਵਿਭਾਗ ਦਿੱਲੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਆਪਕ, ਵਿਦਵਾਨ ਵਜੋਂ ਪ੍ਰਸਿੱਧ ਹੋਏ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਅਤੇ ਚੇਅਰਮੈਨ ਵਜੋਂ ਸੇਵਾ ਨਿਭਾਈ। ਉਹ ਦੋ ਵਾਰ ਪੰਜਾਬ ਰਾਜ ਪਾਠ ਪੁਸਤਕ ਬੋਰਡ ਦੇ ਨਿਰਦੇਸ਼ਕ ਵੀ ਰਹੇ, ਜਿੱਥੇ ਉਹਨਾਂ ਨੇ ਕੇ-12 ਅਤੇ ਕਾਲਜ ਪੱਧਰ 'ਤੇ ਪੰਜਾਬ ਵਿਚ ਵਰਤੋਂ ਲਈ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੇ ਵਿਕਾਸ ਦੀ ਅਗਵਾਈ ਕੀਤੀ।

ਅੰਤਰ ਰਾਸ਼ਟਰੀ ਪੱਧਰ 'ਤੇ ਵਿਦੇਸ਼ੀ ਭਾਸ਼ਾਵਾਂ ਦੇ ਟੋਕੀਓ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਦੀਆਂ ਜਮਾਤਾਂ ਪੜ੍ਹਾਈਆਂ। ਫਿਰ ਉਸਾਕਾ ਯੂਨੀਵਰਸਿਟੀ ਆਫ ਫੌਰਨ ਸਟੱਡੀਜ਼ ਵਿਖੇ ਸੈਮੀਨਾਰ ਤੇ ਗੋਸ਼ਟੀਆਂ ਕਰਵਾਈਆਂ। ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਸਿੱਖ ਵਿਰਸੇ ਦੀਆਂ ਪੰਜਾਬੀ ਜਮਾਤਾਂ ਪੜ੍ਹਾਈਆਂ।

ਅਗਸਤ 1993 ਵਿਚ ਯੂਨੀਵਰਸਿਟੀ ਕੈਲੇਫੋਰਨੀਆ ਬਰਕਲੇ ਅਮਰੀਕਾ ਵਿਖੇ ਪੰਜਾਬੀ ਪ੍ਰੋਗਰਾਮ ਲਾਗੂ ਕਰਨ ਦੇ ਮੋਢੀ ਸਨ। ਸੰਨ 1998 ਵਿਚ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਪ੍ਰੋਗਰਾਮ ਤੇ ਕੰਮ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਦਾ ਅੰਤਰ-ਧਰਮ ਅਤੇ ਪੰਜਾਬੀ ਭਾਈਚਾਰੇ ਦਾ ਇਕ ਅਦਾਰਾ ਬਣ ਗਿਆ। ਮੇਰੇ (ਪ੍ਰਮਿੰਦਰ ਸਿੰਘ ਪ੍ਰਵਾਨਾ) ਤੋਂ ਇਲਾਵਾ ਡਾ. ਮਹਿੰਦਰ ਸਿੰਘ ਮਦਾਨ, ਡਾ. ਇੰਦਰ ਮੋਹਨ ਸਿੰਘ, ਜੰਗ ਸਿੰਘ ਗਿਆਨੀ, ਆਜ਼ਾਦ ਜਲੰਧਰੀ, ਗੁਰਚਰਨ ਸਿੰਘ ਫਲਕ, ਹਰਭਜਨ ਸਿੰਘ ਬੈਂਸ, ਡਾਕਟਰ ਰਾਜਿੰਦਰ ਸਿੰਘ, ਡਾ. ਅਜੀਤਪਾਲ ਸਿੰਘ, ਡਾ. ਹਰਦੇਵ ਸਿੰਘ ਮਾਂਗਟ, ਡਾ. ਅਵਤਾਰ ਸਿੰਘ ਆਦਿ ਸ਼ਾਮਲ ਸਨ। ਜਿਨ੍ਹਾਂ ਦੇ ਸਹਿਯੋਗ ਨਾਲ ਸਿੱਖ ਧਰਮ ਅਤੇ ਵਿਰਸੇ ਦੇ ਨਾਲ ਪੰਜਾਬੀ ਸਾਹਿਤ ਬਾਰੇ ਵੱਡੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ। ਜਿਸ ਵਿਚ: ਸਿੱਖ ਅਧਿਐਨ, ਸੂਫੀਵਾਦ ਦਾ ਵਿਸ਼ਵੀਕਰਨ, ਗੁਰੂ ਗ੍ਰੰਥ ਸਾਹਿਬ ਜੀ ਵਿਸ਼ੇਸ਼ ਸਨ। ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਕਿ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਅਮਰੀਕਾ ਦੀ ਲਾਇਬ੍ਰੇਰੀ ਦੀ ਦੂਸਰੀ ਮੰਜ਼ਿਲ ਤੇ ਗੁਰੂ ਨਾਨਕ ਵਿਰਾਸਤ ਨਾਂ ਹੇਠ ਪੰਜਾਬੀ ਪੁਸਤਕਾਂ ਅਤੇ ਹੋਰ ਦਰਸ਼ੀ ਸਾਧਨਾਂ ਨੂੰ ਜਗ੍ਹਾ ਦਿਵਾਈ। ਉਨ੍ਹਾਂ ਨੇ ਵੱਖ-ਵੱਖ ਸਾਹਿਤਕ ਸੰਮੇਲਨਾਂ ਦੀ ਅਗਵਾਈ ਕੀਤੀ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਗੁਰਮੁਖੀ ਲਿਪੀ ਦੇ ਪ੍ਰਯੋਗ ਦੀ ਜਾਚ ਸਿਖਾਈ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਉਤਸ਼ਾਹ ਭਰਿਆ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਵੀ ਪੰਜਾਬੀ

(ਬਾਕੀ ਅਗਲੇ ਸਫੇ 'ਤੇ)

# ਅਲਵਿਦਾ ਨਹੀਂ ਯਾਰਾ! ਤੂੰ ਹਾਜ਼ਰ ਰਹੇਂਗਾ ਸਾਹਾਂ ਵਿੱਚ



ਗੁਰਭਜਨ ਗਿੱਲ

ਇਹੋ ਜਿਹਾ ਹੀ ਮੌਸਮ ਸੀ, ਅੱਜ ਵਰਗਾ, ਜਦ ਸੁਰਿੰਦਰ ਛਿੰਦਾ 49 ਸਾਲ ਪਹਿਲਾਂ ਮਿਲਿਆ। ਲੁਧਿਆਣਾ ਵਿੱਚ ਜਿੱਥੇ ਅੱਜ ਗੁਰੂ ਨਾਨਕ ਸਟੇਡੀਅਮ ਹੈ, ਏਥੇ ਰੜਾ ਮੈਦਾਨ ਹੁੰਦਾ ਸੀ, ਜਿਸਨੂੰ ਰੱਖ ਬਾਗ ਕਹਿੰਦੇ ਸਨ। ਉਸਤਾਦ ਜਸਵੰਤ ਭੰਵਰਾ ਜੀ ਦੇ ਸੰਗੀਤ ਵਿੱਚ ਸੁਰਿੰਦਰ ਛਿੰਦਾ ਨੇ ਬੜੀ ਬੁਲੰਦ ਆਵਾਜ਼ ਵਿੱਚ "ਭੁੱਲਾ ਰਾਮ ਚੰਨ" ਗੁਰਾਇਆ ਵਾਲੇ ਦਾ ਗੀਤ ਗਾਇਆ।

ਪੀਣ ਤੋਂ ਮੈਨੂੰ ਰੋਕ ਨਾ ਸਾਕੀ,
ਯਾਦਾਂ ਉਸਦੀਆਂ ਕੂਕਦੀਆਂ।
ਬੋਤਲ ਵਿੱਚੋਂ ਲਪਟਾਂ ਆਵਣ,
ਮੈਨੂੰ ਮੇਰੀ ਮਾਸ਼ੂਕ ਦੀਆਂ।

ਆਵਾਜ਼ ਏਨੀ ਨਿਵੇਕਲੀ ਤੇ ਖ਼ੂਬਸੂਰਤ ਸੀ ਕਿ ਸਰੋਤਿਆਂ ਵਿੱਚ ਬੈਠੇ ਮੈਂ ਤੇ ਮੇਰਾ ਮਿੱਤਰ ਸ਼ਮਸ਼ੇਰ ਸਿੰਘ ਸੰਧੂ ਅਸ਼ ਅਸ਼ ਕਰ ਉੱਠੇ। ਸਾਡੀ ਵਾਹਵਾ ਸੁਣ ਕੇ ਅਗਲੀ ਪਾਲ ਵਿੱਚ ਬੈਠੇ ਸਿਰਕੱਢ ਗੀਤਕਾਰ ਬਾਬੂ ਸਿੰਘ ਮਾਨ ਨੇ ਵੀ ਸਾਡੀ ਤਾਈਦ ਕੀਤੀ। ਸਾਨੂੰ ਦੋਹਾਂ ਨੂੰ ਬੇਹੱਦ ਚੰਗਾ ਲੱਗਿਆ।

ਲੁਧਿਆਣੇ ਘੰਟਾ ਘਰ ਚੌਂਕ ਸਥਿਤ ਨੈਸ਼ਨਲ ਮਿਊਜ਼ਿਕ ਕਾਲਿਜ ਵਿੱਚ ਹੀ ਉਦੋਂ ਪੰਜਾਬੀ ਸਾਹਿੱਤ ਸਭਾ ਲੁਧਿਆਣਾ ਦੀਆਂ ਇਕੱਤਰਤਾਵਾਂ ਹੁੰਦੀਆਂ ਸਨ ਕਿਉਂਕਿ ਇਸ ਕਾਲਿਜ ਦੇ ਸੰਚਾਲਕ ਉਸਤਾਦ ਜਸਵੰਤ ਭੰਵਰਾ ਜੀ ਦੀ ਜੀਵਨ ਸਾਥਣ ਸੁਰਜੀਤ ਕੌਰ ਨੂਰ ਵੀ ਵਧੀਆ ਕਵਿੱਤਰੀ ਸੀ। ਉਨ੍ਹਾਂ ਦੀ ਮਹਿਮਾਨ ਨਵਾਜ਼ੀ ਮਾਣਦਿਆਂ ਹੀ ਸੁਰਿੰਦਰ ਛਿੰਦਾ ਨਾਲ ਆਹਮੋ ਸਾਹਮਣੇ ਮੁਲਾਕਾਤ ਹੋਈ।

ਹਮਉਮਰ ਹੋਣ ਕਾਰਨ ਅਸੀਂ ਦੋ ਤਿੰਨ ਮੁਲਾਕਾਤਾਂ ਵਿੱਚ ਹੀ ਖੁੱਲ੍ਹ ਗਏ। ਛਿੰਦਾ ਮੈਥੋਂ ਅਠਾਰਾਂ ਦਿਨ ਨਿੱਕਾ ਸੀ ਤੇ ਸ਼ਮਸ਼ੇਰ ਸਵਾ ਸਾਲ ਸਾਥੋਂ ਵੱਡਾ। ਸੁਰਿੰਦਰ ਛਿੰਦਾ ਨੇ ਦੱਸਿਆ ਕਿ ਉਹ ਡਿਵੀਯਨ ਨੰਬਰ ਤਿੰਨ ਲਾਗੇ ਨਿੰਮ ਵਾਲਾ ਚੌਂਕ ਵਿੱਚ ਰਹਿੰਦਾ ਹੈ, ਆਪਣੇ ਪਰਿਵਾਰ ਨਾਲ। ਉਸ ਦੇ ਵੱਡੇ ਵਡੇਰੇ ਕੁਝ ਸਮਾਂ ਪਹਿਲਾਂ ਹੀ ਅਯਾਲੀ ਖ਼ੁਰਦ(ਲੁਧਿਆਣਾ) ਤੋਂ ਸ਼ਹਿਰ ਆਣ ਵੱਸੇ ਸਨ। ਉਸ ਦੇ ਪਿਤਾ ਜੀ ਮਿਸਤਰੀ ਬਚਨਾ ਰਾਮ ਭਾਵੇਂ ਪੰਡਿਤ ਗੋਵਰਧਨ ਦਾਸ ਅਪਰੇ ਵਾਲਿਆਂ ਦੇ ਸ਼ਾਸਤਰੀ ਸੰਗੀਤ ਵਿੱਚ ਸ਼ਾਗਿਰਦ ਸਨ, ਪਰ ਉਹ ਪਿਤਾਪੁਰਖੀ ਲੱਕੜ ਦੇ ਕਿਰਤ ਕਾਰੋਬਾਰ ਨਾਲ ਹੀ ਜੁੜੇ ਰਹੇ। ਜਦ ਕਦੇ ਰਿਆਜ਼ ਕਰਦੇ ਤਾਂ ਛਿੰਦਾ ਕੰਨ ਖੜ੍ਹੇ ਕਰ ਲੈਂਦਾ। ਹਾਰਮੋਨੀਅਮ ਦੀਆਂ ਸੁਰਾਂ ਨਾਲ ਖੇਡਦਾ ਖੇਡਦਾ ਉਹ ਸੁਰ ਇੰਦਰ ਬਣ ਗਿਆ। ਮਾਂ ਵਿਦਿਆ ਦੇਵੀ ਆਖਦੀ, ਵੇ ਪੁੱਤ ਛਿੰਦਿਆ! ਮੇਰੇ ਨਾਮ ਦੀ ਲਾਜ ਵੀ ਰੱਖ। ਵਿਦਿਆ ਹਾਸਲ ਕਰ ਤੇ ਘਰ ਦੀ ਕੰਗਾਲੀ ਜੜ੍ਹੋਂ ਪੱਟ ਦੇ।

ਇਹਾਤਾ ਸ਼ੇਰ ਜੰਗ ਤੋਂ ਪ੍ਰਾਇਮਰੀ ਪਾਸ ਕਰਕੇ ਉਹ ਸਰਕਾਰੀ ਮਲਟੀ ਪਰਪਜ਼ ਸਕੂਲੇ ਛੇਵੀਂ ਜਮਾਤ ਚ ਪੜ੍ਹਨ ਆਣ ਲੱਗਿਆ। ਇਥੇ ਉਸ ਦੇ ਰਾਜਿੰਦਰ ਸਿੰਘ ਬਸੰਤ ਤੇ ਡਾ। ਨਰਿੰਦਰ ਸਿੰਘ ਇੱਛਪੁਨਾਨੀ ਦੋ ਪੱਕੇ ਮਿੱਤਰ ਬਣੇ। ਮਰਦੇ ਦਮ ਤੀਕ ਨਿਭਣ ਵਾਲੇ ਯਾਰ।

ਛਿੰਦਾ ਨੇ ਦੱਸਿਆ ਕਿ ਉਸ ਦੇ ਦਾਦਾ ਜੀ ਜੱਦੀ ਪਿੰਡ ਝਾਂਡੇ ਛੱਡ ਕੇ ਅਯਾਲੀ ਖ਼ੁਰਦ ਕਿਰਤ ਕਮਾਉਣ ਆਏ ਸਨ। ਉਸ ਨੇ ਝਾਂਡੇ ਪਿੰਡ ਵਿੱਚ ਹਮੇਸ਼ਾਂ ਨਿਸ਼ਕਾਮ ਗਾਇਆ। ਉਸ ਨੂੰ ਇਹ ਮਾਣ ਸੀ ਕਿ ਪਿੰਡ ਵਾਲੇ ਮੈਨੂੰ "ਆਪਣਾ ਪੁੱਤਰ "ਕਹਿੰਦੇ ਨੇ।

ਉਸਤਾਦ ਜਸਵੰਤ ਭੰਵਰਾ ਦੇ ਲੜ ਉਹ 1972 'ਚ ਲੱਗਿਆ। ਉਸ ਦੇ ਸਕੂਲ 'ਚ ਪੜ੍ਹਾਉਂਦੇ ਪੀ ਟੀ ਮਾਸਟਰ ਸ਼ ਹਰਦੇਵ ਸਿੰਘ ਗਰੇਵਾਲ ਤੇ ਉਨ੍ਹਾਂ ਦੇ ਮਿੱਤਰ ਹਰਦੇਵ ਦਿਲਗੀਰ ਥਰੀਕਿਆਂ ਵਾਲੇ ਉਸ ਨੂੰ ਭੰਵਰਾ ਦੇ ਚੁਬਾਰਿਆਂ ਵਿੱਚ ਦਾਖ਼ਲ ਕਰਵਾ ਗਏ ਸਨ। ਇਹ ਕਹਿ ਕੇ ਪਰਤੇ ਕਿ ਭੰਵਰੇ ਤੋਂ ਵੱਡਾ ਉਸਤਾਦ ਨਹੀਂ ਕੋਈ, ਚੰਗੀ ਤਰ੍ਹਾਂ ਸਿੱਖੀਂ। ਸਭ ਕਲਾਕਾਰ ਭਵੇਂ ਹਰਚਰਨ ਗਰੇਵਾਲ ਹੋਵੇ ਜਾਂ ਕਰਨੈਲ ਗਿੱਲ, ਸਾਜਨ ਰਾਏ ਕੋਟੀ ਹੋਵੇ ਜਾਂ ਰਮੇਸ਼ ਰੰਗੀਲਾ,ਸੁਰਜੀਤ ਮਾਧੋਪੁਰੀ ਹੋਵੇ ਜਾਂ ਸਵਰਨ ਲਤਾ, ਸੁਦੇਸ਼ ਕਪੂਰ ਹੋਵੇ ਜਾਂ ਕਰਮਜੀਤ ਗਰੇਵਾਲ ਸਭ ਇਸ ਤੋਂ ਹੀ ਸਿੱਖੇ ਨੇ। ਕੱਬਾ ਜ਼ਰੂਰ ਹੈ ਪਰ ਮਿੱਟੀਉਂ ਸੋਨਾ ਇਹੀ ਬਣਾਉਂਦੈ। ਟਿਕਿਆ ਰਹੇਂਗਾ ਤਾਂ ਲੋਹਿਉਂ ਪਾਰਸ ਬਣ ਜਾਵੇਂਗਾ।

ਸੁਰਿੰਦਰ ਛਿੰਦਾ ਨੇ ਤਪੱਸਵੀ ਵਾਂਗ ਆਪਣੇ ਮੁਰਸ਼ਦ ਦੀ ਆਰਾਧਨਾ ਕੀਤੀ। ਕਦਮ ਕਦਮ ਤੇ ਲਏ ਸਬਕ ਨੂੰ ਸੀਹੀਂ ਰਮਾਇਆ ਤੇ ਮਨ ਇੱਛਤ ਫ਼ਲ ਪਾਇਆ। ਭੰਵਰਾ ਸਾਹਿਬ ਨੇ ਵੀ ਕਠਿਨ ਤੋਂ ਕਠਿਨ ਪ੍ਰੀਖਿਆ ਲਈ, ਪਰ ਛਿੰਦਾ ਹਰ ਵਾਰ ਪਾਸ ਹੋਇਆ।

ਸੁਰਿੰਦਰ ਛਿੰਦਾ ਨੇ ਇੱਕ ਵਾਰ ਆਪ ਦੱਸਿਆ ਕਿ ਉਸਤਾਦ ਜੀ ਨੇ ਇਸ਼ਨਾਨ ਕਰਨ ਲਈ ਮੈਥੋਂ ਇੱਕੀ ਬਾਲਟੀਆਂ ਹੇਠੋਂ ਚੁਬਾਰੇ ਵਿੱਚ ਮੰਗਵਾਇਆ। ਮੈਂ ਢੋਈ ਗਿਆ, ਉਹ ਨਹਾਈ ਗਏ। ਨਹੀ ਧੋ ਕੇ ਬੋਲੇ, ਹੁਣ ਤੂੰ ਸੂਈ ਦੇ ਨੱਕੇ ਵਿੱਚੋਂ ਲੰਘ ਗਿਆ, ਬੱਸ ਹੁਣ ਹੋਰ ਪ੍ਰੀਖਿਆ ਨਹੀਂ, ਹਰ ਮੈਦਾਨ ਫ਼ਤਹਿ ਪਾਵੇਂਗਾ। ਦਰਿਆ ਵੀ ਤੈਨੂੰ ਪਾਰ ਲੰਘਾਉਣ ਲਈ ਝੁਕ ਕੇ ਵਗੇਗਾ।

ਅਗਲੇ ਹੀ ਸਾਲ ਹਿਜ਼ ਮਾਸਟਰਜ਼ ਵਾਇਸ ਕੰਪਨੀ ਵਿੱਚ ਸੁਰਿੰਦਰ ਛਿੰਦਾ ਦੀ ਸੁਦੇਸ਼ ਕਪੂਰ ਨਾਲ ਰੀਕਾਰਡਿੰਗ ਕਰਵਾ ਦਿੱਤੀ। ਇਸ ਮਗਰੋਂ ਚਲ ਸੋ ਚਲ ਹੋ ਗਈ।



ਦੋਗਾਣਾ ਗਾਇਕੀ ਵਿੱਚ ਉਦੋਂ ਮੁਹੰਮਦ ਸਦੀਕ-ਰਣਜੀਤ ਕੌਰ,ਦੀਦਾਰ ਸੰਧੂ-ਸਨੇਹ ਲਤਾ, ਕੇ ਦੀਪ-ਜਗਮੋਹਨ ਕੌਰ, ਸਵਰਨ ਲਤਾ-ਕਰਮਜੀਤ ਧੂਰੀ, ਨਰਿੰਦਰ ਬੀਬਾ ਤੇ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤੂਤੀ ਬੋਲਦੀ ਸੀ। ਸੁਰਿੰਦਰ ਛਿੰਦਾ ਨਾਲ ਪਹਿਲਾਂ ਸੁਰਿੰਦਰ ਸੋਨੀਆ ਤੇ ਮਗਰੋਂ ਗੁਲਸ਼ਨ ਕੋਮਲ ਨੇ ਆਪਣੀ ਕਲਾ ਦਾ ਲੋਹਾ ਮੰਨਵਾਇਆ।

ਕਲੀਆਂ ਤੇ ਲੋਕ ਗਾਥਾਵਾਂ ਦੇ ਗਾਇਨ ਵਿੱਚ ਕੁਲਦੀਪ ਮਾਣਕ ਦੀ ਸਰਦਾਰੀ ਪੂਰੇ ਵਿਸ਼ਵ ਵਿੱਚ ਮੰਨੀ ਪਰਮੰਨੀ ਸੀ। ਹਰਦੇਵ ਦਿਲਗੀਰ ਥਰੀਕੇ ਵਾਲਿਆਂ ਦੀ ਕਲਮ ਦਾ ਜਾਦੂ ਪੌਣਾਂ ਚ ਨਵੇਂ ਨਵੇਲੇ ਰੰਗ ਘੋਲ਼ ਰਿਹਾ ਸੀ।

ਸੁਰਿੰਦਰ ਛਿੰਦਾ ਨੇ ਕਲੀਆਂ ਤੇ ਲੋਕ ਗਾਥਾਵਾਂ ਦੇ ਗਾਇਨ ਵਿੱਚ ਪਹਿਲੇ ਈ ਪੀ ਰੀਕਾਰਡ "ਉੱਚਾ ਬੁਰਜ ਲਾਹੌਰ ਦਾ "ਰਾਹੀਂ ਪੈਰ ਪਾਇਆ। ਪਹਿਲੀ ਪੇਸ਼ਕਾਰੀ ਹੀ ਲੰਮੀ ਲਕੀਰ ਵਾਹ ਗਈ। ਦੂਜੀ ਪੇਸ਼ਕਾਰੀ "ਨੈਣਾਂ ਦੇ ਵਣਜਾਰੇ "ਨੇ ਤਾਂ ਪੂਰਾ ਗਲੋਬ ਹਿਲਾ ਕੇ ਰੱਖ ਦਿੱਤਾ।

ਦੋ ਊਠਾਂ ਵਾਲੇ ਨੀ,
ਲੁੱਟ ਕੇ ਸੇਜ ਸੱਸੀ ਦੀ ਲੈ ਗਏ।
ਮੈਂ ਕਦੇ ਨਾ ਸੌਂਦੀ ਨੀ,
ਜੇ ਤੂੰ ਸੌਂ ਜਾਣਾ ਤਕਦੀਰੇ।
ਵੰਗਾਂ ਟੁੱਟੀਆਂ ਵੀਣੀ ਚੋਂ,
ਟੁੱਟੇ ਸ਼ਗਨਾਂ ਦੇ ਕਲੀਰੇ।
ਚਾਅ ਉਮਰ ਕੁਆਰੀ ਦੇ,
ਹੋਣੀਏ ਵਿੱਚ ਦਿਲਾਂ ਦੇ ਰਹਿ ਗਏ।
ਦੋ ਊਠਾਂ ਵਾਲੇ ਨੀ
ਲੁੱਟ ਕੇ ਸੇਜ ਸੱਸੀ ਦੀ ਲੈ ਗਏ।

ਹਰਦੇਵ ਦਿਲਗੀਰ ਨੇ ਇਹ ਗੱਲ ਮੈਨੂੰ ਕਈ ਵਾਰ ਆਪ ਦੱਸੀ ਸੀ ਕਿ ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦਾ ਜੇਕਰ ਮੇਰੀਆਂ ਲਿਖੀਆਂ ਲੋਕ ਗਾਥਾਵਾਂ ਨੂੰ ਨਾ ਮਿਲਦੇ ਤਾਂ ਪੰਜਾਬ ਲੋਕ ਸੰਗੀਤ ਦਾ ਮੁਹਾਂਦਰਾ ਹੀ ਹੋਰ ਹੋਣਾ ਸੀ। ਦੋਵੇਂ ਮੇਰੇ ਸੱਜੇ ਖੱਬੇ ਨੇਤਰ ਸਨ ਪਰ ਇੱਕ ਗੱਲ ਦਾ ਜ਼ਰੂਰ ਪਛਤਾਵਾ ਹੈ ਕਿ ਦੋਹਾਂ ਨੇ ਇੱਕ ਵੀ ਰੀਕਾਰਡਿੰਗ ਇਕੱਠਿਆਂ ਨਹੀਂ ਕੀਤੀ। "ਜਿਓਣਾ ਮੌੜ" ਓਪੇਰੇ ਵੇਲੇ ਸੰਗੀਤਕਾਰ ਚਰਨਜੀਤ ਆਹੂਜਾ ਦੀ ਵੀ ਦਿਲੀ ਇੱਛਾ ਸੀ ਕੇ ਜਿਓਣੇ ਵਾਲਾ ਹਿੱਸਾ ਸੁਰਿੰਦਰ ਛਿੰਦਾ ਗਾਵੇ ਤੇ ਡੋਗਰ ਵਾਲਾ ਭਾਗ ਕੁਲਦੀਪ ਮਾਣਕ ਗਾਵੇ ਪਰ ਰੀਹਰਸਲ ਕਰਨ ਦੇ ਬਾਵਜੂਦ ਆਖ਼ਰੀ ਵਕਤ ਕੁਲਦੀਪ ਮਾਣਕ ਇਸ ਪ੍ਰਾਜੈਕਟ ਵਿੱਚੋਂ ਅਰਲੀ ਤੁੜਾ ਗਿਆ। ਦੋਵੇਂ ਭਾਗ ਸੁਰਿੰਦਰ ਛਿੰਦਾ ਨੂੰ ਹੀ ਗਾਉਣੇ ਪਏ। ਉਸ ਨੇ ਬੇਹੱਦ ਵਧੀਆ ਤੇ ਬੁਲੰਦ ਆਵਾਜ਼ ਵਿੱਚ ਬੋਲ ਨਿਭਾਏ। ਇਸ ਨਾਲ ਪੰਜਾਬੀ ਲੋਕ ਸੰਗੀਤ ਦਾ ਮੁਹਾਂਦਰਾ ਹੀ ਤਬਦੀਲ ਹੋ ਗਿਆ।

ਸੁਰਿੰਦਰ ਛਿੰਦਾ ਦੇ ਅੰਤਿਮ ਸੰਸਕਾਰ ਵਾਲੇ ਦਿਨ ਮੇਰੇ ਨਾਲ ਬੈਠਿਆਂ ਚਰਨਜੀਤ ਆਹੂਜਾ ਤੇ ਸ਼ਮਸ਼ੇਰ ਸਿੰਘ ਸੰਧੂ ਨੇ ਵੀ ਇਸ ਗੱਲ ਦੀ ਤਸਦੀਕ ਕੀਤੀ।

ਸੁਰਿੰਦਰ ਛਿੰਦਾ ਨਵੇਂ ਤੋਂ ਨਵੇਂ ਟੇਲੈਂਟ ਨੂੰ ਲੱਭਦਾ ਰਹਿੰਦਾ ਸੀ। ਸ਼ਮਸ਼ੇਰ ਸਿੰਘ ਸੰਧੂ ਨਾਲ ਉਹ ਕਈ ਕਈ ਦਿਨ ਚੰਗੇ ਗੀਤਾਂ ਦੀ ਨਿਰਖ ਪਰਖ ਕਰਦਾ। ਪੰਜਾਬੀ ਦੇ ਇਨਕਲਾਬੀ ਕਵੀ ਪਾਸ਼ ਤੇ ਸ਼ਮਸ਼ੇਰ ਨਾਲ ਤਾਂ ਉਹ ਲੋਕ ਤਰਜ਼ਾਂ ਬਾਰੇ ਵੀ ਘੰਟਿਆਂ ਬੱਧੀ ਵਿਚਾਰ ਕਰਦਾ ਰਹਿੰਦਾ। ਸ਼ਮਸ਼ੇਰ ਦਾ ਪਹਿਲਾ ਗੀਤ "ਜਾਨੀ ਚੋਰ" ਵੀ ਸੁਰਿੰਦਰ ਛਿੰਦਾ ਨੇ ਹੀ ਰੀਕਾਰਡ ਕਰਵਾਇਆ ਸੀ। ਪਾਲੀ ਦੇਤਵਾਲੀਆ, ਬਚਨ ਬੇਦਿਲ, ਜਸਵੰਤ ਸੰਦੀਲਾ, ਮੋਹਨ ਬੰ-ਸੀਆਂ ਵਾਲਾ, ਬੰਤ ਰਾਮਪੁਰੇ ਵਾਲਾ, ਅਮਰੀਕ ਸਿੰਘ ਤਲਵੰਡੀ ਤੇ ਕਿੰਨੇ ਹੋਰ ਗੀਤਕਾਰ ਉਸ ਨੇ ਪਹਿਲੀ ਵਾਰ ਰੀਕਾਰਡ ਕੀਤੇ। ਮੇਰੇ ਕੋਲੋਂ ਵੀ ਉਸ ਕੁਝ ਗੀਤ ਲਏ ਤੇ ਰੀਕਾਰਡ ਕਰਵਾਏ। ਦੂਰਦਰਸ਼ਨ ਜਲੰਧਰ ਵਾਸਤੇ "ਮਾਹੀਆ" ਤਾਂ ਉਸ ਉਥੇ ਬੈਠਿਆਂ ਹੀ ਮੈਥੋਂ ਲਿਖਵਾਇਆ।

ਦਾਣੇ ਰਸ ਗਏ ਅਨਾਰਾਂ ਦੇ।
ਕਰਨ ਕਮਾਈਆਂ ਤੁਰ ਗਏ,
ਯਾਰ ਕੱਚੇ ਸੀ ਕਰਾਰਾਂ ਦੇ।

ਕੁਝ ਗੀਤ ਉਸ ਮੇਰੀਆਂ ਕਿਤਾਬਾਂ ਚੋਂ ਲੈ ਕੇ ਵੀ ਗਾਏ। ਮਿਸਾਲ ਵਜੋਂ :

ਦੱਸੋ ਗੁਰੂ ਵਾਲਿਉ ਪੰਜਾਬ ਕਿੱਥੇ ਹੈ?
ਬਾਣੀ ਨਾਲ ਵੱਜਦੀ ਰਬਾਬ ਕਿੱਥੇ ਹੈ?

ਜਾਂ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਗੀਤ ਸੀ ਮੇਰਾ।
ਪੰਜ ਸਦੀਆਂ ਪਰਤ ਕੇ ਨਾਨਕ ਪਿਆਰਾ ਵੇਖਿਆ।
ਕਿਰਤ ਦਾ ਕਰਤਾਰਪੁਰ ਵੱਖਰਾ ਨਜ਼ਾਰਾ ਵੇਖਿਆ।

ਇਸ ਵਿੱਚ ਉਸ ਨੇ ਜਸਬੀਰ ਜੱਸੀ, ਪਾਲੀ ਦੇਤਵਾਲੀਆ ਤੇ ਸੁਰਜੀਤ ਭੁੱਲਰ ਨੂੰ ਨੀ ਅੰਗ ਸੰਗ ਰੱਖਿਆ। ਤਰਨਤਾਰਨ ਵਾਲੇ ਦਿਲਬਾਗ ਸਿੰਘ ਹੁੰਦਲ ਨੇ ਇਸ ਨੂੰ ਹੋਰ ਵਿਸਥਾਰ ਦਿੱਤਾ ਤੇ ਤੇਰਾਂ ਬੰਦ ਤੇਰਾਂ ਹੀ ਗਾਇਕਾਂ ਨੇ ਗਾਏ।

ਸੁਰਿੰਦਰ ਛਿੰਦਾ ਆਪ ਤਾਂ ਵਧੀਆ ਗਾਇਕ ਹੈ ਹੀ ਸੀ, ਉਸ ਦੇ ਸ਼ਾਗਿਰਦ ਵੀ ਖ਼ੂਬ ਚਮਕੇ। ਅਮਰ ਸਿੰਘ ਚਮਕੀਲਾ, ਕੁਲਦੀਪ ਪਾਰਸ, ਸੁੱਖ ਚਮਕੀਲਾ, ਸੋਹਣ ਸਿਕੰਦਰ, ਨਰਿੰਦਰ ਸਿੰਘ ਜੱਸਲ, ਪ੍ਰੇਮ ਸਿੰਘਪੁਰੀਆ, ਗੋਲਡੀ ਚੌਹਾਨ, ਜੋਗਿੰਦਰ ਸਿੰਘਪੁਰੀਆ ਸਮੇਤ ਕਈ ਹੋਰ।

ਜੇ ਸ਼ੁਰਿੰਦਰ ਛਿੰਦਾ ਦਾ ਦਫ਼ਤਰ ਕਲਰਕ

ਭਾਰੀ ਭਰਕਮ ਰਕਮ ਨਾ ਮੰਗਦਾ ਤਾਂ ਗੋਲਡਨ ਸਟਾਰ ਮਲਕੀਤ ਸਿੰਘ ਯੂ ਕੇ ਤੇ ਵਿਜੈ ਧੰਮੀ ਵੀ ਸੁਰਿੰਦਰ ਛਿੰਦਾ ਦੇ ਸ਼ਾਗਿਰਦ ਹੋਣੇ ਸਨ। ਇਹ ਗੱਲ ਮਲਕੀਤ ਸਿੰਘ ਨੇ ਚਾਰ ਕੁ ਸਾਲ ਪਹਿਲਾਂ ਸਾਡੇ ਘਰ ਵਿੱਚ ਬੈਠਿਆਂ ਸੁਰਿੰਦਰ ਛਿੰਦਾ ਦੀ ਹਾਜ਼ਰੀ ਵਿੱਚ ਦੱਸੀ ਤਾਂ ਅਸੀਂ ਕਿੰਨਾ ਚਿਰ ਹੀ ਹੱਸਦੇ ਰਹੇ।

ਪਰ ਮਲਕੀਤ ਸਿੰਘ ਦੇ ਕਹਿਣ ਮੁਤਾਬਕ ਉਹ ਏਕਲਵਯ ਵਾਂਗ ਸੁਰਿੰਦਰ ਛਿੰਦਾ ਦੀਆਂ ਲੋਕ ਸੰਗੀਤ ਬਾਰੀਕੀਆਂ ਤੇ ਨਜ਼ਰ ਗੱਡ ਕੇ ਰੱਖਦਾ ਹੈ। ਉਸ ਨੇ ਛਿੰਦਾ ਜੀ ਤੋਂ ਬਹੁਤ ਕੁਝ ਲਿਆ ਹੈ।

ਇਹੀ ਗੱਲ ਸੁਰਿੰਦਰ ਸ਼ਿੰਦਾ ਜਨਾਬ ਸ਼ੌਕਤ ਅਲੀ ਸਾਹਿਬ ਬਾਰੇ ਕਹਿੰਦਾ ਹੁੰਦਾ ਸੀ। ਦੋਹਾਂ ਨੇ ਇੰਗਲੈਂਡ ਵਿੱਚ ਪੱਗ ਹੀ ਨਹੀਂ ਦਿਲ ਵੀ ਵਟਾ ਲਏ ਸਨ। ਸ਼ੌਕਤ ਭਾ ਜੀ ਜਦ ਲਾਹੌਰ ਜਾਂ ਪੰਜਾਬ ਆਉਣ ਤੇ ਮਿਲਦੇ ਤਾਂ ਮੇਰਾ ਬੱਬਰਸ਼ੇਰ ਨਿੱਕਾ ਛਿੰਦਾ ਵੀਰ ਕਹਿੰਦੇ। ਉਸੇ ਸਾਕੇਂ ਸ਼ੌਕਤ ਅਲੀ ਜੀ ਦੇ ਪੁੱਤਰ ਇਮਰਾਨ, ਅਮੀਰ ਤੇ ਮੋਹਸਿਨ ਛਿੰਦੇ ਨੂੰ ਚਾਚਾ ਜਾਨ ਕਹਿ ਕੇ ਚੇਤੇ ਕਰਦੇ ਹਨ।

ਸੁਰਿੰਦਰ ਛਿੰਦਾ ਬਹੁਤ ਵਧੀਆ ਮੇਜ਼ਬਾਨ ਸੀ। ਗ਼ਜ਼ਲ ਸਮਰਾਟ ਗੁਲਾਮ ਅਲੀ ਜੀ ਦਾ ਲੁਧਿਆਣੇ ਬੁਲਾ ਕੇ ਆਪਣੇ ਸ਼ਾਗਿਰਦ ਨਰਿੰਦਰ ਜੱਸਲ ਤੋਂ ਸਨਮਾਨ ਕਰਵਾਇਆ। ਪਰਵੇਜ਼ ਮਹਿੰਦੀ ਤੇ ਉਸ ਦੇ ਪੁੱਤਰ ਅਲੀ ਪਰਵੇਜ਼ ਦੀ ਲਗੀਤਕ ਸ਼ਾਮ 1999ਚ ਮੈਨੂੰ ਤੇ ਡਾ਼ ਸਤੀਸ਼ ਸ਼ਰਮਾ ਨੂੰ ਨਾਲ ਲੈ ਕੇ ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ ਹਾਲ 'ਚ ਕਰਵਾਈ।

ਸੁਰਿੰਦਰ ਛਿੰਦਾ ਨੂੰ ਬਹੁਤ ਹੀ ਵਧੀਆ ਢੰਗ ਨਾਲ ਰੁੱਸਣਾ ਆਉਂਦਾ ਸੀ ਤੇ ਉਸ ਤੋਂ ਵੀ ਵਧੀਆ ਅੰਦਾਜ਼ ਨਾਲ ਮਨਾਉਣਾ। ਸੌ ਕੁ ਵਾਰ ਤਾਂ ਉਹ ਮੇਰੇ ਤੇ ਸ਼ਮਸ਼ੇਰ ਸਿੰਘ ਸੰਧੂ ਨਾਲ ਰੁੱਸਿਆ ਹੋਵੇਗਾ।

ਮੰਨ ਵੀ ਆਪੇ ਹੀ ਜਾਂਦਾ ਸੀ। ਹੁਣ ਅਜਿਹਾ ਰੁੱਸਿਆ ਕਿ ਮਨਾਉਣ ਵਾਲਿਆਂ ਹੀ ਡੂੰਘੇ ਵਹਿਣੀ ਵਹਾ ਗਿਆ ਹੈ। ਉਸ ਨੇ ਤਾਂ ਕਦੇ ਪਾਕਿਸਤਾਨੀ ਗੀਤ ਵੇ ਤੂੰ ਜੀਅ ਡੋਲੀ ਦਿਆ ਸਾਈਆਂ ਰੂਹ ਨਾਲ ਗਾਇਆ ਸੀ ਪਰ ਹੁਣ ਰੂਹ ਕੱਢ ਕੇ ਲੈ ਜਾਂਦਾ ਹੈ ਓਹੀ ਗੀਤ ਸੁਣਦਿਆਂ।

ਚਰਨਜੀਤ ਆਹੂਜਾ ਉਸ ਨੂੰ ਲੋਕ ਗਾਥਾਵਾਂ ਦਾ ਸ਼ਹਿਨਸ਼ਾਹ ਆਖ ਰਿਹੈ ਤੇ ਹੰਸ ਰਾਜ ਹੰਸ ਬੱਬਰ ਸ਼ੇਰ ਗਵੱਈਆ।

ਬਾਬੂ ਸਿਘ ਮਾਨ , ਸ਼ਮਸ਼ੇਰ ਸਿੰਘ ਸੰਧੂ ਤੇ ਨਵੇਂ ਗੀਤਕਾਰ ਹੈਪੀ ਰਾਏਕੋਟੀ ਨਾਲ ਇਕਰਾਰ ਤੋੜ ਗਿਆ, ਕਹਿੰਦਾ ਕਹਿੰਦਾ ਤੁਰ ਗਿਆ ਪੂਰੇ ਅੱਠ ਅੱਠ ਗੀਤ ਸਭ ਦੇ ਕਰਾਵਾਂਗਾ, ਪਰ ਦੇਹ ਦਾ ਓਹਲਾ ਕਰ ਗਿਆ। ਬਹੁਤ ਕਾਹਲੀ ਕਰ ਗਿਆ।

ਉਸ ਦੇ ਜਾਣ ਤੇ ਕਿਹੜੀ ਅੱਖ ਨਹੀਂ ਰੋਈ। ਉਹ ਮਾਂ ਲਈ ਦਰਦ ਸਮੁੰਦਰ ਹੋਰ ਭਰ ਗਿਆ। ਜੀਵਨ ਸਾਥਣ ਜੋਗਿੰਦਰ ਕੌਰ ਤੇ ਬੱਚਿਆਂ ਲਈ ਸੁਪਨਾ ਹੋ ਗਿਆ।

ਪ੍ਰੋ਼ ਮੋਹਨ ਸਿੰਘ ਜੀ ਦਾ ਸ਼ਿਅਰ ਚੇਤੇ ਆ ਰਿਹੈ।
ਫੁੱਲ ਹਿੱਕ ਵਿੱਚ ਜੰਮੀ ਪਲੀ ਖ਼ੁਸ਼ਬੂ ਜਾਂ ਉੱਡ ਗਈ,
ਅਹਿਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।

ਸੁਰਿੰਦਰ ਛਿੰਦਾ ਨਮਿਤ ਭੋਗ ਤੇ ਅੰਤਿਮ ਅਰਦਾਸ 4ਅਗਸਤ, ਸ਼ੁਕਰਵਾਰ ਦੁਪਹਿਰ 12 ਵਜੇ ਤੋਂ 2ਵਜੇ ਤੀਕ ਗੁਰਦੁਆਰਾ ਈ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਹੋਵੇਗੀ।

**ਪਿੱਛੋਂ ਸੁੱਝੀ**

26 ਜੁਲਾਈ ਨੂੰ ਸੁਰਿੰਦਰ ਛਿੰਦਾ ਪੌਣੇ ਸੱਤ ਵਜੇ ਸਵੇਰੇ ਹੀ ਆਖ਼ਰੀ ਫ਼ਤਹਿ ਬੁਲਾ ਗਿਆ ਸਾਨੂੰ। ਮੈਂ ਉਸ ਦੇ ਗੀਤ ਲੱਭ ਲੱਭ ਸੁਣ ਰਿਹਾ ਸਾਂ ਤਾਂ ਉਸ ਦੀ ਇੱਕ ਵੀਡੀ ਓ ਵੇਖ ਕੇ ਮੇਰੀ ਪੌਣੇ ਪੰਜ ਸਾਲ ਦੀ ਪੋਤਰੀ ਅਸੀਸ ਬੋਲੀ, ਦਾਦਾ! ਤੁਸੀਂ ਸੈਡ ਕਿਉਂ ਹੋ? ਮੇਰਾ ਰੋਣ ਨਿਕਲ ਗਿਆ। ਮੈਂ ਕਿਹਾ ਮੇਰਾ ਦੋਸਤ ਮਰ ਗਿਆ।

ਉਹ ਬੋਲੀ ਮੈਂ ਬਾਬਾ ਜੀ ਨੂੰ ਅਰਦਾਸ ਕਰਦੀ ਹਾਂ ਕਿ ਬਾਬਾ ਜੀ, ਮੇਰੇ ਦਾਦਾ ਦੇ ਫਰੈਂਡ ਦੀ ਡੈੱਥ ਹੋ ਗਈ ਹੈ ਉਨ੍ਹਾਂ ਦਾ ਦੋਬਾਰਾ ਬਰਥ ਕਰ ਦਿਉ। ਉਸ ਅੱਖਾਂ ਮੀਟ ਕੇ ਗੁਰੂ ਨਾਨਕ ਪਾਤਸ਼ਾਹ ਕੋਲੋਂ ਇਹ ਮੰਦ ਮੰਗੀ।

# ਡਾ. ਆਤਮਜੀਤ ਸਿੰਘ- ਇਕ ਵਿਦਵਾਨ ਸ਼ਖਸੀਅਤ

**(ਸਫਾ 30 ਦੀ ਬਾਕੀ)**

ਜਮਾਤਾਂ ਪੜ੍ਹਾਈਆਂ।

ਦੇਸ਼ ਵਿਦੇਸ਼ ਵਿਚ ਬਹੁਤ ਸਾਰੀਆਂ ਅਕਾਦਮਿਕ ਸੰਸਥਾਵਾਂ ਜਿਵੇਂ ਪੰਜਾਬੀ ਸਾਹਿਤ ਅਕਾਦਮੀ ਅਤੇ ਅਮਰੀਕਾ ਅਤੇ ਕੈਨੇਡਾ ਵਿਚ ਸੰਸਥਾਵਾਂ ਨਾਲ ਜੁੜੇ ਸਨ। ਉਹ ਧਰਮ ਅਤੇ ਵਿਰਸੇ ਦੇ ਸਾਹਿਤ ਨੂੰ ਦੇਸ਼ ਵਿਦੇਸ਼ ਵਿਚ ਆਦਾਨ-ਪ੍ਰਦਾਨ ਰਾਹੀਂ ਪ੍ਰਫੁੱਲਿਤ ਕਰਨ ਲਈ ਇਕ ਪੁਲ ਦਾ ਕੰਮ ਕਰਦੇ ਸਨ।

ਉਨ੍ਹਾਂ ਦਾ ਇਕ ਵਿਦਵਾਨ ਅਤੇ ਅਧਿਆਪਨ ਵਿਚ ਉਘਾ ਸਤਿਕਾਰਯੋਗ ਸਥਾਨ ਸੀ, ਫਿਰ ਵੀ ਆਪ ਨਰਮ ਸੁਭਾਅ, ਮਿਲਾਪੜੇ, ਕੋਮਲ ਮੁਸਕਰਾਹਟ, ਮਨੁੱਖਤਾ ਦੀ ਸੇਵਾ ਅਤੇ ਮੁਆਫ ਕਰ ਦੇਣ ਵਾਲੇ ਗੁਣ ਸਨ। ਮਤਭੇਦ ਅਤੇ ਈਰਖਾ ਨੂੰ ਆਪਣੇ ਫਰਜ਼ ਵਿਚ ਰੁਕਾਵਟ ਨਹੀਂ ਬਣਨ ਦਿੱਤਾ। ਆਪਣੀ ਸਿਆਣਪ ਅਤੇ ਸਹਿਣਸ਼ੀਲਤਾ ਨਾਲ ਉਨ੍ਹਾਂ ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਵਿਰਸੇ ਪ੍ਰਤੀ ਸੁਹਿਰਦ ਫਰਜ਼ ਨਿਭਾਇਆ। ਉਹਨਾਂ ਨੇ ਮਜਬੂਤ ਇਰਾਦੇ ਨਾਲ ਵਿਦਿਆਰਥੀਆਂ ਅਤੇ ਭਾਈਚਾਰੇ ਨੂੰ ਹਮੇਸ਼ਾ ਜੋੜਿਆ।

ਉਨ੍ਹਾਂ ਦੇ ਭਰਾ ਅੰਮ੍ਰਿਤਜੀਤ ਸਿੰਘ ਉਹੀਓ ਯੂਨੀਵਰਸਿਟੀ ਅਮਰੀਕਾ ਵਿਚ ਅੰਗਰੇਜ਼ੀ ਅਤੇ ਅਫਰੀਕਨ ਅਮਰੀਕਨ ਸਟੱਡੀਜ਼ ਦੇ ਉਘੇ ਪ੍ਰੋਫੈਸਰ ਨੇ ਆਪਣੇ ਵੱਡੇ ਭਰਾ ਨੂੰ ਇਕ ਕੋਮਲ ਸ਼ੇਰ ਦੱਸਿਆ ਹੈ। ''ਫਰਜ਼ਾਂ ਕਦਰਾਂ ਕੀਮਤਾਂ ਦੇ ਸਟੀਲ ਪਿੰਜਰ ਵਿਚ ਸ਼ੇਰ ਦੇ ਨਾਲ ਇਕ ਲੇਲੇ ਦਾ ਨਰਮ ਦਿਲ ਵੀ ਸੀ''। ਉਹ ਆਪਣੇ ਵਿਦਿਆਰਥੀਆਂ, ਪਰਿਵਾਰ, ਮੇਰੇ ਜਿਹੇ ਦੋਸਤਾਂ ਅਤੇ ਭਾਈਚਾਰੇ ਵੱਲੋਂ ਉਹਨਾਂ ਦੀ ਅਦਭੁਤ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

30 ਅਪ੍ਰੈਲ 2011 ਨੂੰ ਇਕ ਸ਼ਰਧਾਂਜਲੀ ਸਮਾਰੋਹ ਚਾਂਦਨੀ ਰੈਸਤਰਾ ਅਮਰੀਕਾ ਵਿਚ ਹੋਇਆ। ਰਾਜਦੂਤ ਕਰਾਮਾਤ ਉਲਾ ਗੌਰੀ ਨੇ ਆਪਣੇ ਮੂਲ-ਭਾਵ ਵਿਚ ਕਿਹਾ ਕਿ ਅੱਜ ਇਸ ਸ਼ਰਧਾਂਜਲੀ ਸਮਾਰੋਹ ਵਿਚ ਇਕੱਠੇ ਹੋਏ ਲੇਖਕ ਵੱਖ-ਵੱਖ ਖਿੱਤੇ, ਧਰਮ ਅਤੇ ਭਾਸ਼ਾ ਦੇ ਹਨ। ਪਰ ਉਹ ਸਾਰੇ ਸਮਾਜਿਕ ਬੁਰਾਈਆਂ ਦੇ ਖਿਲਾਫ ਲਿਖਦੇ ਹਨ। ਉਸੇ ਤਰ੍ਹਾਂ ਡਾ. ਆਤਮਜੀਤ ਸਿੰਘ ਜੀ ਨੇ ਪੰਜਾਬੀ ਮਾਂ ਬੋਲੀ ਧਰਮ ਤੇ ਵਿਰਸੇ ਨੂੰ ਪੜ੍ਹਾਇਆ ਹੈ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਚੰਗੀ ਜੀਵਨ ਜਾਚ ਸਿਖਾਈ। ਉਹਨਾਂ ਨੇ ਆਪਣੇ ਹੁਨਰ ਪ੍ਰਤੀ ਹਮੇਸ਼ਾ ਬੜੀ ਹੀ ਤਨਦੇਹੀ ਅਤੇ ਇਮਾਨਦਾਰੀ ਨਾਲ ਫਰਜ਼ ਨਿਭਾਇਆ ਹੈ। ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਹਨਾਂ ਦੀ ਵਿਰਾਸਤ ਨੂੰ ਹਮੇਸ਼ਾ ਅਗਾਂਹ ਤੋਰਿਆ ਜਾਵੇ। ਸਮਾਰੋਹ ਵਿਚ ਲੇਖਕ ਹਾਜ਼ਰ ਸਨ: ਡਾ. ਅੰਮ੍ਰਿਤਜੀਤ ਸਿੰਘ, ਡਾ. ਮਹਿੰਦਰ ਸਿੰਘ ਮਦਾਨ, ਕਰਾਮਾਤ ਉਲਾ ਗੌਰੀ, ਪ੍ਰਮਿੰਦਰ ਸਿੰਘ ਪ੍ਰਵਾਨਾ (ਪ੍ਰਬੰਧਕ), ਤਾਰਾ ਸਿੰਘ ਸਾਗਰ, ਕੁਲਦੀਪ ਸਿੰਘ ਢੀਂਡਸਾ, ਇਰੈਨੇ ਨੈਕਸੀਕਾ, ਲਾਲ ਸਿੰਘ ਭੱਟੀ (ਢੋਲੀ), ਗੁਰਚਰਨ ਸਿੰਘ ਫਲਕ, ਆਜ਼ਾਦ ਜਲੰਧਰੀ, ਹਮੀਦਾ ਚੋਪੜਾ, ਤਾਸ਼ੀ ਜਹੀਰ, ਮੁਹੰਮਦ ਅਸ਼ਰਫ ਚੌਧਰੀ, ਮੁਹੰਮਦ ਸਲੀਮ ਅਖਤਰ, ਡਾ. ਸਖਮੰਦਰ ਸਿੰਘ, ਜਸਜੀਤ ਕੌਰ, ਜਨਾਰੋ ਰੋਡਕੁਟਿਜ਼, ਮਾਇਕ ਗਰਾਵਲ, ਮੁਹੰਮਦ ਅਸ਼ਰਫ ਤੂਰ, ਡਾ. ਅਵਤਾਰ ਸਿੰਘ, ਮੁਹੰਮਦ ਸਲੀਮ, ਡਾ. ਕੁਲਬੀਰ ਥਿੰਦ, ਆਗਾ ਸਈਦ ਆਦਿ। **ਅੰਤਿਕਾ:** ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਸਤਿਕਾਰੇ ਜਾਂਦੇ ਹਨ। ਪ੍ਰਮਾਤਮਾ ਆਪ ਉਹਨਾਂ ਨੂੰ ਆਪਣੇ ਗਲ਼ ਲਾਉਂਦਾ ਹੈ। - ਅੰਗ 41-42

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call: 530-824-5134

Call: 650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust